@Qpatrika | @qaumipatrika punjabi | instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Punjabi National Daily

Qaumi Patrika NO.1

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Thursday, 3 October 2024

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਵੀਰਵਾਰ 3 ਅਕਤੂਬਰ 2024, 18 ਅੱਸੂ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 42, ਅੰਕ 328, qpatrika@gmail.com ਫੋਨ : 9971359517 www.qaumipatrika.org

## ਐੱਮ. ਵੀ. ਏ. 'ਚ ਸੀਟ ਵੰਡ 'ਤੇ ਗੱਲਬਾਤ 10 ਦਿਨਾਂ 'ਚ ਪੂਰੀ ਹੋ ਜਾਵੇਗੀ : ਪਵਾਰ

ਮਹਾਰਾਸ਼ਟਰ 2 ਅਕਤੂਬਰ। ਰਾਕਾਂਪਾ ਦੇ ਮੁਖੀ ਸ਼ਰਦ ਪਵਾਰ ਨੇ ਕਿਹਾ ਕਿ ਮਹਾਵਿਕਾਸ ਆਘਾੜੀ (ਐੱਮ. ਵੀ. ਏ.) ਆਉਂਦੀਆਂ ਮਹਾਰਾਸ਼ਟਰ ਵਿਧਾਨ ਸਭਾ ਚੋਣਾਂ ਲਈ ਸੀਟ ਵੰਡ 'ਤੇ ਆਪਣੀ ਗੱਲਬਾਤ 8 ਤੋਂ 10 ਦਿਨਾਂ 'ਚ ਪੂਰੀ ਕਰ ਲਵੇਗਾ। ਉਨ੍ਹਾਂ ਕਿਹਾ ਕਿ ਵਿਰੋਧੀ ਗੱਠਜੋੜ ਨੂੰ ਸੂਬੇ 'ਚ 'ਕਿਸੇ ਵੀ ਕੀਮਤ' 'ਤੇ ਸੱਤਾ 'ਚ ਆਉਣ



ਦੀ ਕੋਸ਼ਿਸ਼ ਕਰਨੀ ਪਵੇਗੀ। ਪਾਰਟੀ ਛੱਡਣ ਵਾਲਿਆਂ 'ਤੇ ਨਿਸ਼ਾਨਾ ਵਿੰਨ੍ਹਦਿਆਂ ਪਵਾਰ ਨੇ ਦਾਅਵਾ ਕੀਤਾ ਕਿ ਉਨ੍ਹਾਂ 'ਚੋਂ ਮੁੱਠੀ ਭਰ ਲੋਕ ਵੀ ਸੂਬੇ ਦੀਆਂ ਵਿਧਾਨ ਸਭਾ ਚੋਣਾਂ ਨਹੀਂ ਜਿੱਤ ਸਕਣਗੇ। ਰਾਕਾਂਪਾ ਪ੍ਰਧਾਨ ਨੇ ਪੁਣੇ ਦੇ ਬਾਰਾਮਤੀ ਸ਼ਹਿਰ 'ਚ ਆਪਣੇ ਪਾਰਟੀ ਵਰਕਰਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ 288 ਮੈਂਬਰੀ ਵਿਧਾਨ ਸਭਾ ਲਈ ਚੋਣਾਂ ਨਵੰਬਰ ਦੇ ਅੱਧ 'ਚ ਹੋਣ ਦੀ ਸੰਭਾਵਨਾ ਹੈ।

## ਇਸੇ ਕਾਰਜਕਾਲ 'ਚ ਲਿਆਵਾਂਗੇ 'ਇਕ ਰਾਸ਼ਟਰ-ਇਕ ਚੋਣ' ਬਿੱਲ : ਰਾਜਨਾਥ

ਭਿਵਾਨੀ, 2 ਅਕਤੂਬਰ। ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਾਂਗਰਸ ਨੂੰ ਭ੍ਰਿਸ਼ਟ ਲੋਕਾਂ ਦੀ ਪਾਰਟੀ ਦਸਦਿਆਂ ਰਾਹੁਲ ਗਾਂਧੀ 'ਤੇ ਦੇਸ ਦੀ ਸਾਖ ਨੂੰ ਵਿਦੇਸ਼ਾਂ 'ਚ ਖਰਾਬ ਕਰਨ ਦਾ ਦੋਸ ਲਾਇਆ ਹੈ। ਸੋਮਵਾਰ ਜ਼ਿਲ੍ਹੇ ਦੇ ਬੌਂਦ ਕਲਾਂ 'ਚ ਉਨ੍ਹਾਂ ਕਾਂਗਰਸ ਤੇ ਆਮ ਆਦਮੀ ਪਾਰਟੀ 'ਤੇ ਤਿੱਖੇ ਹਮਲੇ ਕੀਤੇ। ਉਨ੍ਹਾਂ ਕਿਹਾ ਕਿ ਭਾਜਪਾ ਦੀ ਕੇਂਦਰ ਸਰਕਾਰ ਇਸ ਸੰਸਦੀ ਕਾਰਜਕਾਲ ਦੌਰਾਨ 'ਇਕ ਰਾਸਟਰ-ਇਕ ਚੋਣ' ਬਿੱਲ ਲਿਆਵੇਗੀ। ਇਸ ਅਧੀਨ ਪੰਚਾਇਤਾਂ, ਨਿਗਮਾਂ ਸਮੇਤ ਸਥਾਨਕ ਅਦਾਰਿਆਂ ਦੀਆਂ ਸਾਰੀਆਂ ਚੋਣਾਂ ਨਾਲੋ-ਨਾਲ ਕਰਵਾਈਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਹਰਿਆਣਾ ਸਮੇਤ ਦੇਸ ਦੇ ਨੌਜਵਾਨਾਂ ਦੀ ਤਾਕਤ ਸਦਕਾ ਹੀ ਸਾਡੀ ਫੌਜ ਮਜਬੂਤ ਹੈ। ਉਨ੍ਹਾਂ ਕਾਂਗਰਸ 'ਤੇ ਚੁਟਕੀ ਲੈਂਦਿਆਂ ਕਿਹਾ ਕਿ ਜੇ ਭਾਜਪਾ 'ਚ ਕੋਈ ਭ੍ਰਿਸਟਾਚਾਰ ਕਰਦਾ ਹੈ ਤਾਂ ਅਸੀਂ ਸਖਤ ਕਾਰਵਾਈ ਕਰਦੇ ਹਾਂ ਪਰ ਕਾਂਗਰਸ ਭ੍ਰਿਸਟ ਪਾਰਟੀ ਹੈ।

# ਪੰਜਾਬ ਦੇ ਅਫਸਰਾਂ ਨੂੰ ਜਾਰੀ ਹੋਏ ਸਖਤ ਹੁਕਮ, ਇਕ ਹਫਤੇ ਦਾ ਦਿੱਤਾ ਗਿਆ ਸਮਾਂ

**ਸਿੰਮੀ ਕੌਰ ਬੱਬਰ**

ਚੰਡੀਗੜ੍ਹ 2 ਅਕਤੂਬਰ। ਪੰਜਾਬ ਦੇ ਪ੍ਰਸ਼ਾਸਨਿਕ ਸੁਧਾਰ ਅਤੇ ਜਨਤਕ ਸ਼ਿਕਾਇਤਾਂ ਬਾਰੇ ਮੰਤਰੀ ਅਮਨ ਅਰੋੜਾ ਨੇ ਸੂਬੇ ਦੇ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਨਾਗਰਿਕ ਸੇਵਾਵਾਂ ਦੇ ਲੰਬਿਤ ਮਾਮਲਿਆਂ ਦੇ ਨਿਪਟਾਰੇ ਲਈ ਇਕ ਹਫਤੇ ਦਾ ਸਮਾਂ ਦਿੱਤਾ ਹੈ ਤਾਂ ਜੋ ਦੇਸ਼ ਭਰ ਵਿਚ ਪੰਜਾਬ ਦਾ ਸਿਖਰਲਾ ਸਥਾਨ ਬਰਕਰਾਰ ਰੱਖਿਆ ਜਾ ਸਕੇ। ਜ਼ਿਕਰਯੋਗ ਹੈ ਕਿ ਪੰਜਾਬ ਨੇ ਹਾਲ ਹੀ ਵਿਚ ਦੇਸ ਭਰ ਵਿਚ ਸ਼ਿਕਾਇਤ ਨਿਵਾਰਣ ਰੈਂਕਿੰਗ ਵਿਚ ਸਿਖਰਲਾ ਸਥਾਨ ਹਾਸਲ ਕੀਤਾ ਸੀ। ਇਹ ਰੈਂਕਿੰਗ ਭਾਰਤ ਸਰਕਾਰ ਵੱਲੋਂ ਸੂਬਿਆਂ ਅਤੇ ਕੇਂਦਰ ਸਾਸਿਤ ਪ੍ਰਦੇਸਾਂ ਦਰਮਿਆਨ ਤੁਲਨਾਤਮਕ ਮੁਲਾਂਕਣ ਲਈ ਤਿਆਰ ਕੀਤੀ ਸ਼ਿਕਾਇਤ ਨਿਵਾਰਣ ਇੰਡੈਕਸ ਦੇ ਆਧਾਰ 'ਤੇ ਦਿੱਤੀ ਗਈ ਸੀ। ਇੱਥੇ ਮਗਸੀਪਾ ਵਿਖੇ ਪ੍ਰਸਾਸਨਿਕ ਸੁਧਾਰ ਅਤੇ ਜਨਤਕ ਸ਼ਿਕਾਇਤਾਂ ਵਿਭਾਗ ਦੇ ਚੱਲ ਰਹੇ ਪ੍ਰਾਜੈਕਟਾਂ ਦੀ ਸਮੀਖਿਆ ਲਈ ਬੁਲਾਈ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਅਮਨ ਅਰੋੜਾ ਨੇ ਦੱਸਿਆ ਕਿ ਸਾਰੇ ਜ਼ਿਲ੍ਹਿਆਂ ਵਿਚ ਨਾਗਰਿਕ ਸੇਵਾਵਾਂ ਦੇ ਲੰਬਿਤ ਮਾਮਲਿਆਂ ਦੀ ਗਿਣਤੀ ਮਹਿਜ 0.19 ਫ਼ੀਸਦੀ ਤੋਂ ਵੀ ਘੱਟ ਹੈ ਪਰ ਇਸ ਵਿਚ ਹੋਰ ਸੁਧਾਰ ਕੀਤਾ ਜਾ ਸਕਦਾ ਹੈ। ਉਨ੍ਹਾਂ ਨੇ ਡਿਪਟੀ ਕਮਿਸ਼ਨਰਾਂ ਨੂੰ ਨਾਗਰਿਕ ਸੇਵਾਵਾਂ ਦੀ



ਡਿਲਿਵਰੀ ਵਿਚ ਦੇਰੀ ਕਰਨ ਵਾਲੇ ਅਧਿਕਾਰੀਆਂ ਤੇ ਸਟਾਫ ਦੀ ਪਛਾਣ ਕਰਨ ਅਤੇ ਰੁਕਾਵਟ ਪਾਉਣ ਵਾਲਿਆਂ ਦੀ ਜਵਾਬਦੇਹੀ ਤੈਅ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਨਾਲ ਹੀ ਕਿਹਾ ਕਿ ਬਿਹਤਰੀਨ ਕਾਰਗੁਜ਼ਾਰੀ ਵਾਲੇ ਅਧਿਕਾਰੀਆਂ ਤੇ ਸਟਾਫ ਨੂੰ ਉਨ੍ਹਾਂ ਦੇ ਯਤਨਾਂ ਲਈ ਮਾਨਤਾ ਦਿੱਤੀ ਜਾਣੀ ਚਾਹੀਦੀ ਹੈ ਅਤੇ ਉਨ੍ਹਾਂ ਦੀ ਸਲਾਘਾ ਕੀਤੀ ਜਾਣੀ ਚਾਹੀਦੀ ਹੈ। ਇਸ ਦੌਰਾਨ ਪ੍ਰਸਾਸਨਿਕ ਸੁਧਾਰ ਮੰਤਰੀ ਨੇ "ਭਗਵੰਤ ਮਾਨ ਸਰਕਾਰ, ਤੁਹਾਡੇ ਦੁਆਰ" ਸਕੀਮ ਦਾ ਵੀ ਜਾਇਜਾ ਲਿਆ, ਜਿਸ ਤਹਿਤ ਸੂਬੇ ਦੇ ਵਸਨੀਕ ਆਪਣੇ ਘਰ ਬੈਠੇ ਹੈਲਪਲਾਈਨ ਨੰਬਰ 1076 ਡਾਇਲ ਕਰਕੇ 43 ਸਰਕਾਰੀ ਸੇਵਾਵਾਂ ਪ੍ਰਾਪਤ ਕਰ ਸਕਦੇ ਹਨ। ਉਨ੍ਹਾਂ ਨੇ ਸਬੰਧਤ ਅਧਿਕਾਰੀਆਂ ਨੂੰ ਇਸ ਪ੍ਰਮੁੱਖ ਸਕੀਮ ਬਾਰੇ ਵੱਧ ਤੋਂ ਵੱਧ ਜਾਗਰੂਕਤਾ ਫੈਲਾਉਣ ਲਈ ਹਰ ਸੰਭਵ ਯਤਨ ਕਰਨ ਦੀ ਹਦਾਇਤ ਕੀਤੀ ਤਾਂ ਜੋ ਸੂਬੇ ਦੇ ਨਾਗਰਿਕ ਇਸ ਦਾ ਵੱਧ ਤੋਂ ਵੱਧ ਲਾਭ ਲੈ ਸਕਣ। ਨਾਗਰਿਕ ਸੇਵਾਵਾਂ ਦੀ ਡਲਿਵਰੀ ਦੇ ਲੰਬਿਤ ਮਾਮਲਿਆਂ ਦੀ ਘੱਟ ਤੋਂ ਘੱਟ ਗਿਣਤੀ ਬਰਕਰਾਰ ਰੱਖਣ ਵਾਲੇ ਡਿਪਟੀ ਕਮਿਸਨਰਾਂ ਦੇ ਯਤਨਾਂ ਦੀ ਸਲਾਘਾ ਕਰਦਿਆਂ ਅਮਨ ਅਰੋੜਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨਾਗਰਿਕਾਂ ਨੂੰ ਸਮਾਂਬੱਧ ਢੰਗ ਨਾਲ ਅਤੇ ਬਿਨਾਂ ਕਿਸੇ ਦੇਰੀ ਤੋਂ ਸੇਵਾਵਾਂ ਪ੍ਰਦਾਨ ਕਰਨ ਲਈ ਵਚਨਬੱਧ ਹੈ।

## ਤਿਰੂਪਤੀ ਲੱਡੂ ਵਿਵਾਦ : ਆਂਧਰਾ ਪ੍ਰਦੇਸ਼ ਨੇ ਰੋਕੀ ਐੱਸਆਈਟੀ ਜਾਂਚ

ਵਿਜੇਵਾੜਾ 2 ਅਕਤੂਬਰ। ਆਂਧਰਾ ਪ੍ਰਦੇਸ ਸਰਕਾਰ ਨੇ ਤਿਰੂਪਤੀ ਲੱਡੂ ਬਣਾਉਣ ਵਿਚ ਵਰਤੇ ਜਾਣ ਵਾਲੇ ਘਿਓ ਵਿਚ ਕਥਿਤ ਮਿਲਾਵਟ ਦੀ ਵਿਸੇਸ ਜਾਂਚ ਟੀਮ (ਐੱਸਆਈਟੀ) ਦੀ ਜਾਂਚ ਨੂੰ 3 ਅਕਤੂਬਰ ਨੂੰ ਸੁਪਰੀਮ ਕੋਰਟ ਦੀ ਅਗਲੀ ਸੁਣਵਾਈ ਤੱਕ ਟਾਲ ਦਿੱਤਾ ਹੈ। ਆਂਧਰਾ ਪੁਲਸ ਦੇ ਚੋਟੀ ਦੇ ਅਧਿਕਾਰੀ ਦਵਾਰਕਾ ਤਿਰੁਮਾਲਾ ਰਾਓ ਨੇ ਕਿਹਾ ਕਿ ਇਹ ਫੈਸਲਾ ਜਾਂਚ ਦੀ ਇਮਾਨਦਾਰੀ ਨੂੰ ਯਕੀਨੀ ਬਣਾਉਣ ਲਈ "ਸਾਵਧਾਨੀ ਉਪਾਅ" ਵਜੋਂ ਲਿਆ ਗਿਆ ਹੈ। ਉਨ੍ਹਾਂ ਕਿਹਾ, "ਸੁਪਰੀਮ ਕੋਰਟ ਵਿਚ ਚੱਲ ਰਹੀ ਸੁਣਵਾਈ ਦੇ ਮੱਦੇਨਜਰ ਅਸੀਂ ਫਿਲਹਾਲ ਜਾਂਚ ਰੋਕ ਦਿੱਤੀ ਹੈ। ਸਾਡੀ ਟੀਮ ਨੇ ਕਈ ਥਾਵਾਂ ਦਾ ਨਿਰੀਖਣ ਕੀਤਾ ਹੈ, ਕੁਝ ਲੋਕਾਂ ਦੇ ਬਿਆਨ ਦਰਜ ਕੀਤੇ ਹਨ ਅਤੇ ਮਾਮਲੇ ਦੀ ਮੁੱਢਲੀ ਜਾਂਚ ਕੀਤੀ ਹੈ।" ਸੋਮਵਾਰ ਨੂੰ ਐੱਸਆਈਟੀ ਨੇ ਤਿਰੁਮਾਲਾ ਵਿਚ ਆਟਾ ਚੱਕੀ ਦਾ ਨਿਰੀਖਣ ਕੀਤਾ, ਜਿੱਥੇ ਲੱਡੂ ਬਣਾਉਣ ਵਿਚ ਵਰਤੇ ਜਾਣ ਤੋਂ ਪਹਿਲਾਂ ਘਿਓ ਨੂੰ ਸਟੋਰ ਕੀਤਾ ਜਾਂਦਾ ਹੈ, ਜੋ ਹਰ ਸਾਲ ਪਹਾੜੀ ਮੰਦਰ ਵਿਚ ਆਉਣ ਵਾਲੇ ਲੱਖਾਂ ਸਰਧਾਲੂਆਂ ਨੂੰ ਪ੍ਰਸ਼ਾਦ ਵਜੋਂ ਵੰਡਿਆ ਜਾਂਦਾ ਹੈ। ਦੱਸਣਯੋਗ ਹੈ ਕਿ ਚੰਦਰਬਾਬੂ ਨਾਇਡੂ ਨੇ ਲੈਬ ਟੈਸਟ ਦੀ ਰਿਪੋਰਟ ਦਾ ਹਵਾਲਾ ਦਿੰਦੇ ਹੋਏ ਦੋਸ ਲਗਾਇਆ ਹੈ ਕਿ ਤਿਰੁਮਾਲਾ ਤਿਰੂਪਤੀ ਵੈਂਕਟੇਸਵਰ ਸਵਾਮੀ ਬਾਲਾਜੀ ਮੰਦਰ ਦੇ ਪ੍ਰਸ਼ਾਦ 'ਚ ਕਥਿਤ ਤੌਰ 'ਤੇ ਸੁੱਧ ਦੇਸੀ ਘਿਓ 'ਚ ਪਸ਼ੂਆਂ ਦੇ ਮਾਸ ਅਤੇ ਹੋਰ ਸੜੇ ਪਦਾਰਥਾਂ ਦੀ ਮਿਲਾਵਟ ਕੀਤੀ ਗਈ ਹੈ ਜਦੋਂਕਿ ਤਿਰੁਮਾਲਾ ਤਿਰੂਪਤੀ ਦੇਵਸਥਾਨਮ ਟਰੱਸਟ ਦੇ ਸਾਬਕਾ ਚੇਅਰਮੈਨ ਅਤੇ ਰਾਜ ਸਭਾ ਮੈਂਬਰ ਵਾਈਵੀ ਸੁੱਬਾ ਰੈੱਡੀ ਨੇ ਆਪਣੀ ਪਟੀਸਨ ਵਿਚ ਸੁਪਰੀਮ ਕੋਰਟ ਦੇ ਸੇਵਾਮੁਕਤ ਜੱਜ ਦੀ ਅਗਵਾਈ ਵਿਚ ਇਕ ਸੁਤੰਤਰ ਜਾਂਚ ਕਮੇਟੀ (ਐੱਸਆਈਟੀ) ਬਣਾ ਕੇ ਇਨ੍ਹਾਂ ਦੋਸਾਂ ਦੀ ਜਾਂਚ ਕਰਨ ਦੀ ਮੰਗ ਕੀਤੀ ਸੀ।

# ਸਿੰਘੂ ਬਾਰਡਰ 'ਤੇ ਨਾਕਾਬੰਦੀ ਹਟਾਉਣ ਸਬੰਧੀ ਜਨਹਿੱਤ ਪਟੀਸ਼ਨ, ਅਦਾਲਤ ਨੇ ਦਿੱਤਾ ਹੁਕਮ

ਨਵੀਂ ਦਿੱਲੀ 2 ਅਕਤੂਬਰ। ਦਿੱਲੀ ਹਾਈ ਕੋਰਟ ਨੇ ਉਸ ਜਨਹਿੱਤ ਪਟੀਸਨ 'ਤੇ ਵਿਚਾਰ ਕਰਨ ਤੋਂ ਇਨਕਾਰ ਕਰ ਦਿੱਤਾ ਜਿਸ ਵਿਚ ਸਿੰਘੂ ਸਰਹੱਦ 'ਤੇ ਨਾਕਾਬੰਦੀ ਹਟਾਉਣ ਦੀ ਬੇਨਤੀ ਕੀਤੀ ਗਈ ਸੀ। ਅਦਾਲਤ ਨੇ ਪਟੀਸਨਰਾਂ ਨੂੰ ਪ੍ਰਤੀਨਿਧਤਾ ਦਾਇਰ ਕਰਕੇ ਆਪਣੀ ਸ਼ਿਕਾਇਤ ਦੇ ਨਾਲ ਦਿੱਲੀ ਪੁਲਸ ਨਾਲ ਸੰਪਰਕ ਕਰਨ ਲਈ ਕਿਹਾ। ਪਟੀਸਨਕਰਤਾਵਾਂ ਦੇ ਵਕੀਲ ਨੇ ਕਿਹਾ ਕਿ ਭਾਵੇਂ ਦਿੱਲੀ-ਹਰਿਆਣਾ ਸਰਹੱਦ 'ਤੇ ਕੋਈ ਧਰਨਾਕਾਰੀ ਕਿਸਾਨ ਨਹੀਂ ਹਨ, ਫਿਰ ਵੀ ਸਿੰਘੂ ਬਾਰਡਰ 'ਤੇ ਬੈਰੀਕੇਡਿੰਗ ਹੈ, ਜਿਸ ਕਾਰਨ ਲੋਕਾਂ ਨੂੰ ਪਰੇਸਾਨੀ ਹੋ ਰਹੀ ਹੈ। ਚੀਫ ਜਸਟਿਸ ਮਨਮੋਹਨ ਤੇ ਜਸਟਿਸ ਤੁਸਾਰ ਰਾਓ ਗੇਡੇਲਾ ਦੀ ਬੈਂਚ ਨੇ ਕਿਹਾ ਕਿ ਇਸ ਮੁੱਦੇ 'ਤੇ ਸਬੰਧਤ ਅਧਿਕਾਰੀਆਂ ਨੂੰ ਵਿਚਾਰ ਕਰਨਾ ਚਾਹੀਦਾ ਹੈ ਨਾ ਕਿ ਅਦਾਲਤ ਨੂੰ। ਬੈਂਚ ਨੇ ਪਟੀਸਨਕਰਤਾਵਾਂ ਨੂੰ ਪਹਿਲਾਂ ਦਿੱਲੀ ਪੁਲਸ ਨੂੰ ਪ੍ਰਤੀਨਿਧਤਾ ਪੇਸ ਕਰਨ ਦਾ ਨਿਰਦੇਸ ਦਿੰਦੇ ਹੋਏ ਕਿਹਾ ਕਿ ਇਸ ਬਾਰੇ ਜਲਦੀ ਹੀ ਫੈਸਲਾ ਲਿਆ ਜਾਵੇਗਾ। ਪਟੀਸਨ 'ਚ ਤਿੰਨੋਂ ਪਟੀਸਨਰਾਂ ਨੇ ਕਿਹਾ ਕਿ ਉਹ ਲੋਕ ਭਲਾਈ ਦੇ ਹੱਕ ਵਿਚ ਹਨ। ਪਟੀਸਨਰਾਂ ਨੇ ਕਿਹਾ ਕਿ ਪਿਛਲੇ 7 ਮਹੀਨਿਆਂ ਤੋਂ ਵੱਧ ਸਮੇਂ ਤੋਂ ਨੈਸਨਲ ਹਾਈਵੇ-44 'ਤੇ ਸਿੰਘੂ ਬਾਰਡਰ 'ਤੇ ਵੱਡੇ ਪੱਧਰ 'ਤੇ ਜਾਮ ਕੀਤਾ ਹੋਇਆ ਹੈ, ਜਿਸ ਕਾਰਨ ਇਲਾਕੇ 'ਚ ਟ੍ਰੈਫਿਕ ਜਾਮ ਹੋਣ ਕਾਰਨ ਲੋਕਾਂ ਨੂੰ ਪਰੇਸਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸੰਵਿਧਾਨ ਦੇ ਤਹਿਤ ਅਜਾਦ ਆਵਾਜਾਈ ਦੇ ਅਧਿਕਾਰ 'ਤੇ ਜੋਰ ਦਿੰਦੇ ਹੋਏ ਪਟੀਸਨ 'ਚ ਕਿਹਾ ਗਿਆ ਹੈ ਕਿ ਹਰਿਆਣਾ ਤੋਂ ਬਹੁਤ ਸਾਰੇ ਲੋਕ ਆਪਣੇ ਇਲਾਜ ਲਈ ਦਿੱਲੀ ਜਾਂਦੇ ਹਨ, ਪਰ ਹੁਣ ਉਨ੍ਹਾਂ ਨੂੰ ਮੁਸਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜਨਹਿਤ ਪਟੀਸਨ 'ਚ ਕਿਹਾ ਗਿਆ ਹੈ ਕਿ ਜਵਾਬ ਦੇਣ ਵਾਲਿਆਂ (ਦਿੱਲੀ ਸਰਕਾਰ ਅਤੇ ਕੇਂਦਰ) ਨੇ ਹਾਈਵੇਅ ਸੜਕ ਉੱਤੇ ਵਿਆਪਕ ਰੁਕਾਵਟਾਂ ਅਤੇ ਬੈਰੀਕੇਡ ਲਗਾ ਕੇ ਅਤੇ ਉਹ ਵੀ ਸੁਰੱਖਿਅਤ ਅਤੇ ਪਹੁੰਚਯੋਗ ਤਰੀਕੇ ਨਾਲ, ਹਰਿਆਣਾ ਨੂੰ ਦਿੱਲੀ ਨਾਲ ਜੋੜਨ ਵਾਲੇ ਸਿੰਘੂ ਬਾਰਡਰ ਉੱਤੇ ਹਾਈਵੇਅ ਰੋਡ ਨੂੰ ਬੰਦ ਕਰ ਦਿੱਤਾ ਹੈ ਤੇ ਉਹ ਵੀ ਰੂਟ ਲਈ ਕੋਈ ਬਦਲਵਾਂ ਰਸਤਾ ਜਾਂ ਸਹੂਲਤ ਪ੍ਰਦਾਨ ਕੀਤੇ ਬਿਨਾਂ। ਇਸ ਸਭ ਦੇ ਕਾਰਨ ਦਿੱਲੀ ਤੋਂ ਹਰਿਆਣਾ ਜਾਂ ਹਰਿਆਣਾ ਤੋਂ ਦਿੱਲੀ ਜਾਣ ਵਾਲੇ ਲੋਕਾਂ ਨੂੰ ਹੋਰਾਂ ਸੜਕਾਂ ਦੀ ਵਰਤੋਂ ਕਰਨੀ ਪੈਂਦੀ ਹੈ, ਜੋ ਨੇੜਲੇ ਪਿੰਡਾਂ ਵਿੱਚੋਂ ਲੰਘਦੀਆਂ ਹਨ। ਇਸ ਵਿੱਚ ਕਿਹਾ ਗਿਆ ਹੈ ਕਿ ਸੱਤ ਮਹੀਨੇ ਤੋਂ ਵੱਧ ਸਮਾਂ ਬੀਤ ਜਾਣ ਦੇ ਬਾਅਦ ਵੀ, ਜਦੋਂ ਸਿੰਘੂ ਬਾਰਡਰ 'ਤੇ ਇਕ ਵੀ ਕਿਸਾਨ ਵਿਰੋਧ ਨਹੀਂ ਕਰ ਰਿਹਾ, ਦੂਜੀ ਧਿਰ ਨੇ ਸਿੰਘੂ ਬਾਰਡਰ 'ਤੇ ਸੜਕ ਨੂੰ ਜਾਮ ਕਰ ਦਿੱਤਾ ਹੈ, ਜਿਸ ਨਾਲ ਵੱਡੇ ਪੈਮਾਨੇ 'ਤੇ ਆਵਾਜਾਈ ਜਾਮ ਹੋ ਰਹੀ ਹੈ, ਜਿਸ ਨਾਲ ਆਮ ਜਨਤਾ ਨੂੰ ਕਾਫੀ ਅਸੁਵਿਧਾ ਹੋ ਰਹੀ ਹੈ।

# ਸੰਵਿਧਾਨ ਬਦਲਣ ਦੀ ਗੱਲ ਕਰਨ ਵਾਲਿਆਂ ਨੂੰ ਬਦਲ ਦਿਓ : ਪ੍ਰਿਯੰਕਾ ਗਾਂਧੀ

**ਤੇਜਿੰਦਰ ਕੌਰ ਬੱਬਰ**

ਅੰਬਾਲਾ 2 ਅਕਤੂਬਰ। ਕਾਂਗਰਸ ਦੀ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਵਾਡਰਾ ਨੇ ਹਰਿਆਣਾ ਦੀ ਭਾਰਤੀ ਜਨਤਾ ਪਾਰਟੀ ਸਰਕਾਰ 'ਤੇ ਨਿਸਾਨਾ ਸਾਧਦੇ ਹੋਏ ਕਿਹਾ ਕਿ ਸੂਬੇ ਦੇ ਲੋਕਾਂ ਨੂੰ ਉਨ੍ਹਾਂ ਲੋਕਾਂ ਨੂੰ ਬਦਲਣਾ ਚਾਹੀਦਾ ਹੈ ਜੋ ਸੰਵਿਧਾਨ ਨੂੰ 'ਬਦਲਣ' ਦੀ ਗੱਲ ਕਰਦੇ ਹਨ ਅਤੇ ਹਰ ਵਾਰ ਉਸ ਦਾ 'ਅਪਮਾਨ' ਕਰਦੇ ਹਨ। ਹਰਿਆਣਾ ਵਿਧਾਨ ਸਭਾ ਚੋਣਾਂ ਲਈ ਆਪਣੀ ਪਹਿਲੀ ਚੋਣ ਰੈਲੀ 'ਚ ਉਨ੍ਹਾਂ ਇਹ ਵੀ ਕਿਹਾ ਕਿ ਸੂਬੇ ਦੇ ਲੋਕਾਂ ਨੇ ਹਮੇਸਾ ਦੇਸ ਦੀ ਰਾਖੀ ਕੀਤੀ ਹੈ। ਉਨ੍ਹਾਂ ਕਿਹਾ,"ਕਿਸਾਨਾਂ, ਫੌਜੀਆਂ ਅਤੇ ਖਿਡਾਰੀਆਂ ਨੇ ਦੇਸ ਦਾ ਸਨਮਾਨ ਬਰਕਰਾਰ ਰੱਖਿਆ ਹੈ।" ਉਨ੍ਹਾਂ ਕਿਹਾ,"ਹਰਿਆਣਾ 'ਚ ਪਿਛਲੇ 10 ਸਾਲਾਂ ਤੋਂ ਭਾਜਪਾ ਦੀ ਸਰਕਾਰ ਹੈ। ਇਸ ਸਨਮਾਨ ਦੀ ਰਾਖੀ ਦੇ ਬਦਲੇ ਉਸ ਨੇ ਤੁਹਾਨੂੰ ਕੀ ਦਿੱਤਾ? ਉਨ੍ਹਾਂ (ਭਾਜਪਾ ਸਰਕਾਰ) ਨੇ ਹਰ ਪੱਧਰ 'ਤੇ ਤੁਹਾਡੀ ਬੇਇੱਜਤੀ ਕੀਤੀ ਹੈ।" ਉਨ੍ਹਾਂ ਨੇ ਸਭਾ 'ਚ ਮੌਜੂਦ ਲੋਕਾਂ ਨੂੰ ਕਿਹਾ,"ਇੱਥੇ ਬਹੁਤ ਜ਼ਿਆਦਾ ਬੇਰੁਜਗਾਰੀ ਹੈ। ਤੁਹਾਡੇ 'ਚੋਂ ਕਿੰਨਿਆਂ ਨੂੰ ਰੁਜਗਾਰ ਮਿਲਿਆ?" ਕਿਸਾਨਾਂ ਦੇ ਮੁੱਦਿਆਂ 'ਤੇ ਭਾਜਪਾ ਸਰਕਾਰ 'ਤੇ ਹਮਲਾ ਕਰਦਿਆਂ ਉਨ੍ਹਾਂ ਕਿਹਾ,"ਤੁਸੀਂ ਉਨ੍ਹਾਂ ਖ਼ਿਲਾਫ ਵਿਰੋਧ ਪ੍ਰਦਰਸ਼ਨ ਕੀਤਾ ਅਤੇ ਤੁਹਾਨੂੰ ਹੰਝੂ ਗੈਸ ਦੇ



ਗੋਲੇ ਅਤੇ ਲਾਠੀਆਂ ਮਿਲੀਆਂ। ਤੁਹਾਡੀ ਗੱਲ ਨਹੀਂ ਸੁਣੀ ਗਈ।" ਪ੍ਰਿਯੰਕਾ ਗਾਂਧੀ ਨੇ 24 ਫਸਲਾਂ 'ਤੇ ਘੱਟੋ-ਘੱਟ ਸਮਰਥਨ ਮੁੱਲ (ਐੱਮ.ਐੱਸ.ਪੀ.) ਦੇਣ ਦੇ ਭਾਜਪਾ ਸਰਕਾਰ ਦੇ ਦਾਅਵੇ 'ਤੇ ਤੰਜ ਕੱਸਦੇ ਹੋਏ ਉਨ੍ਹਾਂ ਕਿਹਾ ਕਿ ਉਨ੍ਹਾਂ 24 'ਚੋਂ 10 ਫਸਲਾਂ ਇੱਥੇ ਨਹੀਂ ਉਗਾਈਆਂ ਜਾਂਦੀਆਂ ਹਨ। ਉਨ੍ਹਾਂ ਦੋਸ਼ ਲਗਾਇਆ,"ਤੁਹਾਨੂੰ ਧੋਖਾ ਦਿੱਤਾ ਗਿਆ।" ਕਾਂਗਰਸ ਜਨਰਲ ਸਕੱਤਰ ਨੇ ਕਿਹਾ ਕਿ ਲੋਕ ਮਹਿੰਗਾਈ ਨਾਲ ਲੜ ਰਹੇ ਹਨ ਅਤੇ ਸੰਘਰਸ਼ ਕਰ ਰਹੇ ਹਨ। ਉਨ੍ਹਾਂ ਕਿਹਾ,"ਸਰਕਾਰ ਤੁਹਾਡੇ ਲਈ ਕੁਝ ਨਹੀਂ ਕਰ ਰਹੀ ਹੈ। ਜਿੱਥੇ ਵੀ ਦੇਖੋ, ਤੁਸੀਂ ਘਪਲੇ ਹੀ ਘਪਲੇ ਦੇਖਣ ਨੂੰ ਮਿਲਦੇ ਹਨ। ਅੱਜ ਤੁਹਾਡਾ ਭਵਿੱਖ ਕੀ ਹੈ।" ਉਨ੍ਹਾਂ ਕਿਹਾ,"ਜੇਕਰ ਤੁਸੀਂ ਨਿਆਂ ਚਾਹੁੰਦੇ ਹੋ ਤਾਂ ਇਸ ਸਰਕਾਰ ਨੂੰ ਉਖਾੜ ਸੁੱਟੋ। ਇਸ ਸਰਕਾਰ ਨੂੰ ਹਟਾ ਦਿਓ। ਤੁਹਾਨੂੰ ਇਸ ਸਰਕਾਰ ਤੋਂ ਕੁਝ ਨਹੀਂ ਮਿਲਿਆ।" ਪ੍ਰਿਯੰਕਾ ਗਾਂਧੀ ਨੇ ਕਿਹਾ,"ਸੰਵਿਧਾਨ ਨੇ ਤੁਹਾਨੂੰ ਸਨਮਾਨ ਦਿੱਤਾ ਹੈ। ਸੰਵਿਧਾਨ ਨੇ ਤੁਹਾਨੂੰ ਅਧਿਕਾਰ ਦਿੱਤਾ ਹੈ। ਤੁਸੀਂ ਉਨ੍ਹਾਂ ਲੋਕਾਂ ਨੂੰ ਬਦਲ ਦਿਓ, ਜੋ ਸੰਵਿਧਾਨ ਬਦਲਣ ਦੀ ਗੱਲ ਕਰਦੇ ਹਨ।" ਉਨ੍ਹਾਂ ਦਾਅਵਾ ਕੀਤਾ,"ਭਾਜਪਾ (ਸੱਤਾ ਤੋਂ) ਜਾ ਰਹੀ ਹੈ, ਕਾਂਗਰਸ ਆ ਰਹੀ ਹੈ।" ਹਰਿਆਣਾ ਦੀਆਂ 90 ਵਿਧਾਨ ਸਭਾ ਸੀਟਾਂ ਲਈ ਵੋਟਿੰਗ 5 ਅਕਤੂਬਰ ਨੂੰ ਹੈ ਅਤੇ ਵੋਟਾਂ ਦੀ ਗਿਣਤੀ 8 ਅਕਤੂਬਰ ਨੂੰ ਹੋਵੇਗੀ।

## ਰਾਮ ਰਹੀਮ ਨੂੰ ਨਿਯਮਾਂ ਮੁਤਾਬਕ ਮਿਲੀ ਹੈ ਪੈਰੋਲ : ਅਨਿਲ ਵਿਜ

ਅੰਬਾਲਾ 2 ਅਕਤੂਬਰ। ਜਿਨਸੀ ਸ਼ੋਸ਼ਣ ਅਤੇ ਕਤਲ ਦੇ ਦੋਸ਼ 'ਚ ਸਜਾ ਭੁਗਤ ਰਹੇ ਹਰਿਆਣਾ ਦੇ ਸਿਰਸਾ ਡੇਰਾ ਸੱਚਾ ਸੌਦਾ ਮੁਖੀ ਗੁਰਮੀਤ ਸਿੰਘ ਰਾਮ ਰਹੀਮ ਨੂੰ ਹਰਿਆਣਾ ਵਿਧਾਨ ਸਭਾ ਚੋਣਾਂ ਤੋਂ ਪਹਿਲੇ 20 ਦਿਨ ਦੀ ਪੈਰੋਲ ਮਿਲ ਗਈ ਹੈ। ਜਿਸ 'ਤੇ ਭਾਜਪਾ ਦੇ ਸੀਨੀਅਰ ਨੇਤਾ ਅਨਿਲ ਵਿਜ ਨੇ ਮੰਗਲਵਾਰ ਨੂੰ ਕਿਹਾ ਕਿ ਰਾਮ ਰਹੀਮ ਨੂੰ ਪੈਰੋਲ ਨਿਯਮਾਂ ਅਨੁਸਾਰ ਹੀ ਦਿੱਤੀ ਗਈ ਹੋਵੇਗੀ। ਵਿਜ ਨੇ ਕਿਹਾ ਕਿ ਪੈਰੋਲ ਦੇ ਨਿਯਮ ਹਨ ਅਤੇ ਨਿਯਮਾਂ ਅਨੁਸਾਰ ਹੀ ਪੈਰੋਲ ਦਿੱਤਾ ਹੋਵੇਗਾ। ਉਨ੍ਹਾਂ ਕਿਹਾ ਕਿ ਜੇਕਰ ਵਿਰੋਧੀ ਧਿਰ ਇਸ ਸੰਬੰਧ 'ਚ ਸਵਾਲ ਚੁੱਕ ਰਿਹਾ ਹੈ ਤਾਂ ਉਹ ਨਿਯਮਾਂ ਨੂੰ ਬਦਲਵਾ ਦੇਣ। ਸਾਬਕਾ ਮੰਤਰੀ ਵਿਜ ਨੇ ਕਿਹਾ ਕਿ ਗੁਰਮੀਤ ਸਿੰਘ ਨੂੰ ਚੋਣ ਕਮਿਸ਼ਨ ਨੇ 20 ਦਿਨ ਦੀ ਸ਼ਰਤੀਆ ਪੈਰੋਲ ਦਿੱਤੀ ਹੈ, ਜਿਸ ਦੇ ਅਧੀਨ ਉਹ ਹਰਿਆਣਾ 'ਚ ਕਦਮ ਨਹੀਂ ਰੱਖ ਸਕਦਾ ਅਤੇ ਨਿੱਜੀ ਜਾਂ ਸੋਸ਼ਲ ਮੀਡੀਆ ਦੇ ਮਾਧਿਅਮ ਨਾਲ ਰਾਜਨੀਤਕ ਗਤੀਵਿਧੀ 'ਚ ਸ਼ਾਮਲ ਨਹੀਂ ਹੋ ਸਕਦਾ। ਜੇਕਰ ਰਾਮ ਰਹੀਮ ਸ਼ਰਤਾਂ ਦੀ ਉਲੰਘਣਾ ਕਰੇਗਾ ਤਾਂ ਉਸੇ ਸਮੇਂ ਪੈਰੋਲ ਰੱਦ ਕੀਤੀ ਜਾ ਸਕਦੀ ਹੈ। ਜ਼ਿਕਰਯੋਗ ਹੈ ਕਿ ਗੁਰਮੀਤ ਸਿੰਘ ਨੂੰ ਪਿਛਲੇ



ਮਹੀਨੇ ਹੀ 20 ਦਿਨ ਲਈ ਪੈਰੋਲ 'ਤੇ ਜੇਲ੍ਹ ਤੋਂ ਰਿਹਾਅ ਕੀਤਾ ਗਿਆ ਸੀ। ਇਸ ਵਾਰ ਸਰਕਾਰ ਨੇ ਫਾਈਲ ਚੋਣ ਕਮਿਸ਼ਨ ਨੂੰ ਭੇਜੀ, ਜਿਸ ਤੋਂ ਬਾਅਦ ਚੋਣ ਕਮਿਸ਼ਨ ਨੇ ਸ਼ਰਤੀਆ ਪੈਰੋਲ ਮਨਜ਼ੂਰ ਕੀਤਾ।

## ਮੁਡਾ ਘੋਟਾਲਾ ਮਾਮਲੇ 'ਚ ਵਧੀਆਂ ਸਿੱਧਰਮਈਆ ਦੀਆਂ ਮੁਸ਼ਕਿਲਾਂ

ਨੈਸ਼ਨਲ ਡੈਸਕ 2 ਅਕਤੂਬਰ। ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਕਰਨਾਟਕ ਦੇ ਮੁੱਖ ਮੰਤਰੀ ਸਿੱਧਰਮਈਆ ਅਤੇ ਕੁਝ ਹੋਰਾਂ ਵਿਰੁੱਧ ਮੈਸੂਰ ਸਹਿਰੀ ਵਿਕਾਸ ਅਥਾਰਟੀ (ਮੁਡਾ) ਨਾਲ ਸਬੰਧਤ ਮਨੀ ਲਾਂਡਰਿੰਗ ਮਾਮਲੇ ਵਿੱਚ ਕੇਸ ਦਰਜ ਕੀਤਾ ਹੈ। ਅਧਿਕਾਰਤ ਸੂਤਰਾਂ ਨੇ ਦੱਸਿਆ ਕਿ ਹਾਲ ਹੀ ਵਿੱਚ, ਰਾਜ ਲੋਕਾਯੁਕਤ ਦੀ ਐੱਫ.ਆਈ.ਆਰ. ਦਾ ਨੋਟਿਸ ਲੈਂਦਿਆਂ, ਈ.ਡੀ. ਨੇ ਮੁੱਖ ਮੰਤਰੀ ਅਤੇ ਹੋਰਾਂ ਵਿਰੁੱਧ ਕੇਸ ਦਰਜ ਕਰਨ ਲਈ ਇੱਕ ਇਨਫੋਰਸਮੈਂਟ ਕੇਸ ਸੂਚਨਾ ਰਿਪੋਰਟ (ਈ.ਸੀ.ਆਈ.ਆਰ.) ਦਾਇਰ ਕੀਤੀ ਹੈ। ਮੈਸੂਰ ਸਥਿਤ ਲੋਕਾਯੁਕਤ ਪੁਲਿਸ ਸੰਸਥਾਨ ਦੁਆਰਾ 27 ਸਤੰਬਰ ਨੂੰ ਦਰਜ ਕਰਵਾਈ ਗਈ ਐੱਫ.ਆਈ.ਆਰ. ਵਿੱਚ ਸਿੱਧਰਮਈਆ, ਉਸਦੀ ਪਤਨੀ ਬੀ.ਐੱਮ. ਪਾਰਵਤੀ, ਉਸਦੇ ਜੀਜਾ ਮੱਲਿਕਾਰਜੁਨ ਸਵਾਮੀ ਅਤੇ ਦੇਵਰਾਜੂ (ਜਿਸ ਤੋਂ ਸਵਾਮੀ ਨੇ ਜਮੀਨ ਖਰੀਦੀ ਸੀ ਅਤੇ ਪਾਰਵਤੀ ਨੂੰ ਤੋਹਫੇ ਵਿੱਚ ਦਿੱਤੀ ਸੀ) ਅਤੇ ਹੋਰਾਂ ਦੇ ਨਾਮ ਸ਼ਾਮਲ ਹਨ। ਪਿਛਲੇ ਹਫਤੇ ਬੈਂਗਲੁਰੂ ਦੀ ਇੱਕ ਵਿਸੇਸ ਅਦਾਲਤ ਨੇ ਇਸ ਮਾਮਲੇ ਵਿੱਚ ਸਿੱਧਰਮਈਆ ਵਿਰੁੱਧ ਲੋਕਾਯੁਕਤ ਪੁਲਸ ਨੂੰ ਜਾਂਚ ਦੇ ਹੁਕਮ ਦਿੱਤੇ ਜਾਣ ਤੋਂ ਬਾਅਦ ਐੱਫ.ਆਈ.ਆਰ. ਦਰਜ ਕੀਤੀ ਗਈ ਸੀ। ਕਰਨਾਟਕ ਦੇ ਰਾਜਪਾਲ ਥਾਵਰਚੰਦ ਗਹਿਲੋਤ ਨੇ 16 ਅਗਸਤ ਨੂੰ ਭ੍ਰਿਸਟਾਚਾਰ ਰੋਕੂ ਕਾਨੂੰਨ 1988 ਦੀ ਧਾਰਾ 17ਏ ਅਤੇ ਭਾਰਤੀ ਸਿਵਲ ਸੁਰੱਖਿਆ ਕੋਡ (ਬੀ.ਐੱਨ.ਐੱਸ.ਐੱਸ.) 2023 ਦੀ ਧਾਰਾ 218 ਦੇ ਤਹਿਤ ਸਿੱਧਰਮਈਆ ਖ਼ਿਲਾਫ ਮੁਕੱਦਮਾ ਚਲਾਉਣ ਦੀ ਇਜਾਜਤ ਦਿੱਤੀ ਸੀ। ਇਸ ਤੋਂ ਬਾਅਦ ਮੁੱਖ ਮੰਤਰੀ ਦੀ ਤਰਫੋਂ ਰਾਜਪਾਲ ਦੇ ਹੁਕਮਾਂ ਨੂੰ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਗਈ ਸੀ। ਹਾਈ ਕੋਰਟ ਨੇ ਰਾਜਪਾਲ ਦੇ ਹੁਕਮਾਂ ਨੂੰ ਬਰਕਰਾਰ ਰੱਖਦੇ ਹੋਏ ਸਿੱਧਰਮਈਆ ਦੀ ਪਟੀਸਨ ਨੂੰ ਰੱਦ ਕਰ ਦਿੱਤਾ ਸੀ। ਜਦੋਂ ਸਰਕਾਰ ਕੁਝ ਜਮੀਨ ਐਕੁਆਇਰ ਕਰਦੀ ਹੈ ਤਾਂ ਮੁਆਵਜੇ ਵਜੋਂ ਕਿਤੇ ਹੋਰ ਜਮੀਨ ਦਿੰਦੀ ਹੈ। ਸਾਰਾ ਕਥਿਤ ਮੁਡਾ ਘੁਟਾਲਾ ਵੀ ਇਸੇ ਨਾਲ ਜੁੜਿਆ ਹੋਇਆ ਹੈ। ਇਹ ਪੂਰਾ ਮਾਮਲਾ ਸਿੱਧਰਮਈਆ ਦੀ ਪਤਨੀ ਬੀ.ਐੱਮ. ਪਾਰਵਤੀ ਨੂੰ ਮੁਆਵਜੇ ਵਜੋਂ ਦਿੱਤੀਆਂ 14 ਪ੍ਰੀਮੀਅਮ ਸਾਈਟਾਂ ਨਾਲ ਸਬੰਧਤ ਹੈ।



# ਭਿਆਨਕ ਹਾਦਸੇ ‘ਚ ਜਲੰਧਰ ਦੇ 3 ਦੋਸਤਾਂ ਦੀ ਮੌਤ, ਗੁਰਜਿੰਦਰ ਸਿੰਘ ਦੀ ਕੈਨੇਡਾ ਦੀ ਫਲਾਈਟ

ਜਲੰਧਰ 2 ਅਕਤੂਬਰ। ਹਰਿਆਣਾ ਦੇ ਮਹੇਂਦਰਗੜ੍ਹ ‘ਚ ਨੈਸ਼ਨਲ ਹਾਈਵੇਅ ‘ਤੇ 152ਡੀ ‘ਤੇ ਸਕਾਰਪੀਓ ਕਾਰ ਨੇ ਟਰੱਕ ਨੂੰ ਟੱਕਰ ਮਾਰ ਦਿੱਤੀ। ਇਸ ਹਾਦਸੇ ਵਿਚ ਜਲੰਧਰ ਦੇ ਰਹਿਣ ਵਾਲੇ 3 ਦੋਸਤਾਂ ਦੀ ਮੌਤ ਹੋ ਗਈ ਅਤੇ ਇਕ ਜਖਮੀ ਹੋ ਗਿਆ. ਜਿਸ ਨੂੰ ਗੰਭੀਰ ਹਾਲਤ ‘ਚ ਰੋਹਤਕ ਪੀ.ਜੀ.ਆਈ. ਰੈਫਰ ਕੀਤਾ ਗਿਆ ਹੈ। ਸਖਤ ਮਿਹਨਤ ਅਤੇ ਕੰਮ ਪ੍ਰਤੀ ਲਗਨ ਨੇ ਕਾਫੀ ਅਰਸੇ ਬਾਅਦ ਜਾ ਕੇ ਜੋ ਨਾਇਬ ਸਲਮਾਨੀ ਜੋ ਨਾਂ ਬਣਾਇਆ ਉਹ ਹਰਿਆਣਾ ਦੇ ਮਹੇਂਦਰਗੜ੍ਹ ਹਾਈਵੇ ’ਤੇ ਹੋਏ ਦਰਦਨਾਕ ਸੜਕ ਹਾਦਸੇ ’ਚ ਕੁਝ ਹੀ ਸੈਕੇਂਡ ’ਚ ਨਿਗਲ ਲਿਆ। ਪਹਿਲਾਂ ਨੌਕਰੀ ਫਿਰ ਖੁਦ ਦਾ ਸੈਲੂਨ ਅਤੇ ਨਵਾਂ ਸੈਲੂਨ ਬਣਾਉਣ ਦੀ ਤਿਆਰੀ ਕਰ ਰਹੇ ਨਾਇਬ ਦਾ ਕੋਈ ਹੀ ਸ਼ਹਿਰ ਦਾ ਯੰਗਸਟਰ ਹੋਵੇਗਾ ਜੋ ਉਸ ਨੂੰ ਨਹੀਂ ਜਾਣਦਾ ਹੋਵੇਗਾ। ਇਸੇ ਹਾਦਸੇ ’ਚ ਦਮ ਤੋੜਣ ਵਾਲੇ ਨਾਇਬ ਦੇ ਦੋਸਤ ਗੁਰਜਿੰਦਰ ਸਿੰਘ ਵਾਸੀ ਜੰਡੂਸਿੰਘਾ ਦੀ ਤਾਂ ਸੋਮਵਾਰ ਦੀ ਕੈਨੇਡਾ ਦੇ ਲਈ ਫਲਾਈਟ ਸੀ। ਜਿਵੇਂ ਹੀ ਐਤਵਾਰ ਸਵੇਰੇ ਇਸ ਹਾਦਸੇ ਦੀ ਖਬਰ ਜਲੰਧਰ ਪਹੁੰਚੀ ਤਾਂ ਨਾਇਬ ਨੂੰ ਜਾਣਨ ਵਾਲੇ ਸਾਰੇ ਨੌਜਵਾਨ ਅਤੇ ਲੋਕ ਮਾਯੂਸ ਹੋ ਗਏ। ਨਾਇਬ ਦੀ ਗੱਲ ਕਰੀਏ ਤਾਂ ਸਹਾਰਨਪੁਰ ਦਾ ਰਹਿਣ ਵਾਲਾ ਨਾਇਬ ਗੁਰੂ ਨਾਨਕ ਪੁਰਾ ’ਚ ਰਹਿੰਦਾ ਸੀ। ਉਹ ਦੋ ਭੈਣਾਂ ਦਾ ਇਕਲੌਤਾ ਭਰਾ ਸੀ। ਕੁਝ ਨਾਇਬ ਦਿਲਕੁਸਾ ਮਾਰਕੀਟ ਸਥਿਤ ਹੇਅਰ ਸੈਲੂਨ ’ਚ ਕੰਮ ਕਰਦੇ ਸਨ। ਸਖਤ ਮਿਹਨਤ ਕਰਕੇ, ਉਸਨੇ ਪੈਸੇ ਬਚਾਏ ਅਤੇ ਸਾਸਤਰੀ ਮਾਰਕੀਟ ’ਚ ਨਾਇਬ ਹੇਅਰ ਸੈਲੂਨ ਨਾਮ ਦਾ ਆਪਣਾ ਸੈਲੂਨ ਖੋਲ੍ਹਿਆ। ਉਸ ਨੇ ਆਪਣੇ ਤਜਰਬੇ ਨਾਲ ਲੋਕਾਂ ਦਾ



ਦਿਲ ਜਿੱਤ ਲਿਆ ਅਤੇ ਜਲੰਧਰ ਦੇ ਜ਼ਿਆਦਾਤਰ ਨੌਜਵਾਨ ਨਾਇਬ ਹੇਅਰ ਸੈਲੂਨ ’ਚ ਜਾਣ ਲੱਗੇ। ਕੁਝ ਸਮੇਂ ਬਾਅਦ, ਇਹ ਹੇਅਰ ਸੈਲੂਨ ਮਾਰਕੀਟ ’ਚ ਇੱਕ ਬ੍ਰਾਂਡ ਬਣ ਗਿਆ ਸੀ। ਕੁਝ ਦਿਨ ਪਹਿਲਾਂ ਉਸ ਨੇ ਆਪਣੇ ਸੈਲੂਨ ਦੇ ਉਪਰਲੇ ਫਰਸ ’ਤੇ ਇਕ ਦੁਕਾਨ ਖਰੀਦੀ ਸੀ, ਜਿਸ ’ਚ ਉਹ ਔਰਤਾਂ ਲਈ ਸੈਲੂਨ ਬਣਾਉਣਾ ਚਾਹੁੰਦਾ ਸੀ ਅਤੇ ਇਸ ਦਾ ਡਿਜਾਈਨ ਵੀ ਤਿਆਰ ਕਰ ਲਿਆ ਸੀ। ਨਾਇਬ ਦੀ ਮੌਤ ਨੇ ਸ਼ਹਿਰ ਦੇ ਨੌਜਵਾਨਾਂ ਤੋਂ ਲੈ ਕੇ ਉਸ ਦੇ ਹਰ ਇਕ ਗ੍ਰਾਹਕ ਨੂੰ ਝਿੰਜੋੜ ਕੇ ਰੱਖ ਦਿੱਤਾ। ਨਾਇਬ ਦੀ ਲਾਸ਼ ਨੂੰ ਮਹੇਂਦਰਗੜ੍ਹ ਦੇ ਸਿਵਲ ਹਸਪਤਾਲ ’ਚ ਰੱਖਿਆ ਗਿਆ ਹੈ। ਅੱਜ ਉਸ ਦੀ ਲਾਸ਼ ਉਥੋਂ ਲਿਜਾਇਆ ਜਾਵੇਗਾ। ਨਾਇਬ ਦੇ ਨਾਲ-ਨਾਲ ਉਸ ਦੇ ਦੋਸਤ ਅਜੇ ਵਾਸੀ ਕਰਤਾਰਪੁਰ ਅਤੇ ਗੁਰਜਿੰਦਰ ਸਿੰਘ ਵਾਸੀ ਜੰਡੂਸਿੰਘਾ ਦੀ ਵੀ ਮੌਤ ਦੀ ਖਬਰ ਪਹੁੰਚੀ ਜਦਕਿ ਇਕ ਹੋਰ ਨੌਜਵਾਨ ਜਖਮੀ ਦੱਸਿਆ ਗਿਆ। ਜਿਵੇਂ ਹੀ ਨਾਇਬ ਦੇ ਦੋਸਤ ਗੁਰਜਿੰਦਰ ਸਿੰਘ ਦੇ ਘਰ ਜੰਡੂਸਿੰਘਾ ਇਸ ਘਟਨਾ ਦੀ ਖਬਰ ਦੇਣ ਪਹੁੰਚੇ ਤਾਂ ਪਤਾ ਲੱਗਾ ਕਿ ਉਸ ਦੀ ਤਾਂ ਸੋਮਵਾਰ ਨੂੰ ਕੈਨੇਡਾ ਦੀ ਫਲਾਈਟ ਸੀ। ਉਸ ਦੀ ਸਾਰੀ ਪੈਕਿੰਗ ਵੀ ਹੋ ਚੁੱਕੀ ਸੀ। ਅਜੇ ਅਤੇ ਨਾਇਬ ਇਕੱਠੇ ਜਿੰਮ ਜਾਂਦੇ ਸਨ। ਅਕਸਰ ਅਜੇ ਨਾਇਬ ਦੇ ਨਾਲ ਹੀ ਹੁੰਦਾ ਸੀ ਅਤੇ ਉਸ ਦੇ ਸੈਲੂਨ ’ਚ ਵੀ ਉਸ ਨੂੰ ਮਿਲਣ ਦੇ ਲਈ ਆਉਂਦਾ ਰਹਿੰਦਾ ਸੀ। ਨਾਇਬ ਦੇ ਦੋਸਤ ਅਰਪਣ ਨੇ ਦੱਸਿਆ ਕਿ ਅਜਮੇਰ ਜਾਣ ਲਈ ਨਾਇਬ ਨੇ ਉਸ ਨੂੰ ਵੀ ਫੋਨ ਕੀਤਾ ਸੀ। ਇਹ ਸ਼ਾਇਦ ਘੁੰਮਣ ਦੇ ਲਈ ਉਸ ਦਾ ਪਹਿਲੇ ਟ੍ਰਿਪ ਹੋਵੇਗਾ ਜਿਸ ’ਚ ਉਹ ਸੈਲੂਨ ਛੱਡ ਦੋ ਦਿਨ ਬਾਹਰ ਰਿਹਾ ਹੋਵੇ। ਅਰਪਣ ਨੇ ਕਿਹਾ ਕਿ ਪਹਿਲਾਂ ਤਾਂ ਉਸ ਨੇ ਹਾਂ ਕਰ ਦਿੱਤੀ ਪਰ ਬਾਅਦ ’ਚ ਘਰ ਵਾਲਿਆਂ ਜਾਣ ਤੋਂ ਮਨ੍ਹਾਂ ਕਰ ਦਿੱਤਾ ਕਿਉਂਕਿ ਉਸ ਦੇ ਆਫਿਸ ’ਚ ਲੱਕੜੀ ਦਾ ਕੰਮ ਹੋਣਾ ਸੀ। ਅਰਪਣ ਨੇ ਕਿਹਾ ਕਿ ਹੋ ਸਕਦਾ ਹੈ ਕਿ ਜੇਕਰ ਉਹ ਹੁੰਦਾ ਤਾਂ ਗੱਡੀ ਵੀ ਉਹੀ ਡਰਾਈਵਰ ਕਰ ਰਿਹਾ ਹੁੰਦਾ ਅਤੇ ਇਹ ਹਾਦਸਾ ਨਾ ਹੁੰਦਾ। ਅਰਪਣ ਨੇ ਵੀ ਕਿਹਾ ਕਿ ਉਸ ਅਜੇ ਤਕ ਭਰੋਸਾ ਨਹੀਂ ਹੋ ਰਿਹਾ ਹੈ ਕਿ ਨਾਇਬ ਹੁਣ ਇਸ ਦੁਨੀਆ ’ਚ ਨਹੀਂ ਰਿਹਾ। ਉਧਰ ਨਾਇਬ ਦੇ ਚੌਥੇ ਦੋਸਤ ਦੀ ਹਾਲਤ ਵੀ ਗੰਭੀਰ ਹੈ ਜਿਸ ਨੂੰ ਰੋਹਤਕ ’ਚ ਦਾਖਲ ਕਰਵਾਇਆ ਗਿਆ ਹੈ।

## ਚੋਰੀ ਦੇ ਮੋਟਰਸਾਈਕਲ ਸਮੇਤ 2 ਕਥਿਤ ਚੋਰ ਕਾਬੂ

ਫਿਰੋਜ਼ਪੁਰ 2 ਅਕਤੂਬਰ। ਸਮਾਜ ਵਿਰੋਧੀ ਅਨਸਰਾਂ ਵਿਰੁੱਧ ਵਿੱਢੀ ਮੁਹਿੰਮ ਦੇ ਤਹਿਤ ਪੁਲਸ ਥਾਣਾ ਸਿਟੀ ਫਿਰੋਜ਼ਪੁਰ ਦੀ ਪੁਲਸ ਨੇ 2 ਕਥਿਤ ਚੋਰਾਂ ਨੂੰ ਚੋਰੀ ਦੇ ਮੋਟਰਸਾਈਕਲ ਸਮੇਤ ਕਾਬੂ ਕੀਤਾ ਹੈ। ਜਾਣਕਾਰੀ ਦਿੰਦਿਆਂ ਏ.ਐੱਸ.ਆਈ. ਸ਼ਰਮਾ ਸਿੰਘ ਨੇ ਦੱਸਿਆ ਕਿ ਜਦੋਂ ਉਨ੍ਹਾਂ ਦੀ ਪੁਲਸ ਪਾਰਟੀ ਗਸ਼ਤ ਅਤੇ ਸ਼ੱਕੀ ਵਿਅਕਤੀਆਂ ਦੀ ਚੈਕਿੰਗ ਕਰਦੇ ਹੋਏ ਖਾਈ ਵਾਲਾ ਅੱਡਾ ਨੇੜੇ ਪੁੱਜੀ ਤਾਂ ਉਨ੍ਹਾਂ ਨੂੰ ਗੁਪਤ ਸੂਚਨਾ ਮਿਲੀ ਕਿ ਸੰਜੂ ਪੁੱਤਰ ਜੋਧਾ ਅਤੇ ਸਨਮ ਪੁੱਤਰ ਸੋਨੂੰ ਵਾਸੀ ਬਸਤੀ ਆਵਾ ਫਿਰੋਜ਼ਪੁਰ ਸ਼ਹਿਰ, ਮੋਟਰਸਾਈਕਲ ਚੋਰੀ ਕਰ ਕੇ ਅੱਗੇ ਵੇਚਣ ਦਾ ਧੰਦਾ ਕਰਦੇ ਹਨ,




ਜੋ ਇਸ ਸਮੇਂ ਚੋਰੀ ਕੀਤਾ ਹੋਇਆ ਮੋਟਰਸਾਈਕਲ ਵੇਚਣ ਲਈ ਕਿਲਾ ਰੋਡ ’ਤੇ ਬਸਤੀ ਭੱਟੀਆਂ ਵਾਲੀ ਦੇ ਏਰੀਆ ਵਿਚ ਇਕ ਡੇਅਰੀ ਦੇ ਕੋਲ ਖੜੇ ਹਨ। ਇਸ ਦੌਰਾਨ ਪੁਲਸ ਵੱਲੋਂ ਤੁਰੰਤ ਉਥੇ ਰੇਡ ਕਰਦੇ ਹੋਏ ਨਾਮਜਦ ਦੋਸ਼ੀਆਂ ਨੂੰ ਕਾਬੂ ਕੀਤਾ ਗਿਆ, ਜਿਨ੍ਹਾਂ ਤੋਂ ਇਕ ਚੋਰੀ ਕੀਤਾ ਹੋਇਆ ਬਿਨਾਂ ਨੰਬਰੀ ਸਪਲੈਂਡਰ ਮੋਟਰਸਾਈਕਲ ਬਰਾਮਦ ਹੋਇਆ। ਕਾਬੂ ਕੀਤੇ ਵਿਅਕਤੀਆਂ ਤੋਂ ਪੁਲਸ ਵੱਲੋਂ ਪੁੱਛ-ਗਿੱਛ ਕੀਤੀ ਜਾ ਰਹੀ ਹੈ।

## ਮੀਟਰ ਰੀਡਰਾਂ ਪਾਸੋਂ ਰਿਸ਼ਵਤ ਲੈਣ ਵਾਲੇ ਨਿੱਜੀ ਕੰਪਨੀ ਦੇ ਸੁਪਰਵਾਈਜਰ ਖਿਲਾਫ ਵਿਭਾਗ ਦੀ ਸਖਤ ਕਾਰਵਾਈ

ਪਟਿਆਲਾ 2 ਅਕਤੂਬਰ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਯੋਗ ਅਗਵਾਈ ਅਤੇ ਬਿਜਲੀ ਮੰਤਰੀ ਹਰਭਜਨ ਸਿੰਘ ਈ.ਟੀ.ਓ. ਦੇ ਨਿਰਦੇਸ਼ਾਂ ਤਹਿਤ ਪੰਜਾਬ ਸਟੇਟ ਪਾਵਰ ਕਾਰਪੋਰੇਸਨ ਲਿਮਿਟਡ (ਪੀ.ਐੱਸ.ਪੀ.ਸੀ.ਐੱਲ.) ਵੱਲੋਂ ਭ੍ਰਿਸ਼ਟਾਚਾਰ ਖਿਲਾਫ ਵਿੱਢੀ ਗਈ ਹੈ। ਇਸੇ ਮੁਹਿੰਮ ਹੇਠ ਗਿੱਦੜਬਾਹਾ ਵਿਖੇ ਨਿੱਜੀ ਮੀਟਰ ਰੀਡਿੰਗ ਕੰਪਨੀ (ਐਕਸਪਲੋਰ-ਟੈਕ ਸਰਿਵਸਿਜ ਲਿਮਿਟਡ) ਦੇ ਸੁਪਰਵਾਈਜਰ ਬਾਲ ਕ੍ਰਿਸ਼ਨ ਵਿਰੁੱਧ ਮੀਟਰ ਰੀਡਰਾਂ ਪਾਸੋਂ ਰੁਪਏ ਮੰਗਣ ਸਬੰਧੀ ਪ੍ਰਾਪਤ ਹੋਈ ਸ਼ਿਕਾਇਤ ਤੋਂ ਬਾਅਦ ਤੁਰੰਤ ਕਾਰਵਾਈ ਕਰਦਿਆਂ ਸੇਵਾਵਾਂ ਤੋਂ ਬਰਖਾਸਤ ਕਰ ਦਿੱਤਾ ਗਿਆ ਹੈ। ਜਾਣਕਾਰੀ ਦਿੰਦਿਆਂ ਮੁੱਖ ਇੰਜੀਨੀਅਰ ਇਨਫੋਰਸਮੈਂਟ ਇੰਜੀ: ਇੰਦਰਪਾਲ ਸਿੰਘ ਨੇ ਦੱਸਿਆ ਕਿ ਸ਼ਿਕਾਇਤ ਦੀ ਪੜਤਾਲ ਇੰਜੀ. ਗਗਨਦੀਪ ਸਿੰਗਲਾ, ਵਧੀਕ ਨਿਗਰਾਨ ਇੰਜੀਨੀਅਰ ਲਾਗੂ ਕਰਨ-1 ਬਠਿੰਡਾ ਪਾਸੋਂ ਕਰਵਾਈ ਗਈ ਸੀ। ਇਸ ਦੌਰਾਨ ਕੰਪਨੀ ਅਧੀਨ ਕੰਮ ਕਰਦੇ ਮੀਟਰ ਰੀਡਰਾਂ ਦੇ ਬਿਆਨ, ਉਨ੍ਹਾਂ ਪਾਸੋਂ ਪੇਸ਼ ਕੀਤੀ




ਗਈ ਆਵਾਜ-ਰਿਕਾਰਡ ਅਤੇ ਹੋਰ ਸਬੂਤਾਂ ਨੂੰ ਪੜਤਾਲਿਆ ਗਿਆ। ਪੜਤਾਲ ਦੌਰਾਨ ਮੀਟਰ ਰੀਡਿੰਗ ਕੰਪਨੀ ਦਾ ਸੁਪਰਵਾਈਜਰ ਬਾਲ ਕ੍ਰਿਸ਼ਨ ਰੀਡਿੰਗ ਡਾਟਾ ਪਾਏ ਜਾਣ ਸਬੰਧੀ ਰਿਸ਼ਵਤ ਲੈਣ ਦਾ ਦੋਸ਼ੀ ਪਾਇਆ ਗਿਆ। ਪੀ.ਐੱਸ.ਪੀ.ਸੀ.ਐੱਲ. ਵੱਲੋਂ ਸਬੰਧਤ ਸੁਪਰਵਾਈਜਰ ਨੂੰ ਕੰਪਨੀ ਦੀਆਂ ਸੇਵਾਵਾਂ ਤੋਂ ਬਰਖਾਸਤ ਕਰ ਦਿੱਤਾ ਗਿਆ ਹੈ। ਇਸ ਮੌਕੇ ਪੀ.ਐੱਸ.ਪੀ.ਸੀ.ਐੱਲ. ਦੇ ਚੇਅਰਮੈਨ-ਕਮ-ਮੈਨੇਜਿੰਗ ਡਾਇਰੈਕਟਰ ਇੰਜੀ. ਬਲਦੇਵ ਸਿੰਘ ਸਰਾਂ ਨੇ ਸਪੱਸ਼ਟ ਸ਼ਬਦਾਂ ’ਚ ਸੰਦੇਸ਼ ਦਿੰਦਿਆਂ ਕਿਹਾ ਕਿ ਕੋਈ ਵੀ ਅਧਿਕਾਰੀ/ਕਰਮਚਾਰੀ ਜਿਹੜਾ ਆਪਣਾ ਕੰਮ ਈਮਾਨਦਾਰੀ ਨਾਲ ਨਾ ਕਰਦਾ ਪਾਇਆ ਗਿਆ, ਉਸ ਨੂੰ ਕਿਸੇ ਵੀ ਹਾਲਤ ’ਚ ਬਖਸ਼ਿਆ ਨਹੀਂ ਜਾਵੇਗਾ।

## ਸੈਂਟਰਲ ਜੇਲ੍ਹ ਛੱਡਣ ਲਿਆਂਦਾ ਜਾ ਰਿਹਾ ਕਤਲ ਦਾ ਦੋਸ਼ੀ ਮੁਲਾਜ਼ਮਾਂ ਦੀ ਕਸਟਡੀ ’ਚੋਂ ਭੱਜਿਆ, ਹੋ ਗਈ ਫੜਲੋ-ਫੜਲੋ

ਲੁਧਿਆਣਾ 2 ਅਕਤੂਬਰ। ਤਾਜਪੁਰ ਰੋਡ ਵਿਖੇ ਪੁਲਸ ਮੁਲਾਜ਼ਮਾਂ ਦੀ ਹਿਰਾਸਤ ’ਚੋਂ ਇਕ ਅਪਰਾਧੀ ਭੱਜ ਨਿਕਲਿਆ। ਮੁਲਾਜ਼ਮਾਂ ਦੇ ਰੌਲਾ ਪਾਉਣ ’ਤੇ ਲੋਕਾਂ ਨੇ ਉਸਮ ਨੂੰ ਫੜ ਲਿਆ ਅਤੇ ਮੁਲਾਜ਼ਮਾਂ ਹਵਾਲੇ ਕਰ ਦਿੱਤਾ। ਜਾਣਕਾਰੀ ਮੁਤਾਬਕ ਸੈਂਟਰਲ ਜੇਲ੍ਹ ’ਚ ਮੁਲਜ਼ਮ ਕਤਲ ਦੇ ਦੋਸ਼ ਕੇਸ ’ਚ ਬੰਦ ਹੈ। ਉਸ ਨੂੰ ਪੁਲਸ ਦੀ ਹਿਰਾਸਤ ’ਚ ਨਵਾਂਸ਼ਹਿਰ ਪੇਸ਼ੀ ਲਈ ਭੇਜਿਆ ਗਿਆ ਸੀ। ਪੇਸ਼ੀ ਭੁਗਤਣ ਤੋਂ ਬਾਅਦ ਮੁਲਜ਼ਮ ਨੂੰ ਸੈਂਟਰਲ ਜੇਲ੍ਹ ਛੱਡਣ ਲਈ ਪੁਲਸ



ਹਿਰਾਸਤ ’ਚ ਲਿਆਂਦਾ ਜਾ ਰਿਹਾ ਸੀ। ਮੌਕਾ ਦੇਖ ਕੇ ਤਾਜਪੁਰ ਰੋਡ ’ਤੇ ਇਕ ਧਾਰਮਿਕ ਅਸਥਾਨ ਨੇੜੇ ਮੁਲਜ਼ਮ ਪੁਲਸ ਹਿਰਾਸਤ ਤੋਂ ਭੱਜ ਨਿਕਲਿਆ। ਪੁਲਸ ਮੁਲਾਜ਼ਮਾਂ ਨੇ ‘ਫੜੋ ਫੜੋ’ ਦਾ ਰੌਲਾ ਪਾਇਆ ਤਾਂ ਸਥਾਨਕ ਲੋਕ ਵੀ ਉਸ ਨੂੰ ਫੜਨ ਲਈ ਪਿੱਛੇ ਭੱਜ ਪਏ ਅਤੇ ਥੋੜ੍ਹੀ ਦੂਰ ਜਾ ਕੇ ਉਸ ਨੂੰ ਦਬੋਚ ਲਿਆ ਅਤੇ ਗੱਡੀ ’ਚ ਪਾ ਕੇ ਸੈਂਟਰਲ ਜੇਲ੍ਹ ਲੈ ਗਏ। ਉਧਰ, ਜੇਲ੍ਹ ਦੇ ਡਿਪਟੀ ਸੁਪਰਡੈਂਟ ਬਲਬੀਰ ਸਿੰਘ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਦਾ ਕਹਿਣਾ ਸੀ ਕਿ ਇਹ ਘਟਨਾ ਹੋਈ ਹੈ। ਮੁਲਜ਼ਮ ਦਾ ਨਾਂ ਵਿਕਰਮਜੀਤ ਸਿੰਘ ਹੈ, ਜਿਸ ’ਤੇ ਕਤਲ ਦੇ ਦੋਸ਼ ਦਾ ਕੇਸ ਫਗਵਾੜਾ ’ਚ ਦਰਜ ਹੈ। ਉਸ ਨੂੰ ਨਵਾਂਸ਼ਹਿਰ ਪੇਸ਼ੀ ਲਈ ਭੇਜਿਆ ਗਿਆ ਸੀ ਅਤੇ ਵਾਪਸ ਸੈਂਟਰਲ ਜੇਲ੍ਹ ਆਉਂਦੇ ਸਮੇਂ ਮੁਲਜ਼ਮ ਨੇ ਇਸ ਘਟਨਾ ਨੂੰ ਅੰਜਾਮ ਦਿੱਤਾ।

# ਹਲਵਾਰਾ ਏਅਰਪੋਰਟ ਪ੍ਰਾਜੈਕਟ: ਆਖਿਰ ਏਅਰਫੋਰਸ ਸਟੇਸ਼ਨ ਦੇ ਅੰਦਰੂਨੀ ਹਿੱਸੇ ’ਚ ਸ਼ੁਰੂ ਹੋਇਆ ਕੰਮ

ਲੁਧਿਆਣਾ 2 ਅਕਤੂਬਰ। ਹਲਵਾਰਾ ਏਅਰਪੋਰਟ ਪ੍ਰਾਜੈਕਟ ’ਚ ਆਖਿਰ ਏਅਰਫੋਰਸ ਸਟੇਸ਼ਨ ਦੇ ਅੰਦਰੂਨੀ ਹਿੱਸੇ ’ਤੇ ਵੀ ਕੰਮ ਸ਼ੁਰੂ ਹੋ ਗਿਆ ਹੈ। ਇੱਥੇ ਜ਼ਿਕਰਯੋਗ ਹੋਵੇਗਾ ਕਿ ਹਲਵਾਰਾ ਏਅਰਪੋਰਟ ਪ੍ਰਾਜੈਕਟ ’ਚ ਮੁੱਖ ਰੂਪ ਵਿਚ ਟਰਮੀਨਲ ਬਿਲਡਿੰਗ ਤੋਂ ਇਲਾਵਾ ਐਪ੍ਰਨ, ਟੈਕਸੀ-ਵੇ, ਪਾਰਕਿੰਗ, ਬਿਜਲੀ, ਪਬਲਿਕ ਹੈਲਥ ਦੇ ਕੰਮ ਸ਼ਾਮਲ ਹਨ। ਇਸ ਸਬੰਧ ਵਿਚ ਪੀ. ਡਬਲਯੂ. ਡੀ. ਵਿਭਾਗ ਦੇ ਅਧਿਕਾਰੀਆਂ ਨੇ ਪਿਛਲੇ ਦਿਨੀਂ ਡੀ. ਸੀ. ਵੱਲੋਂ ਬੁਲਾਈ ਗਈ ਰਿਵਿਊ ਮੀਟਿੰਗ ਦੇ ਦੌਰਾਨ ਜੋ ਸਟੇਟਸ ਰਿਪੋਰਟ ਪੇਸ਼ ਕੀਤੀ ਸੀ ਉਸ ਦੇ ਮੁਤਾਬਕ ਇਕ ਹਿੱਸੇ ਦਾ ਕੰਮ ਲਗਭਗ ਪੂਰਾ ਹੋ ਗਿਆ ਹੈ। ਜਿਥੋਂ ਤੱਕ ਏਅਰਫੋਰਸ ਸਟੇਸ਼ਨ ਦੇ ਅੰਦਰੂਨੀ ਹਿੱਸੇ ਦਾ ਸਵਾਲ ਹੈ, ਜਿਥੇ ਰਨ-ਵੇਅ ’ਤੇ ਨਵੇਂ ਸਿਰੇ ਤੋਂ ਸੜਕ ਬਣਾਉਣ ਦੇ ਨਾਲ ਡਰੇਨੇਜ ਸਿਸਟਮ ਦੇ ਨਿਰਮਾਣ ਕੰਮ ਬਾਕੀ ਹੈ। ਇਹ ਕੰਮ ਏਅਰਫੋਰਸ ਵੱਲੋਂ ਆਪਣੇ ਤੌਰ ’ਤੇ ਐੱਮ. ਈ. ਐੱਸ. ਈ. ਜਰੀਏ ਕਰਵਾਇਆ ਜਾਵੇਗਾ, ਜਿਸ ਤੋਂ ਬਾਅਦ ਹੀ ਬਾਕੀ ਦਾ ਕੰਮ ਪੂਰਾ ਹੋ ਸਕਦਾ ਹੈ ਪਰ ਏਅਰਫੋਰਸ ਦੇ ਹੈੱਡ ਆਫਿਸ ਵੱਲੋਂ ਮਨਜ਼ੂਰੀ ਮਿਲਣ ’ਚ ਹੋਈ ਦੇਰੀ ਕਾਰਨ ਇਸ ਪ੍ਰਾਜੈਕਟ ਨੂੰ ਪੂਰਾ ਕਰਨ ਲਈ ਫਿਕਸ ਕੀਤੀ ਗਈ ਡੈੱਡਲਾਈਨ ਮੁਤਾਬਕ ਕੰਮ ਮੁਕੰਮਲ ਨਹੀਂ ਹੋ ਸਕਿਆ। ਇਸ ਦੇ ਮੱਦੇਨਜ਼ਰ



ਡੀ. ਸੀ. ਸਾਕਸ਼ੀ ਸਾਹਨੀ ਵੱਲੋਂ ਏਅਰਫੋਰਸ ਸਟੇਸ਼ਨ ’ਤੇ ਜਾ ਕੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ, ਜਿਸ ਤੋਂ ਬਾਅਦ ਏਅਰਫੋਰਸ ਸਟੇਸ਼ਨ ਦੇ ਅੰਦਰੂਨੀ ਹਿੱਸੇ ’ਚ ਕੰਮ ਆਖਿਰ ਸ਼ੁਰੂ ਹੋ ਗਿਆ ਹੈ, ਜਿਸ ਦੀ ਪੁਸ਼ਟੀ ਪੀ. ਡਬਲਯੂ. ਡੀ. ਵਿਭਾਗ ਵੱਲੋਂ ਪ੍ਰਾਜੈਕਟ ਦੇ ਐਕਸੀਅਨ ਪ੍ਰਦੀਪ ਕੁਮਾਰ ਨੇ ਕੀਤੀ ਹੈ। ਉਨ੍ਹਾਂ ਕਿਹਾ ਕਿ ਏਅਰਫੋਰਸ ਸਟੇਸ਼ਨ ਦੇ ਅੰਦਰੂਨੀ ਹਿੱਸੇ ’ਚ ਕੰਮ ਪੂਰਾ ਹੋਣ ਤੋਂ ਬਾਅਦ ਪੀ. ਡਬਲਯੂ. ਡੀ. ਵਿਭਾਗ ਵੱਲੋਂ ਬਾਕੀ ਕੰਮ ਸ਼ੁਰੂ ਹੋ ਸਕਦਾ ਹੈ। ਹਲਵਾਰਾ ਏਅਰਪੋਰਟ ਪ੍ਰਾਜੈਕਟ ਦੀ ਡੈੱਡਲਾਈਨ ਪਿਛਲੇ 2.5 ਸਾਲ ਦੌਰਾਨ 11 ਵਾਰ ਨਿਕਲ ਚੁੱਕੀ ਹੈ। ਹੁਣ ਜੁਲਾਈ ਦੀ ਡੈੱਡਲਾਈਨ ਫਿਕਸ ਕੀਤੀ ਗਈ ਸੀ ਪਰ ਇਸ ਡੈੱਡਲਾਈਨ ਤੋਂ ਠੀਕ ਪਹਿਲਾ ਏਅਰਫੋਰਸ ਸਟੇਸ਼ਨ ਦੇ ਅੰਦਰੂਨੀ ਹਿੱਸੇ ’ਚ ਕੰਮ ਸ਼ੁਰੂ ਕੀਤਾ ਗਿਆ ਹੈ, ਜਿਸ ਨੂੰ ਪੂਰਾ ਹੋਣ ’ਚ ਇਕ ਤੋਂ ਡੇਢ ਮਹੀਨੇ ਦਾ ਸਮਾਂ ਲੱਗ ਸਕਦਾ ਹੈ। ਉਸ ਤੋਂ ਬਾਅਦ ਪੀ. ਡਬਲਯੂ. ਡੀ. ਵਿਭਾਗ ਵੱਲੋਂ ਬਾਕੀ ਕੰਮ ਸ਼ੁਰੂ ਅਤੇ ਪੂਰਾ ਕੀਤਾ ਜਾ ਸਕਦਾ ਹੈ, ਜਿਸ ਵਿਚ ਵੀ ਇਕ ਮਹੀਨੇ ਦਾ ਸਮਾਂ ਲੱਗੇਗਾ। ਸ਼ਾਇਦ ਇਹੀ ਵਜ੍ਹਾ ਹੈ ਕਿ ਫਿਲਹਾਲ ਨਵੇਂ ਸਿਰੇ ਤੋਂ ਡੈੱਡਲਾਈਨ ਫਿਕਸ ਨਹੀਂ ਕੀਤੀ ਗਈ ਹੈ ਅਤੇ ਅਫਸਰ ਵੀ ਇਸ ਬਾਰੇ ਕੁਝ ਦੱਸਣ ਦੀ ਸਥਿਤੀ ’ਚ ਨਹੀਂ ਹਨ।

## ਹਾਦਸਿਆਂ ਨੂੰ ਠੱਲ੍ਹ ਪਾਉਣ ਲਈ ਟ੍ਰੈਫਿਕ ਵਿਭਾਗ ਨੇ ਨੈਸ਼ਨਲ ਹਾਈਵੇ ਤੇ ਤੇਜ਼ ਵਾਹਨ ਚਲਾਉਣ ਵਾਲਿਆਂ ਦੇ ਕੱਟੇ ਚਲਾਨ

ਪਠਾਨਕੋਟ 2 ਅਕਤੂਬਰ। ਪਿਛਲੇ ਦਿਨ ਜਿੱਥੇ ਟ੍ਰੈਫਿਕ ਵਿਭਾਗ ਵਲੋਂ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਦੇ ਚਲਾਨ ਕੱਟਣ ਦੀ ਬਜਾਏ ਬੂਟੇ ਲਗਾ ਕੇ ਵਾਤਾਵਰਣ ਨੂੰ ਬਚਾਉਣ ਦਾ ਸੰਦੇਸ਼ ਦਿੱਤਾ ਗਿਆ ਸੀ। ਉੱਥੇ ਹੀ ਬੀਤੇ ਦਿਨ ਸ਼ਨੀਵਾਰ ਨੂੰ ਟ੍ਰੈਫਿਕ ਵਿਭਾਗ ਵਲੋਂ ਨੈਸ਼ਨਲ ਹਾਈਵੇਅ ’ਤੇ ਮਲਿਕਪੁਰ ਚੌਂਕ ’ਤੇ ਵਿਸ਼ੇਸ਼ ਨਾਕਾ ਲਗਾ ਕੇ ਤੇਜ਼ ਰਫ਼ਤਾਰ ਨਾਲ ਵਾਹਨਾਂ ਨੂੰ ਚਲਾਉਣ ਵਾਲਿਆਂ ਦੇ ਚਲਾਨ ਕੀਤੇ ਗਏ। ਇਸ ਸਬੰਧੀ ਜਾਣਕਾਰੀ ਦਿੰਦਿਆਂ ਟ੍ਰੈਫਿਕ ਇੰਚਾਰਜ ਬ੍ਰਹਮ ਦੱਤ ਨੇ ਦੱਸਿਆ ਕਿ ਓਵਰ ਸਪੀਡ ਵਾਹਨ ਚਾਲਕ ਲਈ ਜਿੱਥੇ ਖਤਰਨਾਕ ਹੈ, ਉੱਥੇ ਹੀ ਇਹ ਹੋਰਨਾਂ ਲੋਕਾਂ ਜੋ ਸੜਕਾਂ ਤੇ ਆਉਂਦੇ ਜਾਉਂਦੇ ਹਨ ਉਨ੍ਹਾਂ ਦੇ ਲਈ ਵੀ ਖਤਰਨਾਕ ਹੈ। ਕਿਉਂਕਿ ਸਰਵੇ ਵਿੱਚ ਸਾਹਮਣੇ ਆਇਆ ਹੈ ਕਿ ਜ਼ਿਆਦਾਤਰ ਹਾਦਸੇ ਓਵਰ ਸਪੀਡ ਨਾਲ ਚੱਲਣ ਵਾਲੇ ਵਾਹਨਾਂ ਕਾਰਨ ਹੁੰਦੇ ਹਨ। ਇਸ ਲਈ ਐੱਸ. ਐੱਸ. ਪੀ. ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਤੇਜ਼ ਰਫ਼ਤਾਰ ਨਾਲ ਵਾਹਨ ਚਲਾਉਣ ਵਾਲੇ ਵਾਹਨਾਂ ਦੇ ਚਲਾਨ ਕੱਟੇ ਜਾ ਰਹੇ ਹਨ ਤਾਂ ਜੋ ਹਾਦਸਿਆਂ ਨੂੰ ਠੱਲ੍ਹ ਪਾਈ ਜਾ ਸਕੇ।

# ਸੀਵਰੇਜ ਜਾਮ ਨੂੰ ਲੈ ਕੇ ਦੂਜੀ ਵਾਰ ਸੜਕਾਂ ’ਤੇ ਉਤਰੇ ਵਾਰਡ 12 ਦੇ ਲੋਕ, ਨਗਰ ਨਿਗਮ ਨੂੰ ਦਿੱਤੀ ਚਿਤਾਵਨੀ

ਲੁਧਿਆਣਾ 2 ਅਕਤੂਬਰ। ਨਗਰ ਨਿਗਮ ਵੱਲੋਂ ਬਾਰਿਸ਼ ਦੇ ਮੱਦੇਨਜ਼ਰ ਸੀਵਰੇਜ ਅਤੇ ਰੋਡ ਜਾਲੀਆਂ ਦੀ ਸਫਾਈ ਨੂੰ ਲੈ ਕੇ ਜੋ ਦਾਅਵੇ ਕੀਤੇ ਜਾ ਰਹੇ ਹਨ ਉਨਾਂ ਦੀ ਜ਼ਮੀਨੀ ਹਕੀਕਤ ਬਿਲਕੁਲ ਉਲਟ ਹੈ। ਜਿਸ ਦੇ ਸਬੂਤ ਦੇ ਤੌਰ ’ਤੇ ਪਾਣੀ ਦੀ ਨਿਕਾਸੀ ਨਾ ਹੋਣ ਦੀ ਸਮੱਸਿਆ ਨੂੰ ਲੈ ਕੇ ਵਾਰਡ 12 ਦੇ ਲੋਕ ਇਕ ਹਫਤੇ ਦੇ ਅੰਦਰ ਦੂਜੀ ਵਾਰ ਸੜਕਾਂ ’ ਤੇ ਉਤਰੇ। ਇਸ ਸਬੰਧ ਵਿਚ ਸਾਬਕਾ ਕੌਂਸਲਰ ਨਰੇਸ ਉੱਪਲ ਨੇ ਕਿਹਾ ਕਿ ਪਹਿਲਾ ਨਗਰ ਨਿਗਮ ਵਲੋਂ ਹਰ ਸਾਲ ਬਾਰਿਸ਼ ਤੋਂ ਪਹਿਲਾ ਮਈ ਜੂਨ ਵਿਚ ਸੀਵਰੇਜ ਅਤੇ ਰੋਡ ਜਾਲੀਆਂ ਦੀ ਸਫਾਈ ਕੀਤੀ ਜਾਂਦੀ ਸੀ ਪਰ ਲਗਭਗ ਡੇਢ ਸਾਲ ਤੋਂ ਇਹ ਕੰਮ ਠੱਪ ਪਿਆ ਹੋਇਆ ਹੈ। ਇਸ ਦੀ ਵਜ੍ਹਾ ਨਾਲ ਕਰਮਸਰ ਕਾਲੋਨੀ, ਬੰਦਾ ਬਹਾਦਰ ਕਾਲੋਨੀ, ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਹੀਰਾ ਵਿਹਾਰ ਵਿਚ ਸੀਵਰੇਜ ਦਾ ਪਾਣੀ ਬਾਰਿਸ਼ ਦੇ ਬਿਨਾ ਹੀ ਓਵਰਫਲੋ ਹੋ ਕੇ ਗਲੀਆਂ ਵਿਚ ਜਮਾ ਹੋ ਜਾਂਦਾ ਹੈ। ਇਸ ਸਮੱਸਿਆ ਨੂੰ ਲੈ ਕੇ ਉਹ ਇਕ ਮਹੀਨੇ ਤੋਂ ਜ਼ੋਨ ਬੀ ਦੀ ਓ ਐੱਮ ਸੈਲ ਦੇ ਜੇ.ਈ,



ਐੱਸ.ਡੀ.ਓ ਅਤੇ ਐਕਸੀਅਨ ਦੀ ਸ਼ਿਕਾਇਤ ਕਰ ਰਹੇ ਹਨ ਪਰ ਕੋਈ ਸੁਣਵਾਈ ਨਹੀਂ ਹੋਈ। ਇਸ ਦਾ ਨਤੀਜਾ ਇਹ ਹੋਇਆ ਕਿ ਗੰਦਗੀ ਅਤੇ ਬਦਬੂ ਦੇ ਕਾਰਨ ਇਲਾਕੇ ਵਿਚ ਬੀਮਾਰੀ ਫੈਲਣ ਦਾ ਡਰ ਹੈ ਤੇ ਰਾਹਗੀਆਂ ਅਤੇ ਸਕੂਲੀ ਬੱਚੇ ਦੇ ਪਾਣੀ ਵਿਚ ਡਿੱਗ ਕੇ ਜ਼ਖਮੀ ਹੋਣ ਦੇ ਮਾਮਲੇ ਵਿਚ ਆਏ ਦਿਨ ਸਾਹਮਣੇ ਆ ਰਹੇ ਹਨ ਲੋਕਾਂ ਨੇ ਚਿਤਾਵਨੀ ਦਿੱਤੀ ਕਿ ਜੇਕਰ ਜਲਦ ਸਮੱਸਿਆ ਦਾ ਹੱਲ ਨਾ ਹੋਇਆ ਤਾਂ ਨਗਰ ਨਿਗਮ ਦੇ ਆਫਿਸ ਦਾ ਘਿਰਾਓ ਕੀਤਾ ਜਾਵੇਗਾ। ਇਸ ਸਬੰਧੀ ਐਕਸੀਅਨ ਰਣਵੀਰ ਸਿੰਘ ਨੇ ਕਿਹਾ ਕਿ ਮਾਇਆਪੁਰੀ, ਭਗਵਾਨ ਨਗਰ, ਸ਼ਕਤੀ ਨਗਰ, ਡਿਸਪੋਜਲ ’ਤੇ ਮੋਟਰ ਖਰਾਬ ਹੋਣ ਦੀ ਵਜ੍ਹਾ ਨਾਲ ਨਾਲ ਲੱਗਦੇ ਏਰੀਆ ਵਿਚ ਸੀਵਰੇਜ ਜਾਮ ਹੋਣ ਦੀ ਸਮੱਸਿਆ ਆਈ ਸੀ ਜਿਸ ਨੂੰ ਹੱਲ ਕਰਵਾ ਦਿੱਤਾ ਗਿਆ ਹੈ। ਇਸਦੇ ਇਲਾਵਾ ਕੁਝ ਏਰੀਆ ਸੜਕਾਂ ਬਣਾਉਣ ਦੇ ਬਾਅਦ ਰੋਡ ਜਾਲੀਆਂ ਵਿਚ ਮਲਬਾ ਡਿੱਗਣ ਦੀ ਵਜ੍ਹਾ ਨਾਲ ਪਾਣੀ ਦੀ ਨਿਕਾਸੀ ਨਾ ਹੋਣ ਦੀ ਸਮੱਸਿਆ ਆਈ ਸੀ ਉਥੇ ਵੀ ਸਫਾਈ ਕਰਵਾ ਦਿੱਤੀ ਗਈ ਹੈ।

## ਚੱਲ ਗਈਆਂ ਗੋਲੀਆਂ, ਕੁਲਬੀਰ ਜੀਰਾ ਜਖਮੀ, ਨਾਮਜਦਗੀ ਵੇਲੇ ਪਿਆ ਰੌਲਾ

ਜੀਰਾ 2 ਅਕਤੂਬਰ। ਅੱਜ ਜੀਰਾ ਵਿਚ ਪੰਚਾਇਤੀ ਚੋਣਾਂ ਨੂੰ ਲੈ ਕੇ ਕਾਗਜ ਭਰਣ ਸਮੇਂ ਸਥਿਤੀ ਤਣਾਅਪੂਰਨ ਹੋ ਗਈ। ਇਸ ਦੌਰਾਨ ਵੱਡੇ ਪੱਧਰ ‘ਤੇ ਇੱਟਾਂ ਰੋੜੇ ਵੀ ਚੱਲੇ। ਸਥਿਤੀ ਨੂੰ ਕਾਬੂ ਕਰਨ ਲਈ ਪੁਲਸ ਨੂੰ ਗੋਲੀਆਂ ਵੀ ਚਲਾਉਣੀਆਂ ਪਈਆਂ। ਅੱਜ ਬਾਅਦ ਦੁਪਹਿਰ ਜਿਉਂ ਹੀ ਕੁਲਬੀਰ ਸਿੰਘ ਜੀਰਾ ਦੇ ਆਪਣੇ ਸਮਰਥਕਾਂ ਨਾਲ ਕਾਂਗਰਸੀ ਪੰਚਾਂ ਤੇ ਸਰਪੰਚ ਉਮੀਦਵਾਰਾਂ ਦੇ ਕਾਗਜ ਦਾਖਲ ਕਰਨ ਲਈ ਜੀਰਾ ਦੇ ਮੇਨ ਚੌਕ ਦੇ ਨਜਦੀਕ ਸੀਨੀਅਰ ਸੈਕੰਡਰੀ ਸਕੂਲ ਵੱਲ ਵੱਧ ਰਹੇ ਸਨ ਤਾਂ ਇਸੇ ਦੌਰਾਨ ਉੱਥੇ ਮੌਜੂਦ ਇਕ ਹੋਰ ਸਿਆਸੀ ਪਾਰਟੀ ਦੇ ਸਮਰਥਕ ਵੀ ਆ ਗਏ। ਮਾਹੌਲ ਭਖਣ ਕਾਰਨ ਇੱਕੋਦਮ ਦੋਵਾਂ ਧਿਰਾਂ ਵਿਚਕਾਰ ਇੱਟਾਂ-ਰੋੜੇ ਚੱਲ ਗਏ। ਇਸ ਦੌਰਾਨ ਗੋਲੀਆਂ ਚੱਲਣ ਦੀ ਵੀ ਜਾਣਕਾਰੀ ਸਾਹਮਣੇ ਆਈ ਹੈ। ਪੂਰੀ ਘਟਨਾ ਵਿਚ ਪੱਥਰਬਾਜੀ ਕਾਰਨ ਸਾਬਕਾ ਵਿਧਾਇਕ ਕੁਲਬੀਰ ਸਿੰਘ ਜੀਰਾ ਜਖਮੀ ਹੋਏ ਹਨ। ਦੂਜੇ ਪਾਸੇ ਮੌਕੇ ‘ਤੇ ਮੌਜੂਦ ਫਿਰੋਜਪੁਰ ਪੁਲਸ ਸਥਿਤੀ ਨੂੰ ਕਾਬੂ ਕਰਨ ਲਈ ਜੱਦੋ-ਜਹਿਦ ਕਰ ਰਹੀ ਸੀ। ਪੁਲਸ ਵੱਲੋਂ ਪਾਣੀ ਦੀਆਂ ਵਾਛੜਾਂ ਵੀ ਸੁੱਟੀਆਂ ਗਈਆਂ। ਹਾਲਾਂਕਿ ਗੋਲੀਆਂ ਪੁਲਸ ਨੇ ਚਲਾਈਆਂ ਜਾਂ ਫ਼ਿਰ ਦੋਹਾਂ ਪਾਰਟੀਆਂ ਦੇ ਕਿਸੇ ਸਮਰਥਕਾਂ ਨੇ, ਇਹ ਅਜੇ ਸਪਸ਼ਟ ਨਹੀਂ ਹੋ ਪਾਇਆ।

# ਜਾਨਵਰ ਦੇ ਵੱਢੇ, ਚੱਟੇ ਜਾਂ ਖਰੋਚਾਂ ਨੂੰ ਅਣਦੇਖਿਆ ਕਰਨਾ ਹੋ ਸਕਦੈ ਜਾਨਲੇਵਾ !

ਬਰਨਾਲਾ 2 ਅਕਤੂਬਰ। ਸਿਹਤ ਵਿਭਾਗ ਬਰਨਾਲਾ ਵੱਲੋਂ ਡਾ. ਤਪਿੰਦਰਜੋਤ ਕੌਸਲ ਸਿਵਲ ਸਰਜਨ ਬਰਨਾਲਾ ਦੇ ਨਿਰਦੇਸ਼ਾਂ ਅਧੀਨ ਜ਼ਿਲ੍ਹੇ ਦੀਆਂ ਵੱਖ-ਵੱਖ ਸਰਕਾਰੀ ਸਿਹਤ ਸੰਸਥਾਵਾਂ ’ਚ ‘ਵਿਸ਼ਵ ਰੇਬੀਜ਼ ਦਿਵਸ’ ‘ਆਲ ਫਾਰ ਵੰਨ, ਵੰਨ ਹੈਲਥ ਫਾਰ ਆਲ’ ਵਿਸ਼ੇ ਤਹਿਤ ਮਨਾਇਆ ਜਾ ਰਿਹਾ ਹੈ। ਡਾ. ਕੌਸਲ ਨੇ ਦੱਸਿਆ ਕਿ ਜਾਨਵਰ ਦੇ ਵੱਢੇ, ਚੱਟੇ ਜਾਂ ਖਰੋਚਾਂ ਨੂੰ ਕਦੀ ਅਣਦੇਖਾ ਨਹੀਂ ਕਰਨਾ ਚਾਹੀਦਾ ਸਗੋਂ ਕੁਝ ਛੋਟੀਆਂ ਗੱਲਾਂ ਦਾ ਖਿਆਲ ਰੱਖ ਕੇ ਬਚਾਅ ਕੀਤਾ ਜਾ ਸਕਦਾ ਹੈ। ਜਿਵੇਂ ਹਲਕਾਅ ਤੋਂ ਬਚਾਅ ਲਈ ਆਪਣੇ ਪਾਲਤੂ ਜਾਨਵਰਾਂ ਦਾ ਟੀਕਾਕਰਨ ਕਰਵਾਉਂਦੇ ਰਹਿਣਾ ਚਾਹੀਦਾ ਹੈ, ਪਾਲਤੂ ਜਾਨਵਰ ਨੂੰ ਜਰੂਰਤ ਅਨੁਸਾਰ ਖੁਰਾਕ ਅਤੇ ਰਹਿਣ ਲਈ ਸੁਰੱਖਿਅਤ ਜਗ੍ਹਾ ਦੇਣੀ ਚਾਹੀਦੀ ਹੈ, ਪਾਲਤੂ ਕੁੱਤੇ ਅਤੇ ਬਿੱਲੀ ਨੂੰ ਗਲੀਆਂ ਅਤੇ ਜਨਤਕ ਥਾਵਾਂ ’ਤੇ ਖੁੱਲ੍ਹਾ ਨਾ ਛੱਡੋ, ਜਾਨਵਰਾਂ ਦੁਆਰਾ ਵੱਢੇ ਜਖਮ ਨੂੰ ਸਾਬਣ ਅਤੇ ਚਲਦੇ



ਪਾਣੀ ਜਾਂ ਮੌਕੇ ’ਤੇ ਉਪਲੱਬਧ ਡਿਸਇਨਫੈਕਟੈਂਟ ਨਾਲ ਤੁਰੰਤ ਧੋਣਾ ਚਾਹੀਦਾ ਹੈ। ਡਾ. ਮੁਨੀਸ ਕੁਮਾਰ ਜ਼ਿਲਾ ਐਪੀਡੀਮੋਲੋਜਿਸਟ ਨੇ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਜਾਨਵਰਾਂ ਦੇ ਕੱਟੇ ਜਾਣ ’ਤੇ ਇਲਾਜ ਲਈ ਟੀਕੇ ਸਰਕਾਰੀ ਜ਼ਿਲਾ ਹਸਪਤਾਲਾਂ, ਸਬ ਡਵੀਜਨਲ ਹਸਪਤਾਲ ਅਤੇ ਕਮਿਊਨਟੀ ਹੈਲਥ ਸੈਂਟਰਾਂ ’ਚ ਬਿਲਕੁਲ ਮੁਫਤ ਲਾਏ ਜਾਂਦੇ ਹਨ। ਉਨ੍ਹਾਂ ਕਿਹਾ ਕਿ ਹਲਕਾਅ ਦੀ ਬੀਮਾਰੀ ਮਨੁੱਖਾਂ ਅਤੇ ਕੁੱਤੇ ਲਈ ਜਾਨਲੇਵਾ ਹੈ। ਜੇਕਰ ਕੁੱਤੇ ਨੂੰ ਹਲਕਾਅ ਦੀ ਬੀਮਾਰੀ ਹੋਵੇ ਤਾਂ ਉਸ ਦੇ ਵੱਢਣ ਨਾਲ ਵੀ ਹਲਕਾਅ ਦੀ ਬੀਮਾਰੀ ਹੋ ਸਕਦੀ ਹੈ। ਇਸ ਲਈ ਅਜਿਹੇ ਕੁੱਤੇ ਦੇ ਵੱਢੇ ਉਪਰੰਤ ਡਾਕਟਰੀ ਸਹਾਇਤਾ ਲਓ ਅਤੇ ਆਪਣਾ ਜੀਵਨ ਬਚਾਓ। ਇਸ ਮੌਕੇ ਕੁਲਦੀਪ ਸਿੰਘ ਮਾਨ ਜ਼ਿਲਾ ਮਾਸ ਮੀਡੀਆ ਤੇ ਸੂਚਨਾ ਅਫਸਰ ਅਤੇ ਹਰਜੀਤ ਸਿੰਘ ਜ਼ਿਲਾ ਬੀ. ਸੀ. ਸੀ. ਕੋਆਰਡੀਨੇਟਰ ਨੇ ਦੱਸਿਆ ਕਿ ਕੁੱਤਿਆਂ ਨੂੰ ਕਦੇ ਵੀ ਤੰਗ ਨਾ ਕਰੋ ਅਤੇ ਉਨ੍ਹਾਂ ਨਾਲ ਦੁਰਵਿਹਾਰ ਨਾ ਕਰੋ ਅਤੇ ਆਪਣੇ ਮਾਪੇ ਅਧਿਆਪਕ ਅਤੇ ਦੋਸਤਾਂ ਨੂੰ ਯਾਦ ਕਰਵਾਓ ਕਿ ਹਰ ਸਾਲ ਕੁੱਤਿਆਂ ਦਾ ਟੀਕਾਕਰਨ ਕਰਵਾਓ ਤਾਂ ਜੋ ਹਲਕਾਅ ਦੀ ਬੀਮਾਰੀ ਨੂੰ ਰੋਕਿਆ ਜਾ ਸਕੇ।

## ਪੰਜਾਬ ਪੁਲਸ ਵੱਲੋਂ ਅੰਤਰਰਾਜੀ ਹਥਿਆਰ ਤਸਕਰੀ ਦੇ ਮਾਡਿਊਲ ਦਾ ਪਰਦਾਫਾਸ

ਅੰਮ੍ਰਿਤਸਰ 2 ਅਕਤੂਬਰ। ਖੁਫੀਆ ਸੂਚਨਾ ‘ਤੇ ਕਾਰਵਾਈ ਕਰਦੇ ਹੋਏ ਪੰਜਾਬ ਪੁਲਸ ਨੇ ਇੱਕ ਅੰਤਰਰਾਜੀ ਹਥਿਆਰਾਂ ਦੀ ਤਸਕਰੀ ਦੇ ਮਾਡਿਊਲ ਦਾ ਪਰਦਾਫਾਸ ਕੀਤਾ ਹੈ। ਇਸ ਦੀ ਜਾਣਕਾਰੀ ਪੰਜਾਬ ਦੇ ਡੀ. ਜੀ. ਪੀ ਗੌਰਵ ਯਾਦਵ ਨੇ ਆਪਣੇ ਐਕਸ ਅਕਾਊਂਟ ‘ਤੇ ਸਾਂਝੀ ਕੀਤੀ ਹੈ। ਉਨ੍ਹਾਂ ਦੱਸਿਆ ਕਿ ਖੁਫੀਆ ਸੂਚਨਾ ‘ਤੇ ਕਾਰਵਾਈ ਕਰਦੇ ਹੋਏ ਪੰਜਾਬ ਪੁਲਸ ਨੇ ਇੱਕ ਅੰਤਰਰਾਜੀ ਹਥਿਆਰਾਂ ਦੀ ਤਸਕਰੀ ਦੇ ਮਾਡਿਊਲ ਦਾ ਪਰਦਾਫਾਸ ਕਰਦੇ ਹੋਏ ਵਿਦੇਸੀ ਅੱਤਵਾਦੀ ਲਖਬੀਰ ਉਰਫ ਲੰਡਾ ਦੇ ਦੋ ਸੰਚਾਲਕਾਂ ਨੂੰ ਗ੍ਰਿਫਤਾਰ ਕੀਤਾ ਅਤੇ ਮੈਗਜੀਨਾਂ ਅਤੇ ਗੋਲਾ ਬਾਰੂਦ ਸਮੇਤ ਛੇ ਆਧੁਨਿਕ ਪਿਸਤੌਲ ਬਰਾਮਦ ਕੀਤੇ। ਉਨ੍ਹਾਂ ਅੱਗੇ ਦੱਸਿਆ ਸਟੇਟ ਸਪੈਸਲ ਆਪ੍ਰੇਸਨ ਸੈੱਲ ()ਅੰਮ੍ਰਿਤਸਰ ‘ਚ ਐੱਫ. ਆਈ. ਆਰ. ਦਰਜ ਕੀਤੀ ਗਈ ਸੀ। ਬਾਕੀ ਦੋਸੀਆਂ ਨੂੰ ਗ੍ਰਿਫਤਾਰ ਕਰਨ ਅਤੇ ਮੱਧ ਪ੍ਰਦੇਸ ਤੋਂ ਗੈਰ-ਕਾਨੂੰਨੀ ਹਥਿਆਰਾਂ ਦੀ ਤਸਕਰੀ ਨੂੰ ਖਤਮ ਕਰਨ ਲਈ ਅੱਗਲੇ ਅਤੇ ਪਿੱਛਲੇ ਲਿੰਕ ਸਥਾਪਤ ਕਰਨ ਲਈ ਜਾਂਚ ਜਾਰੀ ਹੈ। ਸੰਗਠਿਤ ਅਪਰਾਧ ਅਤੇ ਗੈਰ-ਕਾਨੂੰਨੀ ਹਥਿਆਰਾਂ ਦੇ ਨੈੱਟਵਰਕ ‘ਚ ਸਾਮਲ ਸਾਰੇ ਲੋਕਾਂ ਖ਼ਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਪੰਜਾਬ ਪੁਸਲ ਮਾਨਯੋਗ ਮੁੱਖ ਮੰਤਰੀ ਭਗਵੰਤ ਮਾਨ ਦੀਆਂ ਹਦਾਇਤਾਂ ਅਨੁਸਾਰ 100% ਵਚਨਬੱਧ ਹੈ।

## ਜੌੜਾ ਫਾਟਕ ਨੇੜੇ ਹਾਵੜਾ ਐਕਸਪ੍ਰੈੱਸ ਨੂੰ ਲੱਗੀ ਭਿਆਨਕ ਅੱਗ

ਅੰਮ੍ਰਿਤਸਰ 2 ਅਕਤੂਬਰ। ਅੰਮ੍ਰਿਤਸਰ ਰੇਲਵੇ ਸਟੇਸਨ ਤੋਂ ਇਕ ਕਿਲੋਮੀਟਰ ਦੂਰ ਅੰਮ੍ਰਿਤਸਰ-ਹਾਵੜਾ ਮੇਲ ਦੇ ਇਕ ਡੱਬੇ ਵਿਚ ਸਨੀਵਾਰ ਸਾਮ ਨੂੰ ਅੱਗ ਲੱਗ ਗਈ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਇਸ ਘਟਨਾ ਵਿਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਅਧਿਕਾਰੀਆਂ ਨੇ ਦੱਸਿਆ ਕਿ ਦਿੱਲੀ ਜਾਣ ਵਾਲੀ ਰੇਲ ਗੱਡੀ ਹੌਲੀ-ਹੌਲੀ ਚੱਲ ਰਹੀ ਸੀ, ਉਦੋਂ ਅੰਮ੍ਰਿਤਸਰ ਦੇ ਜੌੜਾ ਫਾਟਕ ਨੇੜੇ ਇਕ ਕੋਚ ਨੂੰ ਅੱਗ ਲੱਗ ਗਈ। ਉਨ੍ਹਾਂ ਦੱਸਿਆ ਕਿ ਜਦੋਂ ਟ੍ਰੇਨ ਦੇ ਡਰਾਈਵਰ ਨੂੰ ਇਸ ਬਾਰੇ ਜਾਣਕਾਰੀ ਮਿਲੀ ਤਾਂ ਤੁਰੰਤ ਟ੍ਰੇਨ ਨੂੰ ਰੋਕ ਦਿੱਤਾ ਗਿਆ। ਅੱਗ ‘ਤੇ ਕਾਬੂ ਪਾਉਣ ਲਈ ਤੁਰੰਤ ਫਾਇਰ ਫਾਈਟਰਜ ਨੂੰ ਬੁਲਾਇਆ ਗਿਆ।

# ਅਦਾਲਤ ‘ਚੋਂ ਫਰਾਰ ਮੁਲਜਮ ਨੂੰ ਪੁਲਸ ਨੇ ਕੁਝ ਹੀ ਘੰਟਿਆਂ ‘ਚ ਕੀਤਾ ਕਾਬੂ

ਖਰੜ 2 ਅਕਤੂਬਰ। ਬੀਤੇ ਕੱਲ੍ਹ ਖਰੜ ਕੋਰਟ ਕੰਪਲੈਕਸ ‘ਚੋਂ ਪੁਲਸ ਨੂੰ ਚਕਮਾ ਦੇ ਕੇ ਫਰਾਰ ਹੋਇਆ ਦੋਸੀ ਮਨਜੀਤ ਸਿੰਘ ਵਾਸੀ ਪਿੰਡ ਟੱਪਰੀਆਂ, ਚਮਕੌਰ ਸਾਹਿਬ ਜ਼ਿਲ੍ਹਾ ਰੂਪਨਗਰ ਨੂੰ ਪੁਲਸ ਵਲੋਂ ਫਰਾਰ ਹੋਣ ਦੇ ਕਰੀਬ 6 ਘੰਟਿਆਂ ‘ਚ ਮੁੜ ਇਥੋਂ ਦੇ ਬਡਾਲਾ ਰੋਡ ਟੀ-ਪੁਆਇੰਟ ਨੇੜੇ ਤੋਂ ਕਾਬੂ ਕਰ ਲਿਆ ਗਿਆ। ਪੁਲਸ ਵਲੋਂ ਇਸ ਮਾਮਲੇ ਅੰਦਰ ਦੋਸੀ ਮਨਜੀਤ ਸਿੰਘ ਨੂੰ ਫਰਾਰ ਹੋਣ ‘ਚ ਮਦਦ ਕਰਨ ਵਾਲੇ ਉਸਦੇ 4 ਹੋਰ ਸਾਥੀਆਂ ਜਿਨ੍ਹਾਂ ‘ਚ ਸਾਲਾ ਹਰਭਜਨ ਸਿੰਘ ਵਾਸੀ ਪਟਿਆਲਾ ਅਰਬਨ ਸਟੇਟ, ਦੋਸਤ ਬਲਜੀਤ ਸਿੰਘ, ਹੋਰ ਰਿਸਤੇਦਾਰਾਂ ‘ਚੋਂ ਹਰਨੇਕ ਸਿੰਘ ਅਤੇ ਪਰਮਜੀਤ ਸਿੰਘ ਖ਼ਿਲਾਫ ਬੀਐੱਨਐੱਸ ਦੀ ਧਾਰਾ 262,221, 132,126 (2) ਖ਼ਿਲਾਫ ਮਾਮਲਾ ਦਰਜ ਕੀਤਾ ਹੈ। ਜਿਨ੍ਹਾਂ ਨੂੰ ਕਾਬੂ ਕਰਨ ਲਈ ਪੁਲਸ ਵਲੋਂ ਛਾਪੇਮਾਰੀ ਕੀਤੀ ਜਾ ਰਹੀ ਹੈ। ਸਿਟੀ ਪੁਲਸ ਤੋਂ ਤਫਤੀਸੀ ਏਐੱਸਆਈ ਦੌਲਤ ਸਿੰਘ ਨੇ ਦੱਸਿਆ ਕਿ ਬੀਤੇ ਕੱਲ੍ਹ ਥਾਣਾ ਬਲੌਂਗੀ ਤੋਂ ਏਐੱਸਆਈ ਸੁਖਵਿੰਦਰ ਸਿੰਘ ਸਣੇ ਹੌਲਦਾਰ ਜਸਵਿੰਦਰ ਸਿੰਘ ਅਤੇ ਸਿਪਾਹੀ ਅਜੇ ਗਿੱਲ ਸੰਨ 1990 ਅੰਦਰ ਦਰਜ ਮੁਕੱਦਮਾ ਐਕਸਾਇਜ ਐਕਟ ਦੇ ਦੋਸੀ ਉਕਤ ਮਨਜੀਤ ਸਿੰਘ ਜਿਸਨੂੰ ਅਦਾਲਤ ਵਲੋਂ ਭਗੌੜਾ ਘੋਸ਼ਿਤ ਕੀਤਾ ਗਿਆ ਸੀ ਤੋਂ ਇਲਾਵਾ ਥਾਣਾ ਬਲੌਂਗੀ ਅਧੀਨ ਦਰਜ 2 ਹੋਰ ਮਾਮਲਿਆਂ ਦੇ ਦੋਸੀਆਂ ਨੂੰ ਅਦਾਲਤ ‘ਚ ਪੇਸ ਕਰਨ ਲਈ ਖਰੜ ਅਦਾਲਤ ਪੁੱਜੇ ਸਨ, ਜਿਥੇ ਪਹਿਲਾਂ ਤੋਂ ਮੌਜੂਦ ਮਨਜੀਤ ਸਿੰਘ ਦੇ ਉਕਤ ਹਮਰਾਜ ਦੋਸੀਆਂ ਨੇ ਪੁਲਸ ਮੁਲਾਜਮਾਂ ਨਾਲ ਇਹ




ਆਖ ਬਹਿਸ ਸੁਰੂ ਕਰ ਦਿੱਤੀ ਕਿ ਪੁਲਸ ਵਲੋਂ ਮਨਜੀਤ ਸਿੰਘ ਨੂੰ ਗਲਤ ਗ੍ਰਿਫਤਾਰ ਕੀਤਾ ਹੈ। ਅਜਿਹਾ ਆਖਦੀਆਂ ਉਕਤ ਵਿਅਕਤੀਆਂ ਨੇ ਸੋਚੀ ਸਮਝੀ ਸਾਜ਼ਿਸ ਤਹਿਤ ਉਨ੍ਹਾਂ ਨਾਲ ਧੱਕਾ-ਮੁੱਕਾ ਕਰਦਿਆਂ ਨਾ ਸਿਰਫ ਪੁਲਸ ਦੀ ਡਿਊਟੀ ਵਿਚ ਵਿਘਨ ਪਾਇਆ ਸਗੋਂ ਮਨਜੀਤ ਸਿੰਘ ਨੂੰ ਵੀ ਉਥੋਂ ਖਿਸਕ ਜਾਣ ਚ ਮਦਦ ਕੀਤੀ। ਜਿਸਨੂੰ ਕਾਬੂ ਕਰਨ ਦੀ ਮੁਲਾਜਮਾਂ ਵੱਲੋਂ ਕੋਸ਼ਿਸ ਵੀ ਕੀਤੀ ਗਈ ਪਰ ਉਕਤ ਉਥੋਂ ਫਰਾਰ ਹੋ ਗਿਆ ਜਦੋਂ ਕਿ ਉਸਦੇ ਰਿਸਤੇਦਾਰ ਪਟਿਆਲਾ ਰਜਿਸਟਰਡ ਇਕ ਕੀਆ ਕਾਰ ‘ਚ ਸਵਾਰ ਹੋਕੇ ਭੱਜਣ ‘ਚ ਕਾਮਯਾਬ ਹੋ ਗਏ। ਇਸ ਘਟਨਾ ਪਿੱਛੋਂ ਪੁਲਸ ਦੀਆਂ ਵੱਖ-ਵੱਖ ਟੀਮਾਂ ਦਾ ਗਠਨ ਕਰ ਉਨ੍ਹਾਂ ਨੂੰ ਮੁਲਜਮਾਂ ਦੇ ਛਿਪੇ ਹੋਣ ਦੀਆਂ ਸੱਕੀ ਥਾਵਾਂ ਉੱਤੇ ਰੇਡ ਕਰਨ ਲਈ ਰਵਾਨਾ ਕਰਨ ਤੋਂ ਇਲਾਵਾ ਮਨਜੀਤ ਸਿੰਘ ਜਿਸਨੂੰ ਉਕਤ ਸਰਾਬ ਦੀ ਨਜਾਇਜ ਤਸਕਰੀ ਦੇ ਦੋਸ ਤਹਿਤ ਅਰਸਾ ਕਰੀਬ 33 ਸਾਲ ਪਹਿਲਾਂ ਨਾਮਜਦ ਮੁਕਦਮੇ “ਚ ਅਦਾਲਤ ਵਲੋਂ ਭਗੋੜਾ ਐਲਾਨ ਕਰ ਦਿੱਤਾ ਗਿਆ ਸੀ ਜੋ ਇਸ ਪਿੱਛੋਂ ਜਰਮਨ ਵਿਦੇਸ ਚਲਾ ਗਿਆ ਸੀ ਦੇ ਮੁੜ ਅਦਾਲਤ ‘ਚੋਂ ਫਰਾਰ ਹੋਣ ਪਿੱਛੋਂ ਜਰਮਨ ਭੱਜ ਜਾਣ ਦੀ ਪੁਲਸ ਨੂੰ ਸੂਚਨਾ ਹਾਸਲ ਸੀ, ਸੰਬੰਧੀ ਲੁੱਕ ਆਊਟ ਨੋਟਿਸ ਜਾਰੀ ਕਰ ਇਸਦੀ ਇਤਲਾਹ ਕੱਲ ਹੀ ਚੰਡੀਗੜ੍ਹ, ਦਿੱਲੀ ਅਤੇ ਅੰਮ੍ਰਿਤਸਰ ਹਵਾਈ ਅੱਡਾ ਅਥਾਰਟੀ ਨੂੰ ਘੱਲ ਦਿੱਤੀ ਗਈ ਸੀ ਤਾਂ ਜੋ ਉਸਨੂੰ ਕਾਬੂ ਕੀਤਾ ਜਾ ਸਕੇ ਪਰ ਉਕਤ ਦੋਸੀ ਨੂੰ ਏਅਰਪੋਰਟ ਪੁੱਜਣ ਤੋਂ ਪਹਿਲਾਂ ਹੀ ਬਡਾਲਾ ਰੋਡ ਤੋਂ ਦਬੋਚ ਲਿਆ ਗਿਆ। ਜਦੋਂ ਕਿ ਉਸਦੇ ਬਾਕੀ ਸਾਥੀਆਂ ਦੀ ਭਾਲ ਕੀਤੀ ਜਾ ਰਹੀ ਹੈ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814
Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

## ਫਾਜ਼ਿਲਕਾ ਵਿਖੇ ਹੋਣ ਵਾਲੇ 20 ਕਰੋੜ ਦੇ ਵਿਕਾਸ ਕਾਰਜਾਂ ਦੇ ਮਤੇ ਪਾਸ

ਫਾਜ਼ਿਲਕਾ 2 ਅਕਤੂਬਰ। ਨਗਰ ਕੌਂਸਲ ਫਾਜ਼ਿਲਕਾ ਵਿਖੇ ਵਿਧਾਇਕ ਨਰਿੰਦਰ ਪਾਲ ਸਿੰਘ ਸਵਨਾ ਦੀ ਅਗਵਾਈ ਹੇਠ ਐੱਮ. ਸੀ. ਦੀ ਹਾਜ਼ਰੀ 'ਚ 20 ਕਰੋੜ ਰੁਪਏ ਦੇ ਵਿਕਾਸ ਕਾਰਜਾਂ ਦੇ ਮਤੇ ਪਾਸ ਕੀਤੇ ਗਏ, ਜੋਕਿ



ਆਉਂਦੇ ਸਾਲ 'ਚ ਮੁਕੰਮਲ ਕਰ ਲਏ ਜਾਣਗੇ। ਜਿਸ ਦੀ ਪੂਰਤੀ ਨਾਲ ਸ਼ਹਿਰਾਂ ਦੀ ਨੁਹਾਰ ਬਦਲੇਗੀ। ਵਿਧਾਇਕ ਫਾਜ਼ਿਲਕਾ ਨਰਿੰਦਰ ਪਾਲ ਸਿੰਘ ਸਵਨਾ ਨੇ ਕਿਹਾ ਕਿ ਸ਼ਹਿਰ ਦੇ ਵਿਕਾਸ 'ਚ ਕੋਈ ਢਿੱਲ ਮੱਠ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਸ਼ਹਿਰ ਅੰਦਰ 20 ਕਰੋੜ ਦੇ ਵੱਖ-ਵੱਖ ਵਿਕਾਸ ਕਾਰਜ ਉਲੀਕੇ ਜਾਣਗੇ। ਸ਼ਹਿਰ ਦੇ ਵਿਕਾਸ 'ਚ ਲਗਾਤਾਰ ਕਾਰਵਾਈਆਂ ਅਮਲ 'ਚ ਲਿਆਂਦੀਆਂ ਜਾ ਰਹੀਆਂ ਹਨ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕਰਦਿਆ ਕਿਹਾ ਕਿ ਵਿਕਾਸ ਪ੍ਰਾਜੈਕਟਾ ਸਮੇਂ ਸਿਰ ਮੁਕੰਮਲ ਕੀਤੇ ਜਾਣ ਅਤੇ ਪ੍ਰਾਜੈਕਟਾਂ ਨੂੰ ਪੂਰਾ ਕਰਨ 'ਚ ਮਟੀਰੀਅਲ ਚੰਗਾ ਵਰਤਿਆ ਜਾਵੇ। ਇਸ ਮੌਕੇ ਪ੍ਰਧਾਨ ਨਗਰ ਕੌਂਸਲ ਸੁਰਿੰਦਰ ਸਚਦੇਵਾ, ਗਉ ਸੇਵਾ ਕਮਿਸ਼ਨ ਮੈਂਬਰ ਅਰੁਣ ਵਧਵਾ, ਐੱਮ. ਸੀ. ਅਮਨ ਦੁਰੇਜਾ, ਵਿਨੀਤਾ ਗਾਂਧੀ, ਪੂਜਾ ਲੁਥਰਾ, ਸੀਨੀਅਰ ਆਗੂ ਸੁਨੀਲ ਮੈਣੀ, ਬੰਸੀ ਸਾਮਾ ਮੌਜੂਦ ਸਨ।

# ਇਮੀਗ੍ਰੇਸ਼ਨ ਸੈਂਟਰ 'ਤੇ ਗੋਲੀਬਾਰੀ ਲਈ ਬੈਕਅਪ ਵਜੋਂ ਤਿਆਰ ਸ਼ੂਟਰ ਗ੍ਰਿਫ਼ਤਾਰ

ਡੇਰਾਬਸੀ 2 ਅਕਤੂਬਰ। ਬੀਤੇ ਦਿਨੀਂ ਡੇਰਾਬਸੀ ਇਮੀਗਰੇਸਨ ਸੈਂਟਰ 'ਤੇ ਫਾਇਰਿੰਗ ਕਰਨ ਦੀ ਯੋਜਨਾ ਬਣਾਉਣ ਵਾਲੇ ਦੋ ਮੁੱਖ ਦੋਸ਼ੀਆਂ ਨੂੰ ਡੇਰਾਬਸੀ ਪੁਲਸ ਨੇ ਗ੍ਰਿਫਤਾਰ ਕਰਨ ਵਿਚ ਸਫਲਤਾ ਹਾਸਲ ਕੀਤੀ। ਦੋਵੇਂ ਮੁਲਜਮ ਲਾਰੈਂਸ ਬਿਸਨੋਈ ਤੇ ਗੋਲਡੀ ਬਰਾੜ ਗੈਂਗ ਦੇ ਕਾਰਕੁੰਨ ਹਨ। ਮੁਲਜਮਾਂ ਦੀ ਪਛਾਣ ਨਿਤੀਸ ਕੁਮਾਰ ਉਰਫ ਨਿੱਕੂ ਰਾਣਾ ਵਾਸੀ ਲਾਲੜੂ ਅਤੇ ਗੁਰਕੀਰਤ ਸਿੰਘ ਬੇਦੀ ਵਾਸੀ ਡੇਰਾਬਸੀ ਵਜੋਂ ਹੋਈ ਹੈ। ਜਿਨ੍ਹਾਂ ਨੂੰ ਪੁਲਸ ਲਾਲੜੂ ਦੇ ਝਰਮੜੀ ਬੈਰੀਅਰ ਤੋਂ ਗ੍ਰਿਫ਼ਤਾਰ ਕੀਤਾ ਗਿਆ ਹੈ । ਗੁਰਕੀਰਤ ਨੂੰ ਇਮੀਗ੍ਰੇਸ਼ਨ ਸੈਂਟਰ ਵਿਚ ਗੋਲੀਬਾਰੀ ਲਈ ਬੈਕਅਪ ਸ਼ੂਟਰ ਵੱਜੋਂ ਤਿਆਰ ਕੀਤਾ ਗਿਆ ਸੀ। ਗ੍ਰਿਫ਼ਤਾਰ ਮੁਲਜਮਾਂ ਤੋਂ ਦੋ ਪਿਸਤੌਲ, ਪੰਜ ਜਿੰਦਾ ਕਾਰਤੂਸਾਂ ਸਮੇਤ ਇਕ ਮਹਿੰਦਰਾ ਬਲੈਰੋ ਜਬਤ ਕੀਤੀ ਗਈ ਹੈ । ਡੀਐੱਸਪੀ ਬਿਕਰਮਜੀਤ ਸਿੰਘ ਬਰਾੜ ਨੇ ਕਾਨਫਰੰਸ ਦੌਰਾਨ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਮੁਲਜ਼ਮ 19 ਸਤੰਬਰ ਨੂੰ ਡੇਰਾਬਸੀ ਵਿਖੇ ਇਕ ਇਮੀਗਰੇਸਨ ਸੈਂਟਰ ਵਿਚ ਵਾਪਰੀ ਗੋਲੀਬਾਰੀ ਦੀ ਘਟਨਾ ਦੇ ਮੁੱਖ ਦੋਸੀ ਹਨ ਇਨ੍ਹਾਂ ਦੇ ਹੀ ਕਹਿਣ ਉੱਤੇ ਪਹਿਲਾਂ ਗ੍ਰਿਫ਼ਤਾਰ ਕੀਤੇ ਮੁਲਜਮਾਂ ਨੇ ਵਾਰਦਾਤ ਨੂੰ ਅੰਜਾਮ ਦਿੱਤਾ ਸੀ। ਇਮੀਗ੍ਰੇਸ਼ਨ ਸੈਂਟਰ ਤੇ ਫਾਇਰਿੰਗ ਕਰਨ ਲਈ ਹਥਿਆਰ ਮੁਲਜਮ ਨਿੱਕੂ ਰਾਣਾ ਵੱਲੋਂ ਮੁਹੱਈਆ ਕਰਵਾਏ ਗਏ ਸਨ। ਨਿੱਕੂ ਰਾਣਾ ਵਿਦੇਸੀ ਹੈਂਡਲਰ ਗੋਲਡੀ ਬਰਾੜ ਅਤੇ ਸਾਬਾ ਅਮਰੀਕਾ ਦੇ ਸੰਪਰਕ ਵਿਚ ਸੀ।



ਜਿਸ ਨੇ ਆਪਣੇ ਸਾਥੀ ਮਨਜੀਤ ਉਰਫ ਗੁਰੀ ਨਾਲ ਮਿਲ ਕੇ ਗੋਲੀਬਾਰੀ ਦੀ ਸਾਰੀ ਘਟਨਾ ਦੀ ਯੋਜਨਾ ਬਣਾਈ ਸੀ। ਵਾਰਦਾਤ ਨੂੰ ਅੰਜਾਮ ਦੇਣ ਲਈ ਤਿਹਾੜ ਜੇਲ ਵਿੱਚ ਬੰਦ ਮਨਜੀਤ ਉਰਫ ਗੁਰੀ ਅਤੇ ਗੈਂਗਸਟਰ ਸਚਿਨ ਬੰਜਾ ਵੱਲੋਂ ਨਿੱਕੂ ਅਤੇ ਗੁਰਕੀਰਤ ਨੂੰ ਦਿੱਲੀ ਤੋਂ ਹਥਿਆਰ ਮੁਹੱਈਆ ਕਰਵਾਏ ਸਨ। ਡੀਐੱਸਪੀ ਬਰਾੜ ਨੇ ਦੱਸਿਆ ਕਿ ਨਿੱਕੂ ਰਾਣਾ ਲਾਰੈਂਸ ਬਿਸਨੋਈ ਅਤੇ ਗੋਲਡੀ ਬਰਾੜ ਗਿਰੋਹ ਦਾ ਸਰਗਰਮ ਮੈਂਬਰ ਹੈ ਜੋ ਪਿਛਲੇ ਸਮੇਂ ਵਿਚ ਅਪਰਾਧਿਕ ਮਾਮਲਿਆਂ ਵਿਚ ਸਾਮਿਲ ਸੀ। ਜਿਸ ਨੂੰ ਫਰਵਰੀ 2023 ਵਿਚ ਗੋਲਡੀ ਬਰਾੜ ਦੇ ਕਹਿਣ 'ਤੇ ਦਵਿੰਦਰ ਬੰਬੀਹਾ ਗੈਂਗ ਨਾਲ ਜੁੜੇ ਇਕ ਵਿਰੋਧੀ ਨੂੰ ਖਤਮ ਕਰਨ ਦੀ ਯੋਜਨਾ ਬਣਾਉਣ ਲਈ ਗ੍ਰਿਫ਼ਤਾਰ ਕੀਤਾ ਗਿਆ ਸੀ। ਇਸ ਤੋਂ ਬਾਅਦ ਨਵੰਬਰ 2023 ਵਿਚ ਉਹ ਗੋਲਡੀ ਬਰਾੜ ਗੈਂਗ ਵਲੋਂ ਜੀਰਕਪੁਰ ਸਥਿਤ ਇਕ ਵਪਾਰੀ ਦੀ ਹੱਤਿਆ ਦੀ ਅਸਫਲ ਕੋਸ਼ਿਸ਼ ਲਈ ਮਨਜੀਤ ਉਰਫ ਗੁਰੀ ਨੂੰ ਲੋਜਿਸਟਿਕਸ ਅਤੇ ਹਥਿਆਰ ਮੁਹਈਆ ਕਰਵਾਉਣ ਵਿਚ ਵੀ ਉਸਦੀ ਸਮੂਲੀਅਤ ਸੀ । ਡੀਐਸਪੀ ਬਰਾੜ ਨੇ ਦੱਸਿਆ ਕਿ ਮੁਲਜਮਾਂ ਦੀ ਮੁੱਢਲੀ ਜਾਂਚ ਵਿਚ ਸਾਹਮਣੇ ਆਇਆ ਕਿ ਗੁਰਕੀਰਤ ਇਮੀਗ੍ਰੇਸ਼ਨ ਦਫਤਰ ਵਿਚ ਗੋਲੀਬਾਰੀ ਲਈ ਬੈਕਅਪ ਸ਼ੂਟਰ ਵੱਜੋਂ ਤਿਆਰ ਸੀ। ਮੁਲਜਮਾਂ ਨੂੰ ਐੱਫਆਈਆਰ ਨੰਬਰ 292 ਅਧੀਨ 111,109,308(5),333,351(2),351(3),3(5), 332-ਬੀ, 61(2) ਬੀਐੱਨਐੱਸ ਅਤੇ 25 ਤਹਿਤ ਗ੍ਰਿਫ਼ਤਾਰ ਕੀਤਾ ਗਿਆ ਹੈ।

## ਚਿੱਟੇ ਦਿਨ ਘਰ ਵੜ ਆਏ ਲੁਟੇਰਿਆਂ ਨਾਲ ਭਿੜ ਗਈ ਔਰਤ, ਵੀਡੀਓ ਦੇਖ ਖੜ੍ਹੇ ਹੋਣਗੇ ਰੌਂਗਟੇ

ਅੰਮ੍ਰਿਤਸਰ 2 ਅਕਤੂਬਰ। ਅੰਮ੍ਰਿਤਸਰ 'ਚ ਤਿੰਨ ਨੌਜਵਾਨਾਂ ਵੱਲੋਂ ਲੁੱਟ ਦੀ ਵਾਰਦਾਤ ਨੂੰ ਅੰਜਾਮ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ। ਦਰਅਸਲ ਇਹ ਘਟਨਾ ਵੇਰਕਾ ਦੇ ਸਟਾਰ ਐਵੀਨਿਊ ਇਲਾਕੇ ਦੀ ਹੈ ਜਿਥੇ ਲੁੱਟ ਕਰਨ ਆਏ ਨੌਜਵਾਨ ਦੀਆਂ ਤਸਵੀਰਾਂ ਸੀ. ਸੀ. ਟੀ. ਵੀ. ਕੈਮਰੇ 'ਚ ਕੈਦ ਹੋ ਗਈਆਂ ਹਨ। ਜਾਣਕਾਰੀ ਮੁਤਾਬਕ ਲੁਟੇਰੇ ਹਥਿਆਰਾਂ ਨਾਲ ਲੈਸ ਹੋ ਕੇ ਸੁਨਿਆਰੇ ਜਗਜੀਤ ਦੇ ਘਰ ਆਏ ਸਨ ਪਰ ਜਗਜੀਤ ਘਰ ਨਹੀਂ ਪਰ ਇਸ ਦੌਰਾਨ ਘਰ ਸੁਨਿਆਰੇ ਦੀ ਪਤਨੀ ਅਤੇ ਦੋ ਛੋਟੇ ਮਾਸੂਮ ਬੱਚੇ ਮੌਜੂਦ ਸਨ। ਪੀੜਤ ਔਰਤ ਨੇ ਦੱਸਿਆ ਕਿ ਲੁਟੇਰੇ ਘਰ ਦੀ ਕੰਧ ਟੱਪ ਕੇ ਘਰ ਅੰਦਰ ਦਾਖਲ ਹੋਏ ਅਤੇ ਇਸ ਦੌਰਾਨ ਉਨ੍ਹਾਂ ਕੋਲ ਤੇਜਧਾਰ ਹਥਿਆਰ ਵੀ ਸਨ। ਇਹ ਦੇਖਦਿਆਂ ਹੀ ਔਰਤ ਵੱਲੋਂ ਬਹਾਦਰੀ ਨਾਲ ਆਪਣੇ ਦੋਵੇਂ ਛੋਟੇ ਬੱਚਿਆਂ ਕਮਰੇ 'ਚ ਬੰਦ ਕੀਤਾ ਅਤੇ ਘਰ ਦੇ ਸਾਰੇ ਦਰਵਾਜੇ ਬੰਦ ਕਰਕੇ ਉੱਚੀ-ਉੱਚੀ ਮਦਦ ਲਈ ਆਵਾਜਾਂ ਲਗਾਉਣ ਲੱਗੀ। ਇਸ ਦੌਰਾਨ ਲੁਟੇਰੇ ਮੌਕੇ 'ਤੇ ਫਰਾਰ ਹੋ ਗਏ ਅਤੇ ਸਾਰੀ ਘਟਨਾ ਦੀਆਂ ਤਸਵੀਰਾਂ ਸੀ. ਸੀ. ਟੀ. ਵੀ. ਕੈਮਰੇ 'ਚ ਕੈਦ ਹੋ ਗਈਆਂ। ਇਸ ਦੌਰਾਨ ਪੂਰਾ ਪਰਿਵਾਰ ਸਹਿਮ ਦੇ ਮਾਹੌਲ 'ਚ ਹੈ। ਪੀੜਤ ਦਾ ਕਹਿਣਾ ਹੈ ਜਦੋਂ ਇਸ ਮਾਮਲੇ ਦੀ ਸੂਚਨਾ ਲਈ ਥਾਣਾ ਵੇਰਕੇ ਦੀ ਪੁਲਸ ਅਧਿਕਾਰੀ ਨੂੰ ਫੋਨ ਕੀਤਾ ਤਾਂ ਉਨ੍ਹਾਂ ਵੱਲੋਂ ਫੋਨ ਚੁੱਕਣਾ ਮੁਨਾਸਿਬ ਨਹੀਂ ਸਮਝਿਆ ਗਿਆ।

# ਫਲੈਟ ਦੀ ਡੀਲ ਦੌਰਾਨ ਲੱਖਾਂ ਦੀ ਠੱਗੀ ਮਾਰਨ ਪਿੱਛੋਂ ਚੱਲ ਰਿਹਾ ਸੀ ਫਰਾਰ, ਹੁਣ ਚੜ੍ਹ ਗਿਆ ਪੁਲਸ ਦੇ ਅੜਿੱਕੇ

ਖਰੜ 2 ਅਕਤੂਬਰ। ਸਥਾਨਕ ਸ਼ਿਵਾਲਿਕ ਸਿਟੀ ਵਿਖੇ ਸਥਿਤ ਐਲਾਈਟ ਹੋਮਜ ਸੋਸਾਇਟੀ ਦੇ ਇੱਕ ਫਲੈਟ ਨੂੰ ਵੇਚਣ ਦੇ ਨਾਂ ਤੇ ਲੱਖਾਂ ਰੁਪਏ ਦੀ ਕੀਤੀ ਗਈ ਧੋਖਾਧੜੀ ਸਬੰਧੀ ਜ਼ਿਲ੍ਹਾ ਹੁਸ਼ਿਆਰਪੁਰ ਦੇ ਰਹਿਣ ਵਾਲੇ ਇੰਦਰਜੀਤ ਸਿੰਘ ਨਾਮਕ ਵਿਅਕਤੀ ਦੀ ਸ਼ਿਕਾਇਤ 'ਤੇ ਖਰੜ ਸਿਟੀ ਪੁਲਸ ਨੇ ਖਰੜ ਦੇ ਹੀ ਰਹਿਣ ਵਾਲੇ ਕਰਤਾਰ ਸਿੰਘ ਨਾਮਕ ਪ੍ਰੌਪਰਟੀ ਡੀਲਰ ਖਿਲਾਫ ਬੀਤੇ ਜੂਨ ਮਹੀਨੇ ਅੰਦਰ ਦੋਸੀ ਖਿਲਾਫ ਧਾਰਾ 406, 420, 120ਬੀ ਦੇ ਤਹਿਤ ਮੁਕੱਦਮਾ ਦਰਜ ਕੀਤਾ ਸੀ। ਇਸ ਕਾਰਵਾਈ ਤੋਂ ਬਾਅਦ ਤੋਂ ਦੋਸੀ ਲਗਾਤਾਰ ਪੁਲਸ ਦੀ ਗ੍ਰਿਫਤ ਤੋਂ ਬਾਹਰ ਚੱਲ ਰਿਹਾ ਸੀ, ਪਰ ਉਸ ਨੂੰ ਆਖਿਰਕਾਰ ਕਾਬੂ ਕਰ ਲਿਆ ਗਿਆ, ਜਿਸ ਪਿੱਛੋਂ ਉਸ ਨੂੰ ਖਰੜ ਅਦਾਲਤ ਵਿੱਚ ਪੇਸ ਕੀਤਾ ਗਿਆ, ਜਿਥੋਂ ਉਸ ਨੂੰ ਦੋ ਦਿਨ ਦੇ ਪੁਲਸ ਰਿਮਾਂਡ 'ਤੇ ਭੇਜ ਦਿੱਤਾ ਗਿਆ ਹੈ। ਸ਼ਿਕਾਇਤਕਰਤਾ, ਫਲੈਟ ਨੰਬਰ 273 ਸ਼ਿਵਾਲਿਕ ਪਾਮ ਸਿਟੀ ਨਿਵਾਸੀ ਇੰਦਰਜੀਤ ਸਿੰਘ ਨੇ ਐੱਸ.ਐੱਸ.ਪੀ. ਨੂੰ ਦਿੱਤੀ ਸ਼ਿਕਾਇਤ ਵਿੱਚ ਦੱਸਿਆ ਕਿ ਉਸ ਨੇ ਸੈਕਟਰ 127, ਸ਼ਿਵਾਲਿਕ ਸਿਟੀ ਵਿੱਚ ਸਥਿਤ ਐਲਾਈਟ ਹੋਮਜ ਦੇ ਨੇੜੇ ਸਥਿਤ ਆਪਣਾ ਫਲੈਟ ਨੰਬਰ 15ਬੀ ਪ੍ਰਾਪਰਟੀ ਡੀਲਰ ਕਰਤਾਰ ਸਿੰਘ ਦੇ ਜਰੀਏ ਰੂਬਿਕਾ ਨਾਮਕ ਕਸਟਮਰ ਨੂੰ ਵੇਚਿਆ ਸੀ, ਜਿਸ ਫਲੈਟ ਦਾ ਸੌਦਾ 16 ਲੱਖ ਰੁਪਏ 'ਤੇ ਤੈਅ ਹੋਇਆ। ਇਸ ਤੋਂ ਬਾਅਦ ਫਲੈਟ ਦੀ ਰਜਿਸਟਰੀ ਕਰਵਾ ਦਿੱਤੀ ਗਈ। ਜਿਸ ਸਮੇਂ ਬੈਂਕ ਪੇਮੈਂਟ ਨਾਲ ਉਸ ਨੂੰ 7 ਲੱਖ ਰੁਪਏ ਦਾ ਇੱਕ ਚੈਕ



ਵੀ ਦਿੱਤਾ ਗਿਆ, ਜਿਸ 'ਤੇ ਰਾਣੀ ਨਾਮਕ ਮਹਿਲਾ ਦੇ ਦਸਤਖਤ ਸਨ। ਜਦੋਂ ਇਹ ਚੈਕ ਅਕਾਊਂਟ ਵਿੱਚ ਲਾਇਆ ਗਿਆ ਤਾਂ ਚੈਕ ਬਾਊਂਸ ਹੋ ਗਿਆ। ਜਿਸ ਤੋਂ ਬਾਅਦ ਉਸਨੂੰ ਪਤਾ ਲੱਗਾ ਕਿ ਇਸ ਚੈੱਕ ਨਾਲ ਸਬੰਧਤ ਖਾਤਾਧਾਰਕ ਰਾਣੀ ਨਾਮਕ ਮਹਿਲਾ ਦੇ ਪਤੀ ਛਲੀਆ ਨਾਮਕ ਵਿਅਕਤੀ ਵੱਲੋਂ ਚੈਕ ਦੀ ਪੇਮੈਂਟ ਨੂੰ ਲੈਕੇ ਕਰਤਾਰ ਸਿੰਘ ਦੇ ਖਿਲਾਫ ਪਹਿਲਾਂ ਹੀ ਇੱਕ ਸ਼ਿਕਾਇਤ ਪੁਲਸ ਨੂੰ ਦਿੱਤੀ ਗਈ ਹੈ ਜਿਸ ਦੀ ਜਾਂਚ ਈ.ਓ. ਵਿੰਗ, ਮੋਹਾਲੀ ਵਿੱਚ ਚੱਲ ਰਹੀ ਹੈ, ਜਿਸ ਨੇ ਦੱਸਿਆ ਕਿ ਉਸ ਨੇ ਫਲੈਟ ਨੰਬਰ 26, ਉਕਤ ਦੋਸੀ ਕਰਤਾਰ ਸਿੰਘ ਤੋਂ ਕੁੱਲ 18 ਲੱਖ ਰੁਪਏ ਵਿੱਚ ਖਰੀਦਿਆ ਸੀ। ਜਿਸ ਦੀ ਬਦਲੇ ਉਸਨੇ 50,000 ਨਕਦੀ, 15,000 ਦਾ ਚੈੱਕ ਅਤੇ 3.30 ਲੱਖ ਬੈਂਕ ਟ੍ਰਾਂਸਫਰ ਕੀਤੇ। ਇਸ ਦੇ ਨਾਲ ਕਰਤਾਰ ਸਿੰਘ ਨੇ ਉਸ ਦੀ ਪਤਨੀ ਰਾਣੀ ਦੇ ਨਾਂ ਦੇ ਦੋ ਖਾਲੀ ਚੈੱਕ ਅਤੇ ਦੋ ਸਟੈਂਪ ਪੇਪਰ ਵੀ ਲੈ ਲਏ। ਇਹੀ ਨਹੀਂ ਦੋਸੀ ਨੇ ਲਗਭਗ 1.35 ਲੱਖ ਮੁੱਲ ਦੇ ਦੋ ਮੋਬਾਈਲ ਫੋਨ ਵੀ ਲਏ। ਪਰ ਇਕ ਸਾਲ ਬੀਤ ਜਾਣ ਦੇ ਬਾਵਜੂਦ ਵੀ ਉਸ ਵਲੋਂ ਫਲੈਟ ਦੀ ਰਜਿਸਟਰੀ ਨਹੀਂ ਕਰਵਾਈ ਅਤੇ ਨਾ ਹੀ ਉਹਦੇ ਪੈਸੇ ਵਾਪਸ ਕੀਤੇ। ਇਸ ਤੋਂ ਬਾਅਦ ਦੋਸੀ ਨੇ ਉਸ ਵੱਲੋਂ ਦਿੱਤੇ ਗਏ ਖਾਲੀ ਚੈੱਕਾਂ ਵਿੱਚੋਂ ਇਕ ਚੈਕ ਦਾ ਵਰਤੋਂ ਉਕਤ ਡੀਲ ਵਿੱਚ ਇੰਦਰਜੀਤ ਸਿੰਘ ਨਾਲ ਕੀਤੀ। ਇੰਦਰਜੀਤ ਸਿੰਘ ਦੇ ਮੁਤਾਬਕ ਉਸਦੇ ਨਾਲ 7,00,000 ਦੀ ਧੋਖਾਧੜੀ ਕੀਤੀ ਗਈ ਅਤੇ ਉਸ ਦੇ ਕੁਝ ਕ੍ਰੈਡਿਟ ਕਾਰਡਾਂ ਦਾ ਨੇ ਦੁਰਉਪਯੋਗ ਕੀਤਾ ਹੈ। ਇਸ ਮਾਮਲੇ ਦੀ ਜਾਂਚ ਈ.ਓ. ਵਿੰਗ ਵੱਲੋਂ ਕੀਤੀ ਗਈ। ਜਿਸ ਅਧਾਰ 'ਤੇ ਸਥਾਨਕ ਪੁਲਸ ਨੇ ਬੀਤੀ 28 ਜੂਨ ਨੂੰ ਕਰਤਾਰ ਸਿੰਘ ਖਿਲਾਫ ਕੇਸ ਦਰਜ ਕੀਤਾ। ਇਸ ਪਿੱਛੋਂ ਉਹ ਲਗਾਤਾਰ ਫਰਾਰ ਚੱਲ ਰਿਹਾ ਸੀ, ਪਰ ਅੱਜ ਮਿਲੀ ਇੱਕ ਗੁਪਤ ਸੂਚਨਾ ਦੇ ਆਧਾਰ 'ਤੇ ਪੁਲਸ ਨੇ ਉਸ ਨੂੰ ਕਾਬੂ ਕਰ ਲਿਆ।

## ਮਾਂ ਦੀ ਮਮਤਾ ਹੋਈ ਸ਼ਰਮਸਾਰ, ਸੜਕ ਕਿਨਾਰੇ ਮਿੱਟੀ ਦੇ ਢੇਰ 'ਚ ਮਿਲਿਆ ਨਵਜੰਮਿਆ ਬੱਚਾ

ਬਿਲਾਸਪੁਰ 2 ਅਕਤੂਬਰ। ਹਿਮਾਚਲ ਪ੍ਰਦੇਸ ਦੇ ਬਿਲਾਸਪੁਰ ਜ਼ਿਲ੍ਹੇ ਦੇ ਬਰਮਾਣਾ 'ਚ ਮਾਂ ਦੀ ਮਮਤਾ ਨੂੰ ਸਰਮਸਾਰ ਕਰਨ ਵਾਲਾ ਮਾਮਲਾ ਸਾਹਮਣੇ ਆਇਆ ਹੈ। ਇੱਥੇ ਇਕ ਨਵਜੰਮਿਆ ਬੱਚਾ ਸੱਕੀ ਹਾਲਤ 'ਚ ਮਿੱਟੀ ਦੇ ਢੇਰ 'ਤੇ ਪਿਆ ਮਿਲਿਆ। ਸਥਾਨਕ ਲੋਕਾਂ ਦੀ ਮਦਦ ਨਾਲ ਬੱਚੇ ਨੂੰ ਜ਼ਿਲ੍ਹਾ ਹਸਪਤਾਲ ਬਿਲਾਸਪੁਰ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਦੀ ਸਿਹਤ ਦੀ ਜਾਂਚ ਕੀਤੀ ਤਾਂ ਪਤਾ ਲੱਗਾ ਕਿ ਬੱਚਾ ਬਿਲਕੁਲ ਤੰਦਰੁਸਤ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਬਿਲਾਸਪੁਰ ਦੇ ਪਿੰਡ ਬਰਮਾਣਾ ਵਿਖੇ ਅਣਪਛਾਤੇ ਲੋਕਾਂ ਵੱਲੋਂ ਇਕ ਨਵਜੰਮੇ ਬੱਚੇ ਨੂੰ ਬਿਨਾਂ ਕੱਪੜਿਆਂ ਦੇ ਸੜਕ ਕੋਲ ਮਿੱਟੀ ਦੇ ਢੇਰ 'ਚ ਸੁੱਟ ਦਿੱਤਾ ਗਿਆ ਸੀ, ਜਿਸ ਨੂੰ ਕੁਝ ਸਮੇਂ ਬਾਅਦ ਉੱਥੋਂ ਲੰਘ ਰਹੀ ਇਕ ਔਰਤ ਨੇ ਚੁੱਕਿਆ ਅਤੇ ਇਸ ਦੀ ਸੂਚਨਾ ਆਸ-ਪਾਸ ਦੇ ਲੋਕਾਂ ਅਤੇ ਪੁਲਸ ਪ੍ਰਸਾਸਨ ਨੂੰ ਦਿੱਤੀ। ਨਵਜੰਮੇ ਬੱਚੇ ਨੂੰ ਤੁਰੰਤ ਜ਼ਿਲ੍ਹਾ ਹਸਪਤਾਲ ਬਿਲਾਸਪੁਰ ਲਿਆਂਦਾ ਗਿਆ, ਜਿੱਥੇ ਡਾਕਟਰਾਂ ਨੇ ਉਸ ਦੀ ਸਿਹਤ ਦੀ ਜਾਂਚ ਕੀਤੀ ਤਾਂ ਪਤਾ ਲੱਗਾ ਕਿ ਬੱਚਾ ਉਨ੍ਹਾਂ ਖ਼ਿਲਾਫ ਸਖਤ ਕਾਰਵਾਈ ਕੀਤੀ ਜਾਵੇ ਤਾਂ ਜੋ ਭਵਿੱਖ 'ਚ ਕੋਈ ਵੀ ਅਜਿਹੀ ਹਰਕਤ ਨਾ ਕਰ ਸਕੇ। ਦੱਸਣਯੋਗ ਹੈ ਕਿ ਨਵਜੰਮੇ



ਤੰਦਰੁਸਤ ਹੈ। ਡਾਕਟਰਾਂ ਨੇ ਉਸ ਨੂੰ ਅਗਲੇ ਕੁਝ ਘੰਟਿਆਂ ਲਈ ਨਿਗਰਾਨੀ ਹੇਠ ਰੱਖਿਆ ਹੈ। ਬਿਲਾਸਪੁਰ ਦੀ ਸਮਾਜ ਸੇਵੀ ਸੀਮਾ ਸੰਖਿਆਨ ਨੇ ਕਿਹਾ ਕਿ ਇਹ ਚਿੰਤਾ ਦੀ ਗੱਲ ਹੈ ਕਿ ਕੁਝ ਲੋਕ ਆਪਣੇ ਸਵਾਰਥ ਲਈ ਜਾਂ ਮਜਬੂਰੀ ਕਾਰਨ ਨਵਜੰਮੇ ਬੱਚਿਆਂ ਨੂੰ ਇਸ ਤਰ੍ਹਾਂ ਛੱਡ ਦਿੰਦੇ ਹਨ, ਜੋ ਕਿ ਬਹੁਤ ਗਲਤ ਹੈ। ਅਜਿਹੇ ਲੋਕਾਂ ਦਾ ਪਤਾ ਲਗਾ ਕੇ ਪੁਲਸ ਪ੍ਰਸਾਸਨ ਵੱਲੋਂ ਬੱਚੇ ਨੂੰ ਕੁਝ ਘੰਟੇ ਡਾਕਟਰਾਂ ਦੀ ਨਿਗਰਾਨੀ ਹੇਠ ਰੱਖਣ ਤੋਂ ਬਾਅਦ ਇਸ ਨੂੰ ਚਾਈਲਡ ਵੈਲਫੇਅਰ ਸੋਸਾਇਟੀ ਨੂੰ ਸੌਂਪ ਦਿੱਤਾ ਜਾਵੇਗਾ ਤਾਂ ਜੋ ਉਸ ਦੀ ਸਹੀ ਤਰੀਕੇ ਨਾਲ ਦੇਖਭਾਲ ਕੀਤੀ ਜਾ ਸਕੇ। ਇਸ ਤੋਂ ਬਾਅਦ ਜੇਕਰ ਕੋਈ ਵੀ ਜੋੜਾ ਬੱਚਾ ਗੋਦ ਲੈਣਾ ਚਾਹੁੰਦਾ ਹੈ ਤਾਂ ਉਹ ਬੱਚੇ ਦੀ ਸੁਰੱਖਿਆ ਲਈ ਸਾਰੀਆਂ ਰਸਮਾਂ ਪੂਰੀਆਂ ਕਰਨ ਤੋਂ ਬਾਅਦ ਬੱਚੇ ਨੂੰ ਗੋਦ ਲੈ ਸਕਣਗੇ।

## ਕੇਂਦਰੀ ਜੇਲ੍ਹ ਚੋਂ ਮੋਬਾਇਲ, ਬੈਟਰੀ ਅਤੇ ਚਾਰਜਿੰਗ ਲੀਡ ਬਰਾਮਦ ਹੋਣ 'ਤੇ ਅਣਪਛਾਤੇ ਖਿਲਾਫ ਮਾਮਲਾ ਦਰਜ

ਗੁਰਦਾਸਪੁਰ 2 ਅਕਤੂਬਰ। ਕੇਂਦਰੀ ਜੇਲ੍ਹ ਦੀ ਬੈਰਕ ਨੰਬਰ 3 ਦੇ ਬਾਹਰਲੇ ਬਾਥਰੂਮ ਦੇ ਟਾਇਲਟ ਨੰਬਰ 4 ਦੀ ਸੀਟ ਵਿਚੋਂ ਇਕ ਲਾਵਾਰਿਸ ਮੋਬਾਇਲ ਫੋਨ ਕੀ ਪੈਡ ਵਾਲਾ ਸਮੇਤ ਬੈਟਰੀ ਅਤੇ ਚਾਰਜਿੰਗ ਲੀਡ ਬਰਾਮਦ ਹੋਣ 'ਤੇ ਅਣਪਛਾਤੇ ਵਿਅਕਤੀ ਖਿਲਾਫ ਮਾਮਲਾ ਦਰਜ ਕੀਤਾ। ਇਸ ਸਬੰਧੀ ਏ.ਐੱਸ.ਆਈ ਹਰਜਿੰਦਰ ਸਿੰਘ ਨੇ ਦੱਸਿਆ ਕਿ ਅਵਤਾਰ ਸਿੰਘ ਸਹਾਇਕ ਸੁਪਰਡੰਟ ਕੇਂਦਰੀ ਜੇਲ੍ਹ ਗੁਰਦਾਸਪੁਰ ਨੇ ਆਪਣੇ ਪੱਤਰ ਅਨੁਸਾਰ ਦੱਸਿਆ ਕਿ ਜੇਲ ਸਟਾਫ ਵੱਲੋਂ ਬੈਰਕ ਨੰਬਰ 3 ਦੀ ਤਾਲਾਸ਼ੀ ਕੀਤੀ ਗਈ ਤਾਂ ਦੌਰਾਨੇ ਤਾਲਾਸ਼ੀ ਬੈਰਕ ਨੰਬਰ 3 ਦੇ ਬਾਹਰਲੇ ਬਾਥਰੂਮ ਦੇ ਟਾਇਲਟ ਨੰਬਰ 4 ਦੀ ਸੀਟ ਵਿਚੋਂ ਇਕ ਲਾਵਾਰਿਸ ਮੋਬਾਇਲ ਫੋਨ ਕੀ ਪੈਡ ਵਾਲਾ ਸਮੇਤ ਬੈਟਰੀ ਅਤੇ ਚਾਰਜਿੰਗ ਲੀਡ ਬਰਾਮਦ ਹੋਇਆ। ਜਿਸ 'ਤੇ ਅਣਪਛਾਤੇ ਵਿਅਕਤੀ ਖਿਲਾਫ ਮਾਮਲਾ ਦਰਜ ਕੀਤਾ ਗਿਆ।

## ਪੰਜਾਬ 'ਚ ਨੈਸ਼ਨਲ ਹਾਈਵੇਅ 'ਤੇ ਵੱਡਾ ਹਾਦਸਾ, ਦੋ ਟਰਾਲਿਆਂ ਵਿਚਾਲੇ ਜਬਰਦਸਤ ਟੱਕਰ

ਜਲੰਧਰ 2 ਅਕਤੂਬਰ। ਨੈਸਨਲ ਹਾਈਵੇਅ 'ਤੇ ਇਕ ਭਿਆਨਕ ਹਾਦਸਾ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਦਰਅਸਲ ਦਕੋਹਾ ਫਾਟਕ ਨੇੜੇ ਦੋ ਟਰਾਲਿਆਂ ਦੀ ਭਿਆਨਕ ਟੱਕਰ ਹੋਣ ਕਾਰਨ ਸੜਕ ਹਾਦਸਾ ਵਾਪਰ ਗਿਆ। ਇਸ ਹਾਦਸੇ ਵਿੱਚ ਇਕ ਵਾਹਨ ਬੇਕਾਬੂ ਹੋ ਕੇ ਸੜਕ ਕਿਨਾਰੇ ਰੇਲਿੰਗ ਵਿੱਚ ਫਸ ਗਿਆ। ਦੱਸਿਆ ਜਾ ਰਿਹਾ ਹੈ ਕਿ ਇਸ ਹਾਦਸੇ 'ਚ ਡਰਾਈਵਰ ਨੂੰ ਗੰਭੀਰ ਸੱਟਾਂ ਲੱਗੀਆਂ ਹਨ। ਹਾਦਸੇ ਤੋਂ ਬਾਅਦ ਹਾਈਵੇਅ 'ਤੇ ਜਾਮ ਲੱਗ ਗਿਆ। ਘਟਨਾ ਦੀ ਸੂਚਨਾ ਮਿਲਦੇ ਹੀ ਪੁਲਸ ਮੌਕੇ 'ਤੇ ਪਹੁੰਚੀ ਅਤੇ ਆਵਾਜਾਈ ਨੂੰ ਫਿਰ ਤੋਂ ਸੁਚਾਰੂ ਢੰਗ ਨਾਲ ਚਾਲੂ ਕਰਵਾਇਆ ਗਿਆ। ਪੁਲਸ ਅਧਿਕਾਰੀ ਨੇ ਦੱਸਿਆ ਕਿ ਗੈਸ ਕਟਰ ਦੀ ਮਦਦ ਨਾਲ ਰੇਲਿੰਗ ਨੂੰ ਕੱਟ ਕੇ ਗੱਡੀ ਨੂੰ ਕੱਢਣ ਦਾ ਕੰਮ ਕੀਤਾ ਜਾ ਰਿਹਾ ਹੈ। ਦੂਜੇ ਪਾਸੇ ਮਾਮਲੇ ਦੀ ਦੀਪਕ ਨੇ




ਜਾਣਕਾਰੀ ਦਿੰਦੇ ਦੱਸਿਆ ਕਿ ਉਸ ਦੇ ਟਰੱਕ ਦਾ ਡਰਾਈਵਰ ਲਖਨਊ ਤੋਂ ਗੱਡੀ ਲੋਡ ਕਰਕੇ ਹਿਮਾਚਲ ਵੱਲ ਲਿਜਾ ਰਿਹਾ ਸੀ। ਇਸ ਦੌਰਾਨ ਦੇਰ ਰਾਤ ਗਊ ਨੂੰ ਬਚਾਉਣ ਕਾਰਨ ਇਹ ਹਾਦਸਾ ਵਾਪਰਿਆ। ਇਸ ਹਾਦਸੇ ਵਿੱਚ ਦੋਵੇਂ ਵਾਹਨਾਂ ਦੇ ਡਰਾਈਵਰਾਂ ਨੂੰ ਮਾਮੂਲੀ ਸੱਟਾਂ ਲੱਗੀਆਂ। ਮਾਮਲੇ ਦੀ ਜਾਣਕਾਰੀ ਦਿੰਦੇ ਹੋਏ ਪੁਲਸ ਅਧਿਕਾਰੀ ਨੇ ਦੱਸਿਆ ਕਿ ਘਟਨਾ ਰਾਤ ਡੇਢ ਵਜੇ ਦੀ ਹੈ। ਹਾਲਾਂਕਿ ਪੁਲਸ ਅਧਿਕਾਰੀ ਨੇ ਦੱਸਿਆ ਕਿ ਇਕ ਡਰਾਈਵਰ ਨੂੰ ਗੰਭੀਰ ਸੱਟਾਂ ਲੱਗੀਆਂ ਹਨ। ਹਾਦਸੇ ਵਿੱਚ ਡਰਾਈਵਰ ਦੀ ਲੱਤ ਬੁਰੀ ਤਰ੍ਹਾਂ ਟੁੱਟ ਗਈ ਅਤੇ ਉਹ ਹਸਪਤਾਲ ਵਿੱਚ ਜੇਰੇ ਇਲਾਜ ਹੈ।

## ਏਅਰ ਇੰਡੀਆ ਦੇ ਜਹਾਜ 'ਚ ਯਾਤਰੀ ਨੂੰ ਪਰੋਸੇ ਗਏ ਭੋਜਨ 'ਚ ਨਿਕਲਿਆ ਕਾਕਰੋਚ

ਨਵੀਂ ਦਿੱਲੀ 2 ਅਕਤੂਬਰ। ਏਅਰ ਇੰਡੀਆ ਦੇ ਇਕ ਯਾਤਰੀ ਨੇ ਰਾਸ਼ਟਰੀ ਰਾਜਧਾਨੀ ਤੋਂ ਨਿਊਯਾਰਕ ਜਾਣ ਵਾਲੇ ਜਹਾਜ 'ਚ ਪਰੋਸੇ ਗਏ 'ਆਮਲੇਟ' 'ਚ ਕਾਕਰੋਚ ਮਿਲਣ ਦੀ ਸ਼ਿਕਾਇਤ ਕੀਤੀ ਹੈ। ਉੱਥੇ ਹੀ ਏਅਰ ਇੰਡੀਆ ਨੇ ਕਿਹਾ ਹੈ ਕਿ ਉਸ ਨੇ ਅੱਗੇ ਦੀ ਜਾਂਚ ਲਈ ਖਾਣ-ਪੀਣ ਸੇਵਾ ਪ੍ਰਦਾਤਾ ਦੇ ਸਾਹਮਣੇ ਇਹ ਮਾਮਲਾ ਚੁੱਕਿਆ ਹੈ। ਏਅਰ ਇੰਡੀਆ ਦੇ ਬੁਲਾਰੇ ਨੇ ਘਟਨਾ 'ਤੇ ਚਿੰਤਾ ਜਾਹਰ ਕਰਦੇ ਹੋਏ ਇਕ ਬਿਆਨ 'ਚ ਕਿਹਾ,"ਅਸੀਂ ਇਕ ਯਾਤਰੀ ਵਲੋਂ ਸੋਸ਼ਲ ਮੀਡੀਆ 'ਤੇ ਪੋਸਟ ਕੀਤੀ ਗਈ ਜਾਣਕਾਰੀ ਤੋਂ ਜਾਣੂ ਹਾਂ, ਜਿਸ 'ਚ 17 ਸਤੰਬਰ 2024 ਨੂੰ ਦਿੱਲੀ ਤੋਂ ਜੇ.ਐੱਫ.ਕੇ. ਜਾਣ ਵਾਲੀ ਏ.ਆਈ.101 ਉਡਾਣ 'ਚ ਉਸ ਨੂੰ ਦਿੱਤੇ ਗਏ ਭੋਜਨ 'ਚ ਕੋਈ ਵਸਤੂ ਮਿਲਣ ਦੀ ਗੱਲ ਕਹੀ ਗਈ ਹੈ।" ਯਾਤਰੀ ਨੇ 'ਐਕਸ' 'ਤੇ ਇਕ ਪੋਸਟ 'ਚ ਕਿਹਾ ਕਿ ਦਿੱਲੀ ਤੋਂ ਨਿਊਯਾਰਕ ਜਾਣ ਵਾਲੇ ਜਹਾਜ 'ਚ ਪਰੋਸੇ ਗਏ ਆਮਲੇਟ 'ਚ ਕਾਕਰੋਚ ਮਿਲਿਆ। ਯਾਤਰੀ ਨੇ ਕਿਹਾ,"ਜਦੋਂ ਸਾਨੂੰ ਇਹ ਪਤਾ ਲੱਗਾ ਉਦੋਂ ਤੱਕ ਮੇਰਾ 2 ਸਾਲ ਦਾ ਬੱਚਾ ਅੱਧੇ ਤੋਂ ਜ਼ਿਆਦਾ ਆਮਲੇਟ ਖਾ ਚੁੱਕਿਆ ਸੀ। ਇਸ ਦੇ ਨਤੀਜੇ ਵਜੋਂ ਉਹ ਬੀਮਾਰ ਹੋ ਗਿਆ।" ਯਾਤਰੀ ਨੇ ਉਡਾਣ ਦੌਰਾਨ ਪਰੋਸੇ ਗਏ ਖਾਣੇ ਦਾ ਇਕ ਛੋਟਾ ਵੀਡੀਓ ਅਤੇ ਤਸਵੀਰ ਵੀ ਸਾਂਝੀ ਕੀਤੀ। ਉਸ ਨੇ ਪੋਸਟ 'ਚ ਏਅਰ ਇੰਡੀਆ, ਹਵਾਬਾਜੀ ਰੈਗੂਲੇਟਰ ਡੀ.ਜੀ.ਸੀ.ਏ. ਅਤੇ ਸ਼ਹਿਰੀ ਹਵਾਬਾਜੀ ਮੰਤਰੀ ਦੇ ਰਾਮਮੋਹਨ ਨਾਇਡੂ ਨੂੰ ਟੈਗ ਕੀਤਾ। ਏਅਰ ਇੰਡੀਆ ਦੇ ਬਿਆਨ 'ਚ ਬੁਲਾਰੇ ਨੇ ਕਿਹਾ ਕਿ ਕੰਪਨੀ ਉਕਤ ਮਾਮਲੇ 'ਚ ਯਾਤਰੀ ਨੂੰ ਹੋਈ ਪਰੇਸ਼ਾਨੀ ਨੂੰ ਲੈ ਕੇ ਚਿੰਤਤ ਹੈ ਅਤੇ ਖਾਣ-ਪੀਣ ਸੇਵਾ ਪ੍ਰਦਾਤਾ ਦੇ ਸਾਹਮਣੇ ਇਹ ਮਾਮਲਾ ਚੁੱਕਿਆ ਹੈ। ਬੁਲਾਰੇ ਨੇ ਕਿਹਾ,"ਅਸੀਂ ਭਵਿੱਖ 'ਚ ਇਸ ਤਰ੍ਹਾਂ ਦੀਆਂ ਘਟਨਾਵਾਂ ਨੂੰ ਮੁੜ ਨਾ ਹੋਣ ਇਸ ਲਈ ਜਰੂਰੀ ਕਾਰਵਾਈ ਕਰਾਂਗੇ।"

# ਫਿਰੋਜਪੁਰ ਦੇ ਸਰਕਾਰੀ ਸਕੂਲ ਵਿਚ ਹੈਰਾਨ ਕਰਨ ਵਾਲੀ ਘਟਨਾ, ਸਾਰੇ ਪਿੰਡ ਵਿਚ ਪੈ ਗਿਆ ਰੌਲਾ

ਫਿਰੋਜਪੁਰ 2 ਅਕਤੂਬਰ। ਫਿਰੋਜਪੁਰ ਦੇ ਇਕ ਸਕੂਲ ਦਾ ਹੈਰਾਨ ਕਰ ਦੇਣ ਵਾਲਾ ਮਾਮਲਾ ਸਾਹਮਣੇ ਆਇਆ ਹੈ। ਜਿਸ ਵਿਚ ਕਲਾਸ ਵਿਚ ਇਕ ਬੱਚਾ ਸੁੱਤਾ ਰਿਹਾ ਅਤੇ ਅਧਿਆਪਕ ਸਕੂਲ 'ਚ ਤਾਲਾ ਲਗਾ ਕੇ ਘਰ ਚਲੇ ਗਏ। ਛੁੱਟੀ ਤੋਂ ਬਾਅਦ ਜਦੋਂ ਬੱਚਾ ਘਰ ਨਹੀਂ ਆਇਆ ਤਾਂ ਪਰਿਵਾਰਿਕ ਮੈਂਬਰਾਂ ਨੇ ਉਸਦੀ ਭਾਲ ਕਰਨੀ ਸੁਰੂ ਕਰ ਦਿੱਤੀ। ਬੱਚੇ ਦੇ ਲਾਪਤਾ ਹੋਣ ਦੀ ਖਬਰ ਤੋਂ ਬਾਅਦ ਪਿੰਡ ਵਿਚ ਭਾਜੜਾਂ ਪੈ ਗਈਆਂ। ਇਸ ਦੌਰਾਨ ਕਿਸੇ ਨੂੰ ਸਕੂਲ ਦੇ ਬੰਦ ਕਮਰੇ ਵਿਚੋਂ ਬੱਚੇ ਦੇ ਰੋਣ ਦੀ ਆਵਾਜ ਆਈ ਤਾਂ ਚਾਬੀ ਮੰਗਵਾ ਕੇ ਬੱਚੇ ਨੂੰ ਬਾਹਰ ਕੱਢਿਆ ਗਿਆ। ਬੱਚਾ ਬੇਹੱਦ ਘਬਰਾਇਆ ਹੋਇਆ ਸੀ। ਇਹ ਘਟਨਾ ਫਿਰੋਜਪੁਰ ਦੇ ਪਿੰਡ ਮਾਛੀਵਾਲਾ ਕਮਗਰ ਸਥਿਤ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਦੀ ਹੈ। ਦੂਜੇ ਪਾਸੇ ਬੱਚੇ ਦੀ ਦਾਦੀ ਮਨਜੀਤ ਕੌਰ ਨੇ ਦੱਸਿਆ ਕਿ ਉਸ ਦਾ ਪੋਤਾ ਲਵਪ੍ਰੀਤ ਸਕੂਲ ਤੋਂ ਛੁੱਟੀ ਹੋਣ ਮਗਰੋਂ ਜਦੋਂ ਕਾਫੀ ਦੇਰ ਤਕ ਘਰ ਨਹੀਂ ਪਹੁੰਚਿਆ ਤਾਂ ਉਸ ਦੀ ਭਾਲ ਸ਼ੁਰੂ ਕੀਤੀ ਗਈ। ਉਹ ਪਿੰਡ ਦੇ ਗੁਰਦੁਆਰੇ ਵਿਚ ਪੋਤੇ ਨੂੰ ਦੇਖਣ ਪਹੁੰਚੀ ਉਥੇ ਵੀ ਉਹ ਨਹੀਂ ਸੀ ਤਾਂ ਪਿੰਡ ਦੇ ਘਰ-ਘਰ ਵਿਚ ਬੱਚੇ ਦੀ ਭਾਲ ਕੀਤੀ ਗਈ। ਪਿਤਾ ਗੋਬਿੰਦ ਨੇ ਦੱਸਿਆ ਕਿ ਉਸ ਦੀ ਕਲਾਸ ਵਿਚ ਪੜ੍ਹਨ ਵਾਲੇ ਬੱਚਿਆਂ ਤੋਂ ਪੁੱਛਗਿੱਛ ਕੀਤੀ ਗਈ। ਬੱਚਿਆਂ ਨੇ ਦੱਸਿਆ ਕਿ ਲਵਪ੍ਰੀਤ ਕਲਾਸ ਵਿਚ ਬੈਂਚ 'ਤੇ ਸੁੱਤਾ ਪਿਆ ਸੀ। ਪਿੰਡ ਦੇ ਲੋਕ ਸਕੂਲ ਪਹੁੰਚੇ ਤਾਂ ਕਲਾਸ ਵਿਚ ਸੁੱਤੇ ਬੱਚੇ ਦੀ ਰੋਣ ਦੀ ਆਵਾਜ ਸੁਣੀ। ਬੱਚੇ ਨੂੰ ਕਲਾਸ ਤੋਂ ਬਾਹਰ ਕੱਢਿਆ ਗਿਆ। ਗੋਬਿੰਦ ਨੇ ਦੱਸਿਆ ਕਿ ਉਸ ਦਾ ਪੁੱਤ ਦੂਜੀ ਕਲਾਸ ਵਿਚ ਪੜ੍ਹਦਾ ਹੈ। ਅਧਿਆਪਕਾਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਛੁੱਟੀ ਹੋਣ 'ਤੇ ਸਕੂਲ ਦੀ ਹਰ ਕਲਾਸ ਦੀ ਚੈਕਿੰਗ ਕੀਤੀ ਜਾਵੇ। ਇਹ ਅਧਿਆਪਕ ਦੀ ਲਾਪਰਵਾਹੀ ਹੈ, ਲਿਹਾਜਾ ਸਿੱਖਿਆ ਵਿਭਾਗ ਨੂੰ ਅਧਿਆਪਕ 'ਤੇ ਕਾਰਵਾਈ ਕਰਨੀ ਚਾਹੀਦੀ ਹੈ। ਦੂਜੇ ਪਾਸੇ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਦਾ ਆਖਣਾ ਹੈ ਕਿ ਫਿਲਹਾਲ ਉਨ੍ਹਾਂ ਕੋਲ ਕੋਈ ਸ਼ਿਕਾਇਤ ਨਹੀਂ ਆਈ ਹੈ। ਜੇ ਉਨ੍ਹਾਂ ਕੋਲ ਸ਼ਿਕਾਇਤ ਆਉਂਦੀ ਹੈ ਤਾਂ ਜਾਂਚ ਤੋਂ ਬਾਅਦ ਕਾਰਵਾਈ ਕੀਤੀ ਜਾਵੇਗੀ।





**NAME CHANGE**

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**

I, ANITA BANSAL W/O PAWAN BANSAL residing at B-504, MAYUR-DHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**

I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**

I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**

I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**NAME CHANGE**

I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**PUBLIC NOTICE**

Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**PUBLIC NOTICE**

It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**

I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.

**NAME CHANGE**

I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**NAME CHANGE**

I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**

I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**NAME CHANGE**

I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

**NAME CHANGE**

I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**

I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

**NAME CHANGE**

I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

**NAME CHANGE**

I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.

**NAME CHANGE**

I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**

I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose

**NAME CHANGE**

I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**

I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

**NAME CHANGE**

I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHON-NAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

**NAME CHANGE**

I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

**NAME CHANGE**

I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

**NAME CHANGE**

I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

**NAME CHANGE**

I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

**NAME CHANGE**

I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

**PUBLIC NOTICE**

My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

**ARJUN BIDHURI Advocate**
CH. NO.536, Saket Courts
New Delhi-110017.

**NAME CHANGE**

I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

**NAME CHANGE**

I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

**NAME CHANGE**

I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

**NAME CHANGE**

I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

**PUBLIC NOTICE**

MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES

**PINKI LAMBA MANN**
ADVOCATE
OFF. A-205A, NORTH
EX.MALL, SECTOR-9,
ROHINI, NEW DELHI

## ਕਹਾਣੀ

# ਜ਼ਿੰਮੇਵਰੀਆਂ

-ਜਿਓਤਿਰਮੌਇ ਦੇਵੀ

ਬੜਾ ਭਰਿਆ ਪੂਰਾ ਪਰਿਵਾਰ ਸੀ। ਚੰਗਾ ਘਰ ਬਾਰ ਸੀ। ਸਭ ਖੁਸ਼ੀਆਂ ਸਨ। ਚਾਰ ਪੁੱਤ, ਦੋ ਧੀਆਂ ਤੇ ਉਨ੍ਹਾਂ ਦੇ ਸੁਖੀ-ਸਾਂਦੀ ਵਸਦੇ ਪਰਿਵਾਰ। ਚਾਰੇ ਪੁੱਤ ਚੰਗੇ ਮਾਣ ਵਾਲੇ ਆਹੁਦਿਆਂ ’ਤੇ ਸਨ। ਸਭ ਤੋਂ ਵੱਡਾ ਕਾਲਜ ’ਚ ਅਧਿਆਪਕ ਸੀ, ਉਸ ਤੋਂ ਛੋਟਾ ਡਾਕਟਰ ਤੇ ਛੋਟੇ ਦੋਵੇਂ ਵਕੀਲ। ਘਰ ਵੀ ਬੜਾ ਸਾਂਵਾ ਚਲਦਾ ਸੀ। ਕਦੇ ਕਦਾਈਂ ਕਿਸੇ ਗੱਲੋਂ ਮਾੜਾ-ਮਾਟਾ ਬੋਲ ਬੁਲਾਰਾ ਵੀ ਹੋ ਜਾਂਦਾ ਪਰ ਰਾਤ ਗਈ ਤੇ ਬਾਤ ਗਈ ਵਾਂਗ ਮਾਹੌਲ ਫੇਰ ਆਪੇ ਹੀ ਠੀਕ ਹੋ ਜਾਂਦਾ। ਉਂਜ ਇਕ ਹੋਰ ਮਾਮਲਾ ਜ਼ਰੂਰ ਸੀ ਜਿਸ ਤੋਂ ਬੋਲ-ਬੁਲਾਰਾ ਬਹੁਤ ਹੁੰਦਾ ਸੀ। ਮਾਮਲੇ ਦਾ ਕਾਰਨ ਸੀ ਘਰ ਦੇ ਵੱਡੇ ਪ੍ਰੋਫੈਸਰ ਪੁੱਤ ਦਾ ਮਾਂ ਮਹਿੱਟਰ ਮੁੰਡਾ, ਜੋਗੀ। ਮੁੰਡੇ ਦੀ ਦਾਦੀ ਨੇ ਮਾਂ ਦੀ ਥਾਂ ਪੂਰਦਿਆਂ ਉਸ ਨੂੰ ਕੁਝ ਹੱਦ ਤੱਕ ਵਿਗਾੜ ਹੀ ਦਿੱਤਾ ਸੀ। ਹੁਣ ਜੋਗੀ ਘਰ ਵਿਚ ਹਰ ਪੰਗੇ ਦੀ ਜੜ੍ਹ ਹੁੰਦਾ ਤੇ ਦਾਦੀ ਉਸ ਦਾ ਪੱਖ ਪੂਰਦੀ। ਸਭ ਨੂੰ ਪਤਾ ਸੀ ਕਿ ਘਰ ਦੀ ਮਾਂ ਦਾ ਜ਼ਿਆਦਾ ਝੁਕਾਅ ਆਪਣੇ ਇਸ ਪੋਤੇ ਵੱਲ ਸੀ।

ਕੋਈ ਵੀ ਘਰ ਔਕੜਾਂ ਜਾਂ ਝੇੜਿਆਂ-ਝਗੜਿਆਂ ਤੋਂ ਪੂਰੀ ਤਰ੍ਹਾਂ ਮੁਕਤ ਤਾਂ ਹੋ ਹੀ ਨਹੀਂ ਸਕਦਾ। ਝਗੜੇ ਦਾ ਸਭ ਤੋਂ ਵੱਡਾ ਆਧਾਰ ਬਣਦੇ ਸਨ ਮਹੀਨੇ ਦੇ ਬਿੱਲ। ਬਿਜਲੀ,ਪਾਣੀ, ਰਾਸ਼ਨ ਤੇ ਹੋਰ ਸਾਮਾਨ ਦੇ ਬਿਲ। ਕਈ ਵਾਰ ਤਾਂ ਕਰਿਆਨੇ ਦੇ, ਧੋਬੀ ਦੇ, ਦੋਧੀ ਦੇ, ਮੁਨਿਆਰੀ ਦੇ ਬਿੱਲ ਅਦਾ ਨਾ ਹੁੰਦੇ ਜਾਂ ਫੇਰ ਕਿਤਾਬਾਂ-ਕਾਪੀਆਂ ਦੇ ਬਿੱਲਾਂ ਦੀ ਅਦਾਇਗੀ ਰੁਕ ਜਾਂਦੀ। ਘਰ ਦੀਆਂ ਤਿੰਨ ਨੂੰਹਾਂ ਸਨ ਤੇ ਉਨ੍ਹਾਂ ਦੇ ਪਤੀਆਂ ਦੇ ਨਾਵਾਂ ’ਤੇ ਖਾਤੇ ਚਲਦੇ ਸਨ। ਦੁਕਾਨਾਂ ਵਾਲੇ, ਕੰਮਾਂ ਵਾਲੇ ਬਿੱਲ ਲੈ ਕੇ ਆਉਂਦੇ। ਕਈ ਵਾਰ ਗਰਮਾ-ਗਰਮੀ ਵੀ ਹੁੰਦੀ, ਕੁਝ ਅਦਾਇਗੀ ਹੁੰਦੀ, ਕੁਝ ਅੱਗੇ ਪੈ ਜਾਂਦੇ। ਇਵੇਂ ਹੀ ਇਕ ਵਾਰ ਤਕੜੀ ਗਰਮਾ-ਗਰਮਾ ਹੋ ਗਈ। ਵੱਡਾ ਪੁੱਤਰ ਮਾਂ ਨਾਲ ਉਲਝ ਗਿਆ,‘ ਪਿਛਲੇ ਸਾਲ ਤਾਂ ਹਾਲੇ ਤਲਾਈਆਂ ਭਰਵਾਈਆਂ ਸਨ ਮਾਂ, ਇਸ ਵਾਰ ਨਵੀਂ ਤਲਾਈ ਦੀ ਕੀ ਲੋੜ ?’ ਗੱਲ ਅਜੇ ਪੂਰੀ ਨਹੀਂ ਹੋਈ ਸੀ ਕਿ ਘਰ ਦੇ ਹੋਰ ਪੁੱਤਰ ਵੀ ਆ ਡਟੇ। ਸਾਰੇ ਹੀ ਵਧ-ਵਧ ਕੇ ਬੋਲਣ ਲੱਗ ਪਏ। ਮਾਤਾ ਨੇ ਸੋਚਿਆ ਕਿ ਉਨ੍ਹਾਂ ਨੂੰ ਕੀ ਦੱਸੇ ਕਿ ਉਸ ਦੇ ਹੋਰ ਪੋਤੇ-ਪੋਤੀਆਂ ਲਈ ਹੁਣ ਵੱਖਰੇ ਬਿਸਤਰਿਆਂ ਦੀ ਲੋੜ ਸੀ ਪਰ ਉਹ ਚੁੱਪ ਹੀ ਕਰ ਗਈ। ‘ਤੂੰ ਜੋਗੀ ਨੂੰ ਸਿਰ ਚਾੜ੍ਹੀ-ਜਾਨੀ ਏ,’’ ਡਾਕਟਰ ਪੁੱਤਰ ਮਾਂ ਨਾਲ ਖਹਿਬੜ ਰਿਹਾ ਸੀ, ‘ਪਿਛਲੇ ਮਹੀਨੇ ਨਵੀਂ ਰਜ਼ਾਈ ਭਰਵਾਈ ਸੀ ਤੇ ਹੁਣ ਤਲਾਈ ਤਾਂ ਉਸ ਦੇ ਫਰਜ਼ੰਦ ਲਈ ਸੀ, ਪ੍ਰੋਫੈਸਰ ਸਾਹਿਬ ਗਰਜ ਪਏ, ‘ਦਰਜੀ ਦਾ ਬਿੱਲ ਦੇਖੋ ਅਸਮਾਨੀਂ ਚੜ੍ਹਿਆ ਪਿਐ, ਦੋਧੀ ਦਾ ਵੀ ਘੱਟ ਨਹੀਂ। ਹਰ ਮਹੀਨੇ ਸਾਰੇ ਹੀ ਬਿਲ ਵਧੀ ਜਾਂਦੇ ਨੇ, ਵਧੀ ਜਾਂਦੇ ਨੇ।’ ਵੱਡੇ ਵਕੀਲ ਪੁੱਤ ਨੇ ਮੋਰਚਾ ਸਾਂਭਿਆ, ‘ਇਸ ਤੋਂ ਪਹਿਲਾਂ ਕਿ ਗੱਲ ਹੱਥੋਂ ਨਿਕਲ ਜਾਵੇ, ਕੁਝ ਸੋਚਣਾ ਚਾਹੀਦਾ ਏ।’

ਮਾਤਾ ਤਾਂ ਇਸ ਗੱਲੋਂ ਵੀ ਪਸੀਨੇ ਨਾਲ ਤਰ ਹੋਈ ਜਾਂਦੀ ਸੀ ਕਿ ਨੂੰਹਾਂ ਨਾ ਸੁਣ ਲੈਣ ਕਿ ਉਸ ਦੇ ਪੁੱਤਰ ਕੀ ਗੱਲਾਂ ਪਏ ਕਰਦੇ ਸਨ। ਉਹ ਬੋਲੀ, ‘ਦੇਖੋ, ਪਿਛਲੇ ਮਹੀਨੇ ਕੁਝ ਖਰਚਾ ਵੱਧਣਾ ਹੀ ਸੀ। ਤੁਹਾਡੀਆਂ ਭੈਣਾਂ ਆਈਆਂ ਘਰ ਦੇ ਜਵਾਈ ਆਏ ਤੇ ਉਨ੍ਹਾਂ ਨੂੰ ਕੋਈ ਖਾਲੀ ਹੱਥੀ ਤਾਂ ਨਹੀਂ ਨਾ ਤੋਰ ਦਿੰਦਾ। ਫੇਰ ਤੁਹਾਡੇ ਦੋ ਭਰਾਵਾਂ ਦੇ ਜਨਮ ਦਿਨ ਵੀ ਸਨ ਕਿਉਂ ਐਡਾ ਚੀਕ-ਚਿਹਾੜਾ ਪਾਉਂਦੇ ?’’ਛੋਟੇ ਵਕੀਲ ਸਾਹਿਬ ਨੇ ਸਮਾਂ ਮੁਨਾਸਿਬ ਸਮਝਦਿਆਂ ਮੂੰਹ ਖੋਲ੍ਹਿਆ,‘‘ਤੇ ਉਸ ਤੋਂ ਪਿਛਲੇ ਮਹੀਨੇ ? ਉਦੋ ਖਰਚਾ ਕਿਉਂ ਵੱਧਿਆ। ਮਾਤਾ ਨੇ ਸਿਰਫ ਇੰਨਾ ਹੀ ਕਿਹਾ ਕਿ ਉਸੇ ਮਹੀਨੇ ਤੋਂ ਬਿਜਲੀ, ਪਾਣੀ ਦੇ ਬਿੱਲਾਂ ਦੀਆਂ ਦਰਾਂ ਵਧੀਆਂ ਸਨ ਤੇ ਦਾਲਾਂ ਤੇ ਭਾਅ ਵੀ।’’ ਉਹ ਇਹ ਕਿਵੇਂ ਕਹਿੰਦੀ ਕਿ ਛੋਟੇ ਵਕੀਲ ਸਾਹਿਬ ਦੀ ਪਤਨੀ ਦੇ ਪੇਕਿਓਂ ਚਾਰ ਜੀਆਂ ਦੀ ਧਾੜ ਵੀ ਉਸ ਮਹੀਨੇ ਆਈ ਸੀ। ਤੇ ਨਾਲੇ ਇਹ ਕਹਿੰਦਿਆਂ ਮਾਤਾ ਦੀ ਜ਼ੁਬਾਨ ਨਾ ਸੜ ਜਾਏ। ਕਿ ਘਰ ਦੇ ਬੱਚੇ ਵੱਡੇ ਹੋ ਰਹੇ ਸਨ ਤੇ ਖਰਚਾ ਵੱਧ ਰਿਹਾ ਸੀ। ਉਹ ਪੋਤੇ-ਪੋਤੀਆਂ ਤੋਲਣਾ ਤਾਂ ਸੋਚ ਵੀ ਨਹੀਂ ਸੀ ਸਕਦੀ। ਪੋਤੇ-ਪੋਤੀਆਂ, ਦੋਹਤੇ-ਦੋਹਤੀਆਂ ਤਾਂ ਮਤਾ ਦਾ ਮਾਣ ਸਨ, ਉਸ ਦੀਆਂ ਕਈ ਖੱਟੀਆਂ-ਮਿੱਠੀਆਂ ਯਾਦਾਂ ਦੇ ਮੁਜੱਸਮੇ। ਵੱਡੇ ਵਕੀਲ ਸਾਹਿਬ ਅੰਤਲੀ ਦਲੀਲ ਦੇ ਰਹੇ ਸਨ, ‘ਸਚਾਈ ਤਾਂ ਇਹ ਹੈ ਕਿ ਇਥੇ ਕਿਸੇ ਨੂੰ ਪੈਸੇ ਦੀ ਕਦਰ ਹੀ ਕੋਈ ਨਹੀਂ।’’ ਮਾਂ ਸਿਰਫ ਫਿੱਕਾ ਜਿਹਾ ਮੁਸਕਰਾਈ। ਉਹ ਤਾਂ ਸੋਚ ਹੀ ਕੁਝ ਹੋਰ ਰਹੀ ਸੀ। ਏਨੇ ਨੂੰ ਇਕ ਹੋਰ ਬਾਣ ਆ ਗਿਆ, ‘‘ਜਿੱਥੋਂ ਤੱਕ ਜੋਗੀ ਦਾ ਸਵਾਲ ਹੈ, ਤੁਹਾਨੂੰ ਪਤਾ ਕੀ ਹੈ ਕਿ ਮਾਂ ਨੇ ਉਹਨੂੰ ਪੜ੍ਹਨ-ਲਿਖਣ ਜੋਗਾ ਵੀ ਨਹੀਂ ਛੱਡਿਆ।’’ ਮਾਤਾ ਕੁਰਲਾ ਉਠੀ, ‘‘ਨਹੀਂ! ਇੰਜ ਨਾ ਕਹੋ ਪੁੱਤਰੋ, ਮੇਰੇ ਪੋਤੇ ਬਾਰੇ!’’ ਜੋਗੀ ਦਾ ਪ੍ਰੋਫੈਸਰ ਪਿਤਾ ਵਿਚੋਂ ਹੀ ਬੋਲਿਆ,‘‘ਸਾਹਮਣੇ ਹੀ ਤਾਂ ਹੈ ਕਿਵੇਂ ਬੋਕ ਵਾਂਗ ਵਧੀ ਜਾਂਦੈ, ਖਾਣ-ਪੀਣ ਤੋਂ ਇਲਾਵਾ ਕੀ ਕੰਮ ਹੈ ਉਹਨੂੰ!’’

ਇਹ ਗੱਲ ਤਾਂ ਮਾਤਾ ਬਰਦਾਸ਼ਤੋਂ ਪਰ੍ਹੇ ਦੀਆਂ ਸਨ। ਜੋਗੀ ਚੰਗਾ ਖਾਣ ਦਾ ਸ਼ੌਕੀਨ ਸੀ ਤੇ ਦਾਦੀ ਉਸ ਮਾਂ-ਮਹਿੱਟਰ ਦੀ ਇਹ ਇੱਛਾ ਵੀ ਪੂਰੀ ਨਾ ਕਰਦੀ ? ਮੁੰਡੇ ਨੂੰ ਕਿੰਨਾ ਕੁਝ ਸੁਣਨਾ ਪੈਂਦਾ ਸੀ ਤੇ ਹੁਣ ਦਾਦੀ ਨੂੰ ਸੁਣਨਾ ਪੈ ਰਿਹਾ ਸੀ। ਮਾਤਾ ਦੇ ਲੱਠਾਂ ਵਰਗੇ ਕਮਾਊ ਪੁੱਤ ਕੁਝ ਹੋਰ ਚਿਰ ਕਮਾਈ ਦੀਆਂ, ਖਰਚੇ ਦੀਆਂ ਤੇ ਬੱਚਿਆਂ ਦੀਆਂ ਲੋੜਾਂ ਦੀਆਂ, ਫਜ਼ੂਲ ਜਿਹੀਆਂ ਗੱਲਾਂ ਕਰਦੇ ਰਹੇ। ਮਾਤਾ ਤਾਂ ਮਾਲਾ ਫੇਰਨ ਲੱਗ ਪਈ ਸੀ। ਉਹ ਕਿੰਨਾ ਚਿਰ ਹੋਰ ਸਭ ਕੁਝ ਸਕਦੀ ਸੀ! ਦੋ ਨੂੰਹਾਂ ਵੀ ਜੋਗੀ ਵਿਰੁੱਧ ਬੁੜ ਬੁੜ ਕਰ ਰਹੀਆਂ ਸਨ ਪਰ ਵੱਡੇ ਵਕੀਲ ਦੀ ਪਤਨੀ ਜੋਗੀ ਖਿਲਾਫ ਕੁਝ ਨਹੀਂ ਸੀ ਬੋਲਦੀ। ਸ਼ਾਇਦ ਇਸ ਕਰਕੇ ਕਿ ਉਹਦੇ ਆਪਣੇ ਪੇਕੇ ਘਰ ਉਹਦੀ ਮਾਂ ਉਸ ਦੇ ਮਾਂ-ਵਾਹਰੇ ਭਤੀਜੇ ਨੂੰ ਸਾਂਭਦੀ ਸੀ। ਦਿਨ ਬੀਤਦੇ ਗਏ। ਮਾਤਾ ਦੀ ਉਮਰ ਤਾਂ ਬਹੁਤੀ ਨਹੀਂ ਸੀ ਪਰ ਮਾੜੀ ਸਿਹਤ ਤੇ ਦਿਨੋ-ਦਿਨ ਘਰ ਦੇ ਮਾੜੇ ਹੁੰਦੇ ਜਾਂਦੇ ਹਾਲਾਤ ਨੇ ਉਹਨੂੰ ਬਹੁਤ ਥਕਾ ਦਿੱਤਾ ਸੀ। ਉਹ ਆਪਣੀਆਂ ਸੰਸਾਰਕ ਜ਼ਿੰਮੇਵਾਰੀਆਂ ਹੌਲੀ ਹੌਲੀ ਛੱਡਦੀ ਗਈ ਅਤੇ ਬਹੁਤਾ ਸਮਾਂ ਪਾਠ-ਪੂਜਾ ਵਿਚ ਹੀ ਲਾਉਣ ਲੱਗ ਪਈ। ਹਾਂ, ਸ਼ਾਮ ਵੇਲੇ ਪੋਤੇ-ਪੋਤੀਆਂ ਨਾਲ ਬੈਠਣਾ, ਖੇਡਣਾ ਤੇ ਬਾਤਾਂ ਪਾਉਣੀਆਂ ਕਦੇ ਵੀ ਨਾ ਛੱਡ ਸਕੀ। ਸਾਲਾਂ ਤੋਂ ਜਿਹੜਾ ਘਰ ਉਹਨੇ ਮਿਹਨਤ ਨਾਲ ਪੋਟਾ ਪੋਟਾ ਕਰ ਕੇ ਸੰਭਾਲਿਆ ਸੀ, ਨੂੰਹਾਂ ਹਵਾਲੇ ਕਰ ਦਿੱਤਾ। ਤੇ ਨੂੰਹਾਂ ਨੂੰ ਘਰ ਸੰਭਾਲਣ ਵਿਚ ਮਾਤਾ ਦੀ ਸਲਾਹ ਕਿੱਥੇ ਚਾਹੀਦੀ ਸੀ ? ਖੈਰ! ਮਾਤਾ ਤਾਂ ਵੀ ਸੰਤੁਸ਼ਟ ਸੀ। ਜ਼ਿੰਮੇਵਾਰੀਆਂ ਇਕ ਪੀੜ੍ਹੀ ਤੋਂ ਸਰਕ ਕੇ ਅਗਲੀ ਪੀੜ੍ਹੀ ’ਤੇ ਜਾ ਪਈਆਂ ਸਨ। ਤੇ ਘਰ ਸਾਵਾਂ ਚੱਲ ਰਿਹਾ ਸੀ।



ਜ਼ਿੰਮੇਵਾਰੀਆਂ ਤੋਂ ਪਿੱਛੇ ਹੱਟਣ ਨਾਲ ਮਾਤਾ ਅਚਾਨਕ ਫੇਰ ਘਰ ਦਾ ਕੇਂਦਰ ਬਿੰਦੂ ਬਣ ਗਈ। ਹਰ ਕੋਈ ਫਿਰ ਉਸੇ ਪੁੱਛਣ ਲੱਗਾ। ਮਾਤਾ ਦੀ ਉਮਰ ਕੀ ਸੱਚਮੁਚ ਜ਼ਿਆਦਾ ਹੋ ਗਈ ? ਮਾਤਾ ਦੀ ਸਿਹਤ ਕਿਵੇਂ ਹੈ ? ਕੀ ਉਸ ਦੇ ਦਿਨ ਪੁੱਗ ਗਏ ਹਨ ? ਫਿਰ ਹਰ ਕੋਈ ਮਾਤਾ ਬਾਰੇ ਚਿੰਤਤ ਹੋਣ ਲੱਗੇ। ਠੀਕ ਹੈ ਕਿ ਪੁੱਤ ਵੱਡੇ ਹੋ ਗਏ ਸਨ ਤੇ ਕਿਸੇ ਨੂੰ ਵੀ ਮਾਤਾ ਦੀ ਬਹੁਤੀ ਲੋੜ ਨਹੀਂ ਸੀ ਰਹਿ ਗਈ ਪਰ ਇਸ ਨਾਲ ਮਾਂ ਪ੍ਰਤੀ ਉਨ੍ਹਾਂ ਦਾ ਪਿਆਰ ਤੇ ਭਾਵਨਾ ਤਾਂ ਨਹੀਂ ਸੀ ਨਾ ਘੱਟ ਸਕਦੀ। ਨੂੰਹਾਂ-ਪੁੱਤ ਤਹਿ ਦਿਲੋਂ ਮਾਂ ਦਾ ਧਿਆਨ ਕਰਨ ਲੱਗ ਸਨ ਤੇ ਜੋਗੀ ਦਾ ਵੀ! ਮਾਤਾ ਉਠਦੀ, ਬਹਿੰਦੀ, ਮੰਜੇ ’ਤੇ ਪਈ ਨਿੰਮਾ-ਨਿੰਮਾ ਮੁਸਕਰਾਂਦੀ ਰਹਿੰਦੀ ਤੇ ਕਹੀ ਜਾਂਦੀ, ‘ਮੈਂ ਠੀਕ ਹਾਂ ਬੱਚਾ, ਮੈਨੂੰ ਕੁਝ ਨਹੀਂ ਚਾਹੀਦਾ। ਤੁਸੀ ਹੋ ਤੇ ਮੇਰੇ ਕੋਲ ਸਭ ਕੁਝ ਹੈ।’ ਉਹਨੂੰ ਤਸੱਲੀ ਸੀ ਕਿ ਚਾਚੀਆਂ ਹੁਣ ਜੋਗੀ ਦਾ ਪੂਰਾ ਖਿਆਲ ਰੱਖਦੀਆ ਸਨ, ਖਾਸਕਰ ਵਿਚਕਾਰਲੀ ਚਾਚੀ। ਇਕ ਦਿਨ ਡਾਕਟਰ ਪੁੱਤ ਨੇ ਆਪਣੀ ਪਤਨੀ ਨੂੰ ਹਰਖ ਕੇ ਕਿਹਾ,‘ਤੈਨੂੰ ਪਤੈ ਮਾਂ ਨੂੰ ਕਿੰਨੇ ਹੀ ਦਿਨਾਂ ਤੋਂ ਬੁਖਾਰ ਏ ? ਉਹ ਵਿਚਾਰੀ ਆਪਣੇ ਪਤੀ ਤੋਂ ਇਹੋ ਜਿਹੀ ਝਿੜਕ ਦੀ ਆਸ ਨਹੀਂ ਸੀ ਰੱਖਦੀ। ਘਬਰਾ ਕੇ ਬੋਲੀ, ‘ਮੈਨੂੰ ਕਿਵੇਂ ਪਤਾ ਲਗਦਾ ? ਉਹ ਤਾਂ ਰੋਜ਼ ਨਹਾਉਂਦੇ ਨੇ, ਪਾਠ-ਪੂਜਾ ’ਤੇ ਬੈਠਦੇ ਨੇ। ਹਾਂ, ਰੋਟੀ ਜ਼ਰੂਰ ਕੁਝ ਦਿਨਾਂ ਤੋਂ ਘਟਾ ਦਿੱਤੀ ਏ।

ਜੋਗੀ ਨੇ ਵੀ ਅੱਜ ਸਵੇਰੇ ਈ ਮੈਨੂੰ ਕਿਹਾ ਸੀ ਕਿ ਮਾਤਾ ਕੁਝ ਠੀਕ ਨਹੀ।’ ‘ਤੂੰ ਕਿੰਨੀ ਲਾਪ੍ਰਵਾਹ ਏਂ। ਮੈਂ ਹੀ ਮਾਂ ਕੋਲ ਜਾਨਾ।’’ ਡਾਕਟਰ ਸਾਹਿਬ ਮਾਂ ਦੇ ਕਮਰੇ ਵੱਲ ਭੱਜ ਨਿਕਲੇ ਤੇ ਫੇਰ ਚਾਰੇ ਭਰਾ, ਮਾਂ ਦੇ ਸਿਰਹਾਣੇ ਜਾ ਖੜ੍ਹੇ ਹੋਏ। ਮਾਤਾ ਅੱਖਾਂ ਮੀਚੀ ਪਈ ਸੀ, ਸ਼ਾਂਤ-ਚਿੱਤ। ਜੋਗੀ ਦਾਦੀ ਦੀਆਂ ਪੁੜਪੁੜੀਆਂ ਝੱਸ ਰਿਹਾ ਸੀ। ਪ੍ਰੋਫੈਸਰ ਨੇ ਮਾਂ ਦਾ ਮੱਥਾ ਟੋਹਿਆ। ਡਾਕਟਰ ਨੇ ਫਿਕਰਮੰਦੀ ਦਰਸਾਈ,‘‘ ਮਾਂ ਨੂੰ ਤਾਂ ਬੜਾ ਤਾਪ ਚੜ੍ਹਿਐ।’’ ਪਰ ਮਾਤਾ ਇੰਨੇ ਕੁ ਬੁਖਾਰ ਨੂੰ ਕੀ ਸਮਝਦੀ ਸੀ।’’ ਨਹੀਂ, ਨਹੀਂ ਮੈਨੂੰ ਬੁਖਾਰ ਤਾਂ ਕੋਈ ਨਹੀਂ ਐਵੇਂ ਜ਼ਰਾ ਕੁ ਦਰਦਾ ਨੇ। ਮੈਂ ਤਾਂ ਹੀ ਸਵੇਰ ਤੋਂ ਉੱਠੀ ਈ ਨਹੀਂ, ਐਵੇਂ ਕਿਉਂ ਫਿਕਰ ਕਰਦੇ ਓ ?’’ ਉਹਨੇ ਸਾਰਿਆਂ ਨੂੰ ਚਿੰਤਾਮੁਕਤ ਕਰਨ ਲਈ ਕਿਹਾ। ਸ਼ਾਮ ਤੱਕ ਮਾਤਾ ਬੇਹੋਸ਼ ਹੀ ਹੋ ਗਈ, ਅੱਖਾਂ ਹੀ ਨਾ ਖੋਲ੍ਹੇ। ਅਗਲੇ ਤਿੰਨ ਦਿਨਾਂ ਵਿਚ ਕਮਰਾ ਤਰ੍ਹਾਂ-ਤਰ੍ਹਾਂ ਦੀਆਂ ਦਵਾਈਆਂ, ਟੀਕਿਆਂ ਤੇ ਉਨ੍ਹਾਂ ਦੀ ਗੰਧ ਨਾਲ ਭਰ ਗਿਆ। ਉੱਡੇ ਮੂੰਹਾਂ ਵਾਲੇ ਪੁੱਤ ਕਮਰੇ ਦੇ ਅੰਦਰ ਬਾਹਰ ਹੋਈ ਜਾਂਦੇ। ਨੂੰਹਾਂ ਦੇ ਵੀ ਜਿਹੇਂ ਹੋਸ਼ ਉੱਡ ਗਏ ਸਨ।’’ ਮਾਂ ਨੇ ਦਵਾਈ ਲਈ ? ਮਾਂ ਨੇ ਦੁੱਧ ਪੀਤਾ ? ਮਾਂ ਨੇ ਰਸ ਪੀਤਾ ? ’’ ਸਵਾਲ ਬੱਸ ਇਹੋ ਜਿਹੇ ਹੀ ਹੋ ਕੇ ਰਹਿ ਗਏ। ਖਰਚੇ, ਦਵਾਈਆਂ ਡਾਕਟਰਾਂ ਦਾ ਕੋਈ ਅੰਤ ਨਾ ਰਿਹਾ। ਮਾਤਾ ਨੂੰ ਬਚਾਉਣ ਦੀ ਮੁਹਿੰਮ ਛਿੜ ਗਈ। ਧੀਆਂ ਵੀ ਆ ਕੇ ਮਾਂ ਦੇ ਗੋਡੇ-ਮੁੱਢ ਲੱਗ ਗਈਆਂ। ਦੁਖੀ ਤਾਂ ਸਾਰੇ ਸਨ ਪਰ ਜੋਗੀ ਦਾ ਦੁੱਖ ਕੋਈ ਨਹੀਂ ਸੀ ਜਾਣਦਾ। ਰਾਤ ਨੂੰ ਸਾਰੇ ਸੌਂ ਜਾਂਦੇ, ਪਰ ਜੋਗੀ ਦਾਦੀ ਦੇ ਕੋਲ ਹੀ ਮੰਜੇ ’ਤੇ ਸਿਰ ਸੁੱਟੀ ਬੈਠਾ ਰਹਿੰਦਾ। ਬੇਹੋਸ਼, ਸੁੱਧ -ਬੁੱਧ ਤੋਂ ਸੱਖਣੀ ਮਾਤਾ ਰਾਤ ਵੇਲੇ ਅਚਨਚੇਤ ਜੋਗੀ ਦਾ ਮੱਥਾ ਪਲੋਸਦੀ ਤੇ ਕਦੇ-ਕਦੇ ਕੁਝ ਕਹਿੰਦੀ ਵੀ, ਪਰ ਨਾਲ ਦੀ ਨਾਲ ਫਿਰ ਨੀਂਦੇ ਸੌਂ ਜਾਂਦੀ। ਪਰਿਵਾਰ ਦੇ ਬਾਕੀ ਸਾਰੇ ਮੈਂਬਰ ਜਦੋਂ ਘਰ ਹੁੰਦੇ ਤਾਂ ਮਾਤਾ ਦੇ ਕਮਰੇ ਵਿਚ ਹੀ ਬੈਠੇ ਰਹਿੰਦੇ। ਪ੍ਰੋਫੈਸਰ, ਡਾਕਟਰ ਤੇ ਵਕੀਲ ਪੁੱਤ ਬਚਪਨ ਦੀਆਂ ਗੱਲਾਂ ਕਰਦੇ। ਮਾਂ ਦੀ ਘਾਲਣਾ ਯਾਦ ਕਰਦੇ। ਨੂੰਹਾਂ ਛੋਟੀ ਛੋਟੀ ਗੱਲੋਂ ਮਾਂ ਦਾ ਵਿਰੋਧ ਕਰਨ ਦੀਆਂ ਗੱਲਾਂ ਨੂੰ ਯਾਦ ਕਰਕੇ ਆਪਣੀ ਗਲਤੀ ’ਤੇ ਝੂਰਦੀਆਂ। ਪੋਤੇ-ਪੋਤੀਆਂ ਕੰਧਾਂ ਕੌਲਿਆਂ ਪਿੱਛੇ ਖੜ੍ਹ ਕੇ ਰੋ ਲੈਂਦੇ। ਜੋਗੀ ਦਾ ਦੁੱਖ ਤਾਂ ਉਸ ਦੇ ਅੰਗ-ਅੰਗ ਵਿਚੋਂ ਛਲਕਦਾ ਸੀ। ਤੇ ਫੇਰ ਮਾਤਾ ਚਲਾਣਾ ਕਰ ਗਈ। ਪਰਿਵਾਰ ਦੀਆਂ ਧੀਆਂ ਵੱਲੋਂ ਚੌਥੇ ਦਿਨ ਦਿੱਤੀ ਗਈ ਸ਼ਰਧਾਜਲੀ ਮਗਰੋਂ ਉਠਾਲਾ ਹੋ ਗਿਆ। ਹੁਣ ਚਾਰੇ ਪੁੱਤਰਾਂ ਨੇ ਮਾਂ ਨੂੰ ਵਿਦਾਇਗੀ ਦੇਣ ਲਈ ਸ਼ਰਾਧ ਕਰਨਾ ਸੀ। ਉਨ੍ਹਾਂ ਮਾਂ ਦੇ ਅਗਲੇ ਸਫਰ ਲਈ ਸਾਮਾਨ ਢੋਣਾ ਸੀ। ਨਵੇਂ ਬਿਸਤਰੇ, ਤਲਾਈਆਂ, ਰਜਾਈਆਂ, ਰੇਸ਼ਮੀ ਸਿਰ੍ਹਾਣੇ, ਭਾਂਡੇ ਤੇ ਕਿੰਨਾ ਕੁਝ ਹੀ ਕੁਝ ਨਵਾਂ ਇਕੱਠਾ ਹੋਇਆ। ਦੂਰੋਂ-ਪਾਰੋਂ ਸਾਰੇ ਰਿਸ਼ਤੇਦਾਰ ਘਰ ਵਿਚ ਇਕੱਠੇ ਹੋ ਰਹੇ ਸਨ। ਮਾਤਾ ਦੇ ਸਭ ਤੋਂ ਨੇੜਲੇ ਜੋਗੀ ਦੇ ਹੱਥੋਂ ਸ਼ਰਾਧ ਦੀ ਰਸਮ ਹੋਣੀ ਸੀ, ਪਰ ਜੋਗੀ ਦੇ ਹੱਥੋਂ ਸ਼ਰਾਧ ਦੀ ਰਸਮ ਹੋਣੀ ਸੀ, ਪਰ ਜੋਗੀ ਕਿੱਥੇ ਸੀ ? ਉਹ ਨਾ ਖਾਂਦਾ, ਨਾ ਦਿਸਦਾ ਸਭ ਤੋਂ ਛੋਟਾ ਚਾਚਾ ਕਦੇ ਉਹਨੂੰ ਲੱਭਦਾ ਤੇ ਬੁਲਾ ਕੇ ਰੋਟੀ ਖਵਾਉਂਦਾ। ਮੁੰਡਾ ਪੀਲਾ ਭੂਕ ਵਰਗਾ ਹੋਇਆ ਪਿਆ ਸੀ। ਚਿੱਟੇ ਪਰ ਮੈਲੇ ਕੱਪੜੇ, ਵਾਲ ਖਿੰਡੇ ਹੋਏ। ਉਹ ਡਡਰਿਆਂ ਵਾਂਗ ਝਾਕਦਾ ਜਿਵੇਂ ਕਿਸੇ ਹੋਰ ਗ੍ਰਹਿ ਤੋਂ ਆਇਆ ਹੋਵੇ। ਸ਼ਰਾਧ ਦਾ ਦਿਨ ਵੀ ਆ ਗਿਆ। ਘਰ ਨੂੰ ਨਵੀਂ ਜਿਹੀ ਦਿੱਖ ਦਿੱਤੀ ਗਈ। ਦੋਸਤਾਂ, ਮਿੱਤਰਾਂ, ਰਿਸ਼ਤੇਦਾਰਾਂ ਤੇ ਭਜਨ ਮੰਡਲੀਆਂ ਨੇ ਆਪੋ-ਆਪਣੀਆਂ ਥਾਵਾਂ ਸਾਂਭ ਲਈਆਂ। ਪ੍ਰੋਫੈਸਰ ਨੇ ਜੋਗੀ ਨੂੰ ਸੱਦਿਆ, ‘ਕਿਥੇ ਸੀ ? ਇੱਥੇ ਆ ਬੈਠ ਇੱਥੇ ?’’ ਮੁੰਡੇ ਨੇ ਹੈਰਾਨੀ ਜਿਹੀ ’ਚ ਪੁੱਛਿਆ, ‘‘ਕਿਉਂ, ਮੈਂ ਇਥੇ ਕੀ ਕਰਨੈ ? ‘ਤੂੰ ਆਪਣੀ ਦਾਦੀ ਲਈ ਇਹ ਸਾਰਾ ਸਾਮਾਨ ਦਾਨ ਕਰਨਾ ਏ ? ‘ਦਾਨ ? ਕਿਹਨੂੰ ?’’ ‘ਤੂੰ ਚੁੱਪ ਕਰ ਕੇ ਬੈਠ ਜਾ ਇਥੇ ਆਕੇ !’’ ਜੋਗੀ ਚੁਪਚਾਪ ਬੈਠ ਗਿਆ ਤੇ ਫੇਰ ਪੰਡਿਤ ਦੇ ਪਿੱਛੇ ਪਿੱਛੇ ਮੰਤਰ ਵੀ ਬੋਲਣ ਲੱਗ ਪਿਆ। ਮੰਤਰ ਬੋਲਦਿਆਂ ਬੋਲਦਿਆਂ ਉਸ ਦਾ ਸਬਰ ਟੁੱਟ ਗਿਆ। ਉਸ ਨੇ ਉੱਚੀ ਸਾਰੀ ਲੇਰ ਮਾਰੀ। ‘ਹਾਏ ਦਾਦੀ! ਤੂੰ ਕਿਉਂ ਤੁਰ ਗਈ ਦਾਦੀ! ਇਨ੍ਹਾਂ ਪਖੰਡੀਆਂ ਤੇਰੇ ਜਿਉਂਦੇ ਜੀਅ ਬਿਸਤਰਿਆਂ ਤੇ ਭਾਂਡਿਆਂ ਦੀ ਖਾਤਰ ਹੀ ਤੈਨੂੰ ਭੰਡਿਆ ਸੀ।’’ ਹੋਰ ਪੋਤੇ ਪੋਤਰੀਆਂ ਵੀ ਆਪੋ-ਆਪਣੀ ਥਾਂ ਡੁਸਕਣ ਲੱਗ ਪਏ। ਪਰ੍ਹਾਂ ਬੈਠੇ ਦੋਸਤ, ਮਿੱਤਰ, ਰਿਸ਼ਤੇਦਾਰ ਵੀ ਦੌੜੇ ਆਏ। ‘ਕੀ ਹੋਇਆ, ਕੀ ਹੋਇਆ ?’’ ਜੋਗੀ ਅੱਗੋ ਕੁਝ ਨਾ ਬੋਲਿਆ ਤੇ ਖੁਦ ਨੂੰ ਸੰਭਾਲਣ ਦੀ ਕੋਸ਼ਿਸ਼ ਕਰਨ ਲੱਗਾ। ‘ਇਹ ਕੀ ਬਕਦੈਂ ਬੇਸ਼ਰਮਾਂ। ਪ੍ਰੋਫੈਸਰ ਆਪਣੇ ਪੁੱਤ ਨੂੰ ਘੂਰ ਰਿਹਾ ਸੀ। ਛੋਟੇ ਚਾਚੇ ਨੇ ਕਿਹਾ, ‘ਜੋਗੀ, ਕੀ ਗੱਲ ਏ ? ਤੂੰ ਦੱਸ ਮੈਨੂੰ !’’ਜੋਗੀ ਦੀਆਂ ਅੱਖਾਂ ’ਚੋ ਦਰਿਆ ਵਹਿ ਤੁਰੇ,‘‘ ਤੁਸੀਂ ਦਾਦੀ ਨੂੰ ਕਦੇ ਸੁਖ ਨਹੀਂ ਦਿੱਤਾ। ਹਰ ਗੱਲ ’ਤੇ ਉਸ ਨੂੰ ਟੋਕਦੇ ਰਹੇ। ਉਹ ਸਾਡੇ ਲਈ ਸਾਮਾਨ ਬਣਾਉਂਦੀ ਤੇ ਤੁਸੀ ਭੰਡਦੇ ਰਹੇ। ਮੈਂ ਮਰੀ ਹੋਈ ਦਾਦੀ ਦੇ ਨਾਂ ’ਤੇ ਕੋਈ ਦਾਨ ਨਹੀਂ ਕਰ ਸਕਦਾ!’’ ਜੋਗੀ ਉਥੋਂ ਉੱਠ ਕੇ ਭੱਜ ਤੁਰਿਆ। ਛੋਟੇ ਚਾਚੇ ਦੀਆਂ ਅੱਖਾਂ ਵਿਚੋਂ ਵੀ ਦਰਦ ਛਲਕਿਆ ਤੇ ਤਿੰਨੋ ਵੱਡੇ ਭਰਾ ਇਕ ਦੂਜ ਦੇ ਮੂੰਹ ਵੱਲ ਝਾਕਣ ਲੱਗੇ। ਚੁੱਪ-ਗੜੁੱਪ।

## ਵਿਅੰਗ

# ਜ਼ਰਾ ਦੇਖ ਕੇ ਚਲੋ

ਗਿੱਦੜ ਨਖਿੱਧ ਜਿਹਾ ਜਾਨਵਰ ਗਿਣਿਆ ਜਾਂਦਾ ਹੈ। ਕੋਈ ਡਰਾਕਲ ਹੋਵੇ ਤਾਂ ਉਸ ਨੂੰ ਗਿੱਦੜ ਜਿਹਾ ਡਰਾਕਲ ਆਖ ਦਿੱਤਾ ਜਾਂਦਾ ਹੈ। ਕਿਸੇ ਬਾਜ਼ਾਰੀ ਮਜਨੂੰ ਨੂੰ ਲੋਕ ਕੁੱਟ ਧਰਨ ਤਾਂ ਇਸ ਨੂੰ ਗਿੱਦੜ ਕੁਟ ਕਿਹਾ ਜਾਂਦਾ ਹੈ। ਇਸ ਪ੍ਰਕਾਰ ਜੇ ਕੋਈ ਜੇਬਕਤਰਾ ਮੌਕੇ ਤੇ ਫੜੇ ਜਾਣ ਕਾਰਨ ਕੁੱਟਿਆ ਜਾਵੇ ਤਾਂ ਉਹ ਵੀ ਗਿੱਦੜ ਕੁੱਟ ਦੀ ਮਾਰ ਹੇਠ ਆ ਜਾਂਦਾ ਹੈ। ਅਜਿਹੀ ਕੁੱਟ ਵਿਚ ਸਾਡੇ ਜਿਹੇ ਵੀ ਦੋ-ਚਾਰ ਜੁੱਤੀਆਂ ਲਾ ਕੇ ਸ਼ੇਰ ਬਣ ਦੇ ਦੇਖ ਲੈਂਦੇ ਹਨ ਉਂਝ ਭਾਵੇਂ ਘਰ ਵਾਲੀ ਤੋਂ ਚੌਵੀ ਘੰਟੇ ਡਰਕੇਜੂਨ ਪੂਰੀ ਕਰਦੇ ਹੋਣ। ਸਪਸ਼ਟ ਹੈ ਕਿ ਗਿੱਦੜ ਦੀ ਚਰਚਾ ਕਈ ਵਾਰ ਹੋ ਜਾਂਦੀ ਹੈ। ਪੁਰਾਣੇ ਬਜ਼ੁਰਗ ਪਹਿਲੇ ਵੇਲਿਆਂ ਵਿਚ ‘ਸ਼ੁਕਰ ਸੁਰਮਈ ਦੇ ਰੰਗਾਂ ਨੂੰ ਕਿ ਗਿੱਦੜ ਚੱਲੇ ਗੰਗਾ ਨੂੰ’ ਕਈ ਵਾਰ ਉਚਰਦੇ ਸਨ। ਚਾਹੇ ਹੁਣ ਦੀ ਅੰਗਰੇਜ਼ੀ ਤਰਜ਼ ਦੀ ਪੀੜ੍ਹੀ ਅਜਿਹੇ ਦੇਸੀ ਕਥਨਾਂ ਤੋਂ ਪੂਰੀ ਤਰ੍ਹਾਂ ਬੇਖਬਰ ਹੀ ਹੈ। ਹਾਂ ਗਿੱਦੜਸਿੰਗੀ ਤੋਂ ਜਾਣੂ ਹੋਣਗੇ। ਖੈਰ, ਅਸੀਂ ਗੱਲ ਕਰਨੀ ਹੈ ਗਿੱਦੜਚੀਕ ਦੀ ਜੋ ਸਭ ਤੋਂ ਵੱਧ ਚਰਚਾ ਵਿਚ ਆਉਂਦੀ ਹੈ। ਇਹ ਭੇਡ ਚਾਲ ਦੀ ਤਰਜ਼ ਵਾਲਾ ਕੰਮ ਹੁੰਦਾ ਹੈ। ਜਿਸ ਤਰ੍ਹਾਂ ਇਕ ਭੇਡ ਦੂਜੀ ਭੇਡ ਦੇ ਪਿੱਛੇ ਪਿੱਛੇ ਹੋ ਲੈਂਦੀ ਹੈ ਉਸੇ ਤਰ੍ਹਾਂ ਜੇ ਗਿੱਦੜ ਕਿਸੇ ਕਾਰਨ ਚੀਕ ਮਾਰ ਦੇਵੇ ਤਾਂ ਨੇੜੇ ਤੇੜੇ ਦੇ ਗਿੱਦੜ ਫੌਰਨ ਚੀਕਾਂ ਮਰਨ ਲੱਗ ਪੈਂਦੇ ਹਨ। ਇੰਜ ਇਹ ਆਪਣੀ ਕਟੁੰਬੀ ਦੀ ਏਕਤਾ ਦਾ ਪ੍ਰਗਟਾਵਾ ਕਰਦੇ ਹਨ। ਭਾਵ ਪਹਿਲੀ ਚੀਕ ਦੇ ਕਾਰਨ ਪਿੱਛੇ ਨਹੀਂ ਜਾਇਆ ਜਾਂਦਾ ਕੇਵਲ ਗਿੱਦੜ ਯੂਨੀਅਨ ਜ਼ਿੰਦਾਬਾਦ ਦਾ ਕੰਮ ਹੀ ਕੀਤਾ ਜਾਂਦਾ ਹੈ। ਗਿੱਦੜ ਚੀਕ ਕਈ ਵਾਰ ਚੇਤੇ ਆ ਜਾਂਦੀ ਹੈ ਬੰਦੇ ਹਾਲਾਂਕਿ ਸੋਚਣ ਸਮਝਣ ਦੀ ਤਾਕਤ ਨਾਲ ਲੈਸ ਹੁੰਦੇ ਹਨ ਪਰ ਕਈ ਹਾਲਤਾਂ ਵਿਚ ਇਹ ਗਿੱਦੜ ਦੇ ਪੈਰੋਕਾਰ ਹੀ ਬਣ ਜਾਂਦੇ ਹਨ ਪਰ ਇਹ ਮਨੁੱਖੀ ਕਾਰ-ਵਿਹਾਰ ਵਿਚ ਹਾਨੀਕਾਰਕ ਸਿੱਧ ਹੁੰਦੀ ਹੈ। ਕਿਉਂਕਿ ਗਲਤ-ਠੀਕ ਦਾ ਫਰਕ ਖਤਮ ਹੋ ਜਾਂਦਾ ਹੈ।

ਕਈ ਵਾਰ ਚੀਕਾਂ ਸੰਘ ਪਾੜਨ ਜਾਂ ਸਿਰ ਪੋਲ ਕਰਨ ਦਾ ਕੰਮ ਹੀ ਕਰਦੀਆਂ ਹਨ। ਸਾਡੇ ਜਦੋਂ ਸਮਾਜਵਾਦ ਦੀ ਚੜ੍ਹਤ ਵੇਲੇ ਮੁਲਾਜ਼ਮ, ਮਜ਼ਦੂਰ, ਜਥੇਬੰਦੀਆਂ ਦਾ ਜ਼ੋਰ ਹੁੰਦਾ ਸੀ ਉਥੋਂ ਕਈ ਵਾਰ ਬਗੈਰ ਸੋਚੇ ਪਰਖੇ ਗਿੱਦੜ ਚੀਕ ਪੈਣ ਲੱਗ ਪੈਂਦੀ ਸੀ। ਅਫਸਰਸ਼ਾਹੀ ਭਾਵੇ ਅਫਸਰ ਲੋਕ ਮਾਰਖਾਨੇਦਾਰ ਕੋਈ ਮਜ਼ਦੂਰ ਤੇ ਮੁਲਾਜ਼ਮ ਦੇ ਸ਼ਰੀਕ ਯਾਨਿ ਕਿ ਦੁਸ਼ਮਣ ਸਮਝੇ ਜਾਂਦੇ ਹਨ। ਨਤੀਜੇ ਵਜੋਂ ਜੇ ਕੋਈ ਈਮਾਨਦਾਰ ਅਫਸਰ ਵੀ ਕਿਸੇ ਗੈਰ-ਜ਼ਿੰਮੇਵਾਰ ਮੁਲਾਜ਼ਮ ਨੂੰ ਡਿਊਟੀ ਪ੍ਰਤੀ ਸੁਚੇਤ ਕਰਦਾ ਤਾਂ ਉਸ ਖਿਲਾਫ ਵੀ ‘ਅਫਰਸ਼ਾਹੀ ਮੁਰਦਾਬਾਦ’ ਅਤੇ ‘ਮੁਲਾਜ਼ਮ ਏਕਤਾ ਜ਼ਿੰਦਾਬਾਦ’ ਦਾ ਬੈਂਡ ਵਾਜਾ ਵੱਜਣ ਲੱਗ ਪੈਂਦਾ ਸੀ। ਇਸੇ ਪ੍ਰਕਾਰ ਕਿਸੇ ਨੇਕ ਨੀਤ ਕਾਰਖਾਨੇ ਦੇ ਮਾਲਿਕ ਵਲੋਂ ਜੇ ਕਿਸੇ ਮਜਬੂਰੀ ਵੱਸ ਮਜ਼ਦੂਰਾਂ ਨੂੰ ਕੁਝ ਆਖ ਦਿੱਤਾ ਜਾਂਦਾ ਤਾਂ ਵੀ ਸਰਮਾਏਦਾਰੀ ਮੁਰਦਾਬਾਦ ਤੇ ਮਜ਼ਦੂਰ ਏਕਤਾ ਜ਼ਿੰਦਾਬਾਦ ਦਾ ਸੰਗੀਤ ਸ਼ੁਰੂ ਹੋ ਜਾਂਦਾ ਸੀ। ਲਿਖਣ ਦਾ ਭਾਵ ਇਹ ਨਹੀਂ ਕਿ ਭ੍ਰਿਸ਼ਟ ਅਫਸਰਾਂ ਤੇ ਗਰੀਬਮਾਰ ਕਾਰਖਾਨੇਦਾਰ ਜਾਂ ਸਰਮਾਏਦਾਰ ਦਾ ਵਿਰੋਧ ਨਾ ਕੀਤਾ ਜਾਵੇ।

ਅਸੀਂ ਆਪ ਸਮਾਜਵਾਦੀ ਵਿਚਾਰਧਾਰਾ ਰੱਖਦੇ ਹਾਂ ਤੇ ਇਸ ਦੇ ਪਤਨ ’ਤੇ ਵੀ ਦੁਖੀ ਵੀ ਹਾਂ ਪਰ ਹਰ ਕੇਸ ਜਾਂ ਸਮੱਸਿਆ ਦੀ ਘੋਖ ਜ਼ਰੂਰ ਹੋਣੀ ਚਾਹੀਦੀ ਹੈ ਤੇ ਘੋਟਾ ਲਗਾ ਕੇ ਚੀਕ ਚੰਘਿਆੜਾ ਨਹੀਂ ਪਾਉਣਾ ਚਾਹੀਦਾ ਜੇ ਕੋਈ ਵਿਰੋਧ ਕਰਨ ਦੇ ਯੋਗ ਹੈ ਤਾਂ ਵਿਰੋਧ ਡੱਟ ਕੇ ਹੋਣਾ ਚਾਹੀਦਾ ਹੈ ਪਰ ਜੇ ਕੋਈ ਨੇਕ ਅਫਸਰ ਜਾਂ ਸਰਮਾਏਦਾਰ ਡਿਊਟੀ ਚੰਗੀ ਤਰ੍ਹਾਂ ਕਰਨ ਲਈ ਆਖੇ ਜਾਂ ਤਾੜੇ ਤਾਂ ਇਸ ਵਿਰੁੱਧ ਗਿੱਦੜ ਚੀਕ ਘਾਤਕ ਸਿੱਧ ਹੁੰਦੀ ਹੈ।

ਸਮਾਜਵਾਦ ਦਾ ਪਤਨ ਤੇ ਨਿਜੀਕਰਨ ਜਾਂ ਪੂੰਜੀਵਾਦ ਦੀ ਚੜ੍ਹਤ ਦਾ ਇਕ ਵੱਡਾ ਕਾਰਨ ਜਥੇਬੰਦੀਆਂ ਦੀਆਂ ਗਿੱਦੜ ਚੀਕਾਂ ਹਨ। ‘‘ਮੇਰੇ ਹੱਕ ਇਥੇ ਰੱਖ’’ ਉਤੇ ਜ਼ੋਰ ਦਿੱਤਾ ਗਿਆ ਤੇ ਕਾਮੇ ਨੂੰ ਫਰਜ਼ ਪੂਰਤੀ ਬਾਰੇ ਅਵੇਸਲਾ ਕਰ ਛੱਡਿਆ। ਪੈਦਾਵਾਰ ਘੱਟ ਗਈ। ਕੰਮ ਚੋਰੀ ਭਾਰੂ ਹੋ ਗਈ ਇਸ ਸਮਾਜਵਾਦ ਦਾ ਚੰਗਾ ਭਲਾ ਸੰਕਲਪ ਬਦਨਾਮ ਹੋ ਕੇ ਰਹਿ ਗਿਆ। ਸਪੱਸ਼ਟ ਹੈ ਕਿ ਗਿੱਦੜ ਚੀਕ ਮਾਰਨ ਤੋਂ ਪਹਿਲਾਂ ਪੂਰੀ ਤਰ੍ਹਾਂ ਵਿਚਾਰ ਕਰਨਾ ਜ਼ਰੂਰੀ ਹੁੰਦਾ ਹੈ। ਪਹਿਲੀ ਚੀਕ ਦੇ ਠੀਕ ਗਲਤ ਹੋਣ ਬਾਰੇ ਪੂਰੀ ਤਰ੍ਹਾਂ ਪੁਣ ਛਾਣ ਕਰਕੇ ਹੀ ਅਗਾਂਹ ਕਦਮ ਪੁੱਟਣਾ ਚਾਹੀਦਾ ਹੈ। ਜੇ ਪਹਿਲੀ ਚੀਕ ਠੀਕ ਨਾ ਲੱਗੇ ਤਾਂ ਉਸ ਨੂੰ ਸਮਝਾ ਕੇ ਚੁੱਪ ਕਰਾਉਣਾ ਚਾਹੀਦਾ ਹੈ। ਨਿਰਾ ਕੋੜਮੇ ਤੇ ਕਬੀਲੇ ਦੇ ਅਸਰ ਹੇਠ ਨਹੀਂ ਆਉਣਾ ਚਾਹੀਦਾ। ਕਾਮਰੇਡ ਜਾਂ ਸਾਥੀ ਹੋਣਾ ਮਾੜਾ ਨਹੀਂ ਪਰ ਅਨ੍ਹੇਵਾਹ ਇਕ ਦੂਜੇ ਦੇ ਮਗਰ ਲੱਗਣਾ ਹਾਨੀਕਾਰਕ ਹੁੰਦਾ ਹੈ। ਇੰਝ ‘‘ਹਮ ਤੋ ਡੂਬੇ ਹੈਂ ਸਨਮ, ਤੁਝ ਕੋ ਭੀ ਲੇ ਕੇ ਡੂਬੇਂ ਗੇਂ’’ ਵਾਲਾ ਕੰਮ ਵੀ ਹੋ ਜਾਂਦਾ ਹੈ। ਇਸ ਲਈ ਸਾਥ ਅਕਲ ਨਾਲ ਹੋਣਾ ਚਾਹੀਦਾ ਹੈ। ਨਾ ਕਿ ਗਿੱਦੜ ਚੀਕ ਦੇ ਨੁਸਖੇ ਮੁਤਾਬਕ। ਗਿੱਦੜ ਚੀਕ ਗਿੱਦੜ ਲਈ ਹੀ ਠੀਕ ਹੈ ਬੰਦਿਆਂ ਲਈ ਨਹੀਂ। ਬੰਦਿਆਂ ਨੂੰ ਤਾਂ ‘‘ਏ ਭਾਈ ਜ਼ਰਾ ਦੇਖ ਕੇ ਚਲੋ’’ ਚੇਤੇ ਰੱਖਣਾ ਚਾਹੀਦਾ ਹੈ।

-ਰਾਜਿੰਦਰ ਪਾਲ ਸ਼ਰਮਾ

## ਵਿਅੰਗ

# ਲੀਡਰਾਂ ਤੇ ਮਾਸਟਰਾਂ ਦੀ ਬੱਲੇ-ਬੱਲੇ

ਜਿਸ ਤਰ੍ਹਾਂ ਦਲੀਲ ਤੇ ਵਕੀਲ ਦਾ ਸਬੰਧ ਹੈ, ਉਸੇ ਤਰ੍ਹਾਂ ਲੀਡਰ ਤੇ ਲੈਕਚਰ ਦਾ ਹੈ। ਜਿਹੜਾ ਬੰਦਾ ਲੈਕਚਾਰ ਨਹੀਂ ਕਰ ਸਕਦਾ, ਉਹ ਲੀਡਰ ਨਹੀਂ ਹੋ ਸਕਦਾ। ਕੰਮ ਜਾਂ ਕਿੱਤਾ, ਜੋ ਅਜਿਹਾ ਹੈ ਪਰ ਲੀਡਰ ਵੀ ਹਰੇਕ ਨਹੀਂ ਬਣ ਸਕਦਾ। ਵਿਸ਼ੇਸ਼ ਰੁਚੀ ਤੇ ਰੁਝਾਨ ਦੀ ਲੋੜ ਹੁੰਦੀ ਹੈ। ਇਕ ਵਾਰ ਇਕ ਮੁਹੱਲੇ ਵਾਲੇ ਇਸ ਗੱਲੋਂ ਔਖੇ ਸਨ ਕਿ ਜਦੋਂ ਵੀ ਉਨ੍ਹਾਂ ਨੂੰ ਸਰਕਾਰੇ ਦਰਬਾਰੇ ਮਾੜਾ ਮੋਟਾ ਕੰਮ ਪੈਂਦਾ ਸੀ ਤਾਂ ਉਨ੍ਹਾਂ ਨੂੰ ਹੋਰ ਮੁਹੱਲੇ ਤੋਂ ਕੋਈ ਲੀਡਰ ਨਾਲ ਲੈ ਕੇ ਜਾਣਾ ਪੈਂਦਾ ਸੀ। ਇਕ ਦਿਨ ਮੁਹੱਲੇ ਦਾ ਇਕੱਠ ਹੋਇਆ ਤੇ ਸਾਰਿਆਂ ਨੇ ਲੀਡਰ ਦੀ ਘਾਟ ਬਾਰੇ ਵਿਚਾਰ ਕੀਤਾ। ਫੈਸਲਾ ਇਹ ਹੋਇਆ ਕਿ ਕੋਈ ਮੁਹੱਲੇ ਵਿਚੋਂ ਲੀਡਰ ਪੈਦਾ ਕੀਤਾ ਜਾਵੇ ਤਾਂ ਜੋ ਦੂਜਿਆਂ ਦੇ ਮਗਰ ਫਿਰਨ ਵਿਚ ਹੁਣ ਜਿਹੜਾ ਲੜਕਾ ਪੈਦਾ ਹੋਏਗਾ, ਉਸ ਨੂੰ ਲੀਡਰ ਬਣਾਓ। ਸੁਭਾਵਿਕ ਤੌਰ ’ਤੇ ਕਿਸੇ ਘਰ ਲੜਕਾ ਪੈਦਾ ਹੋ ਗਿਆ। ਸਾਰਾ ਮੁਹੱਲਾ ਉਸ ਨੂੰ ਆਪਣਾ ਹੀ ਸਮਝਦਾ ਸੀ ਕਿਉਂਕਿ ਲੀਡਰ ਦੀ ਘਾਟ ਪੂਰੀ ਹੋਣ ਦੀ ਉਸ ਤੋਂ ਆਸ ਸੀ। ਉਸ ਦੀ ਸੇਵਾ ਤੇ ਖਾਤਿਰਦਾਰੀ ਵੀ ਸਭ ਕਰਦੇ ਸਨ। ਆਸ਼ੀਰਵਾਦ ਤੇ ਸ਼ੁੱਭ ਇੱਛਾਵਾਂ ਉਸ ਸੰਭਾਵੀ ਲੀਡਰ ਨੂੰ ਮਿਲਦੀਆਂ ਸਨ।

ਹੌਲੀ ਹੌਲੀ ਉਹ ਵੱਡਾ ਹੁੰਦਾ ਗਿਆ ਤੇ ਮੁਹੱਲੇ ਵਾਲੇ ਖੁਸ਼ ਹੁੰਦੇ ਗਏ ਪਰ ਉਸ ਮੁੰਡੇ ਨੇ ਘਰਵਾਲਿਆਂ ਨੂੰ ਦੁਕਾਨ ਪਾ ਕੇ ਦੇਣ ਲਈ ਆਖ ਦਿੱਤਾ। ਲੀਡਰਾਂ ਵਾਲੇ ਜਰਾਸੀਮ ਉਸ ਵਿਚ ਉੱਕਾ ਹੀ ਨਹੀਂ ਸਨ। ਜਦੋਂ ਮੁਹੱਲੇ ਵਾਲਿਆਂ ਨੂੰ ਉਸ ਦੀ ਇੱਛਾ ਬਾਰੇ ਪਤਾ ਲੱਗਾ ਤਾਂ ਉਹ ਭੱਜੇ-ਭੱਜੇ ਮੁੰਡੇ ਦੇ ਘਰ ਆਏ। ਉਸਨੂੰ ਸਮਝਾਉਣ ਲੱਗੇ ਕਿ ਅਸੀਂ ਤਾਂ ਸਾਰਾ ਜ਼ੋਰ ਤੈਨੂੰ ਲੀਡਰ ਬਣਾਉਣ ’ਤੇ ਲਾਇਆ ਸੀ ਪਰ ਤੂੰ ਲੂਣ-ਤੇਲ ਵੇਚਣ ਲਈ ਜ਼ਿੱਦ ਫੜੀ ਬੈਠਾ ਹੈ ਪਰ ਮੁੰਡੇ ਨੇ ਸਾਫ ਕਹਿ ਦਿੱਤਾ ਕਿ ਉਸਨੂੰ ਲੀਡਰੀ ਦਾ ਕੋਈ ਸ਼ੌਕ ਨਹੀਂ ਤੇ ਦੁਕਾਨ ਹੀ ਕਰੇਗਾ। ਮੁਹੱਲੇ ਦੀਆਂ ਆਸਾਂ ’ਤੇ ਪਾਣੀ ਫਿਰ ਗਿਆ। ਉਪਰੋਕਤ ਤੋਂ ਸਪੱਸ਼ਟ ਹੈ ਕਿ ਸੁਭਾਵਿੱਕ ਰੁਝਾਨ ਤੇ ਰੁਚੀ ਬਗੈਰ ਬੰਦਾ ਨਾ ਤਾਂ ਲੀਡਰ ਬਣ ਸਕਦਾ ਹੈ ਤੇ ਨਾ ਕੋਈ ਹੋਰ ਮੱਲ ਮਾਰ ਸਕਦਾ ਹੈ। ਹਰ ਕੰਮ ਵਿਚ ਸਫਲਤਾ ਲਈ ਵਿਸ਼ੇਸ਼ ਰੁਚੀ ਦੀ ਲੋੜ ਹੁੰਦੀ ਹੈ। ਆਉਂਦੇ ਹਾਂ ਲੀਡਰ ਲੈਕਚਰ ਵੱਲ। ਲੀਡਰ ਨੂੰ ਆਮ ਜਨਤਕ ਭਾਸ਼ਣ ਤਾਂ ਕਰਨੇ ਹੀ ਪੈਂਦੇ ਹਨ। ਵਿਸ਼ੇਸ਼ ਕਰਕੇ ਚੋਣਾਂ ਦੇ ਨੇੜੇ ਜਾ ਕੇ ਤਾਂ ਲੈਕਚਰਾਂ ਦੀ ਧੂੜ ਵਗ੍ਹਾਉਣੀ ਪੈਂਦੀ ਹੈ। ਆਮ ਹਾਲਾਤ ਵਿਚ ਵੀ ਕਦੇ ਟੂਰਨਾਮੈਂਟ ਦੇ ਉਦਘਾਟਨ ਜਾਂ ਸਮਾਪਤੀ ’ਤੇ ਬੋਲਣਾ ਪੈਂਦਾ ਹੈ ਤੇ ਕਈ ਵਾਰ ਕਿਸੇ ਮੇਲੇ ਮੁਸ਼ਾਵੇ ’ਤੇ। ਹੋਰ ਤਾਂ ਹੋਰ ਸਾਡੇ ਸਮਾਜਿਕ ਸਮਾਗਮਾਂ ਵਿਚ ਵੀ ਲੀਡਰਾਂ ਦੇ ਭਾਸ਼ਣ ਉਰਫ ਲੈਕਚਰ ਆਮ ਚੱਲਦੇ ਹਨ। ਕਈਆਂ ਦੀ ਤਾਂ ਲੀਡਰਾਂ ਨਾਲ ਨੇੜਤਾ ਹੁੰਦੀ ਹੈ ਤੇ ਬਹੁਤੇ ਸਾਡੇ ਜਿਹੇ ਖਿੱਚ ਧੂਹ ਕੇ ਲੀਡਰਾਂ ਨੂੰ ਸੱਦ ਲੈਂਦੇ ਹਨ। ਮਰਗਤ ਦੇ ਭੋਗ ਤੇ ਦੋ-ਚਾਰ ਲੀਡਰਾਂ ਵਲੋਂ ‘ਸ਼ਰਧਾਂਜਲੀ ਲੈਕਚਾਰ’ ਆਮ ਹੁੰਦੇ ਹਨ। ਵਿਆਹ ਮੰਗਣਾ ਵੀ ਇਨ੍ਹਾਂ ਬਗੈਰ ਨਹੀਂ ਸਜਦਾ। ਜੇ ਕਿਤੇ ਇਥੇ ਵੀ ਦੋ-ਚਾਰ ਲਫਜ਼ ਬੋਲਣੇ ਹੋਣ ਤਾਂ ਲੀਡਰ ਸਾਹਿਬ ਨੂੰ ਹੀ ਕਸ਼ਟ ਦਿੱਤਾ ਜਾਂਦਾ ਹੈ। ਉਂਝ ਇਹ ਵੀ ਸਪੱਸ਼ਟ ਹੈ ਕਿ ਲੀਡਰ ਹਰੇਕ ਨਹੀਂ ਬਣ ਸਕਦਾ। ਲੋਕ ਰਾਜ ਵਿਚ ਚਾਹੇ ਅਚੋਵਾਈ ਤਾਂ ਕਈਆਂ ਨੂੰ ਹੁੰਦੀ ਹੈ ਕਿ ਲੀਡਰੀ ਵਿਚ ਪੈਰ ਧਰਿਆ ਜਾਵੇ ਪਰ ਵਿਸ਼ੇਸ਼ ਯੋਗਤਾ ਬਗੈਰ ਕੁਝ ਪੱਲੇ ਨਹੀਂ ਪੈਂਦਾ। ਸਰਕਾਰੇ-ਦਰਬਾਰੇ ਚੱਲਦੀ ਹੈ ਤੇ ਸਮਾਜ ਵਿਚ ਪੂਰੀ ਸ਼ਾਨ ਹੁੰਦੀ ਹੈ। ਕਈਆਂ ਦੇ ਕੰਮ ਕਰਾਉਣ ਦੀ ਸਮੱਰਥਾ ਹੁੰਦੀ ਹੈ। ਇਸੇ ਕਾਰਨ ਤਾਂ ਮੁਹੱਲੇ ਵਾਲੇ ਲੀਡਰ ਪੈਦਾ ਕਰਨਾ ਚਾਹੁੰਦੇ ਸਨ। ਆਪਣਾ ਲੀਡਰ ਹੋਵੇ ਤਾਂ ਬੰਦਾ ਮਾਣ ਨਾਲ ਬਾਂਹ ਫੜ ਕੇ ਤੋਰਨ ਜੋਗਾ ਹੁੰਦਾ ਹੈ। ਸਾਡੇ ਅਜੇ ਕੌਮੀ ਪੱਧਰ ’ਤੇ ਕਹਿਣੀ ਤੇ ਕਰਨੀ ਦਾ ਸੁਮੇਲ ਸਥਾਪਿਤ ਨਹੀਂ ਹੋ ਸਕਿਆ।



ਨੈਤਿਕ ਸੋਚ ਦੀ ਘਾਟ ਕਾਰਨ ਲੀਡਰਾਂ ਦੇ ਲੈਕਚਾਰਾਂ ਦੀ ਵਿਸ਼ਵਾਸ ਯੋਗਤਾ ਦੀ ਘਾਟ ਜ਼ਰੂਰ ਹੁੰਦੀ ਹੈ ਪਰ ਆਸ ਕਰਦੇ ਹਾਂ ਕਿ ਭ੍ਰਿਸ਼ਟਾਚਾਰ ਨੂੰ ਠੱਲ ਪਏਗੀ ਤੇ ਫਿਰ ਕਹਿਣੀ ਤੇ ਕਰਨੀ ਦਾ ਵੀ ਸੁਮੇਲ ਹੋ ਜਾਏਗਾ ਪਰ ਇਸ ਵਿਚ ਕੋਈ ਸ਼ੱਕ ਨਹੀਂ ਕਿ ਲੈਕਚਰ ਬਗੈਰ ਸਫਲ ਲੀਡਰ ਹੋਣਾ ਔਖਾ ਹੈ, ਬਲਕਿ ਅਸੰਭਵ ਹੈ। ਲੀਡਰ ਤੇ ਲੈਕਚਾਰ ਦਾ ਇੰਨਾ ਹੀ ਗੂੜ੍ਹਾ ਰਿਸ਼ਤਾ ਹੈ, ਜਿੰਨਾ ਵਕੀਲ ਤੇ ਦਲੀਲ ਦਾ। ਸੋ ਲੀਡਰ ਤੇ ਲੈਕਚਰ ਜ਼ਿੰਦਾਬਾਦ!

-ਰਾਜਿੰਦਰ ਪਾਲ ਸ਼ਰਮਾ

## ਮਿੰਨੀ ਕਹਾਣੀਆਂ

### ਸੁਧਾਰ

‘‘ਦੇਖੋ ਜੀ, ਮੈਂ ਹੋਰ ਤਾਂ ਸਭ ਕੁਝ ਬਰਦਾਸ਼ਤ ਕਰ ਸਕਦੀ ਹਾਂ ਪਰ ਕਿਸੇ ਦੀ ਟੋਕਾ ਟਾਕੀ ਮੈਨੂੰ ਬਿਲਕੁਲ ਬਰਦਾਸ਼ਤ ਨਹੀਂ।’’ ਵਿਆਹ ਦੇ ਪਹਿਲੇ ਦਿਨਾਂ ਵਿਚ ਹੀ ਮੇਰੀ ਪਤਨੀ ਦਾ ਆਦੇਸ਼।

ਆਦੇਸ਼ ਦੀ ਪੂਰੀ ਤਰ੍ਹਾਂ ਪਾਲਣਾ ਹੁੰਦੀ ਰਹ। ਇਕ ਦਿਨ ਕੁਵੇਲੇ ਜਿਹੇ ਮੇਰਾ ਸਾਲਾ ਆ ਗਿਆ। ਰੋਟੀ ਖਾਨ ਲੱਗਿਆਂ ਮੂੰਹ ਵਿਚ ਇਕ ਬੁਰਕੀ ਪਾਈ ਸੀ ਕਿ ਉਸ ਦੀ ਸਪਾਟ ਪੇਂਡੂ ਬੋਲੀ ਨੇ ਆਪਣੀ ਭੈਣ ਨੂੰ ਝੰਜੋੜ ਸੁੱਟਿਆ, ‘‘ਕੁੜੀਏ! ਤੂੰ ਤਾਂ ਸੰਨ੍ਹੀ ਹੀ ਰਲਾ ਰੱਖੀ ਹੈ, ਐਨਾ ਲੂਣ, ਮਾਸੜ ਜੀ ਤਾਂ ਪਹਿਲਾਂ ਹੀ ਬੀ ਪੀ ਦੇ ਮਰੀਜ ਐ, ਮਾਰਨਾ ਇਨ੍ਹਾਂ ਨੂੰ ?

ਸਾਡੇ ਵਲੋਂ ਵੀ ਕੋਈ ਪ੍ਰਤੀਕਰਮ ਨਾ ਕਰਨ ’ਤੇ ਉਸ ਨੇ ਸਾਨੂੰ ਵੀ ਕਸੂਰਵਾਰ ਠਹਿਰਾਉਂਦਿਆਂ ਆਖਿਆ, ਓਏ ਜੀਜੇ! ਭੈਣ ਤਾਂ ਬੇਵਕੂਫ ਹੈ ਹੀ, ਤੁਸੀਂ ਵੀ ਚੁੱਪ ਚਾਪ ਬੈਠੇ ਰੋਟੀ ਖਾਈ ਜਾ ਰਹੇ ਹੋ, ਆਪਣੀ ਨੂੰਹ ਨੂੰ ਐਨਾ ਹੀ ਨਹੀਂ ਸਮਝਾ ਸਕਦੇ ਕਿ ਭਾਈ ਲੂਣ ਘੱਟ ਪਾਇਆ ਕਰ। ਉਸ ਦਿਨ ਤੋਂ ਬਾਅਦ ਸਾਡੇ ਘਰ ਵਿਚ ਸੁਧਾਰ ਆਉਣਾ ਸ਼ੁਰੂ ਹੋ ਗਿਆ।

-ਰਘਬੀਰ ਸਿੰਘ ਮਹਿਮੀ



### ਫਰਕ

‘‘ਮੰਮੀ ਮੈਂ ਕਾਲਜ ਲਈ ਲੇਟ ਹੋ ਗਿਆ। ਰੋਟੀ ਲੈ ਆਓ।’’ ਗੁਰਿੰਦਰ ਨੇ ਸ਼ਰਟ ਦੇ ਬਟਣ ਲਗਾਉਂਦਿਆਂ ਆਪਣੀ ਮਾਂ ਨੂੰ ਕਿਹਾ। ਉਸੇ ਸਮੇਂ ਉਸ ਦੀ ਛੋਟੀ ਭੈਣ ਨੇ ਰੋਟੀ ਦੀ ਥਾਲੀ ਮੇਜ ’ਤੇ ਰੱਖ ਦਿੱਤੀ ਪਰ ਪਾਣੀ ਦਾ ਗਲਾਸ ਮੇਜ ’ਤੇ ਰੱਖਣ ਲੱਗੇ ਉਸ ਦੇ ਹੱਥੋਂ ਫਿਸਲ ਗਿਆ ਤੇ ਥੋੜ੍ਹਾਂ ਜਿਹਾ ਪਾਣੀ ਗੁਰਿੰਦਰ ਦੀ ਸ਼ਰਟ ’ਤੇ ਡਿੱਗ ਪਿਆ।

ਗੁਰਿੰਦਰ ਆਪਣੀ ਭੈਣ ’ਤੇ ਗੁੱਸੇ ਹੋਣ ਲੱਗਾ ਤਾਂ ਉਸ ਦੀ ਭੈਣ ਨੇ ਡਰਦਿਆਂ ਕਿਹਾ, ‘‘ਪਾਣੀ ਹੀ ਹੈ, ਸੁੱਕ ਜਾਵੇਗਾ।’’ ਗੁਰਿੰਦਰ ਨੇ ਗੁੱਸੇ ਵਿਚ ਰੋਟੀ ਦੀ ਥਾਲੀ ਪਰ੍ਹੇ ਧੱਕ ਦਿੱਤੀ। ਉਸ ਦੀ ਮਾਂ ਨੇ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰ ਉਸ ਨੇ ਅਣ-ਸੁਣਿਆ ਕਰ ਦਿੱਤਾ ਤੇ ਕਾਲਜ ਵੱਲ ਤੁਰ ਪਿਆ। ਪਹਿਲਾ ਪੀਰੀਅਡ ਲਗਾਉਣ ਤੋਂ ਬਾਅਦ ਉਹ ਕੰਟੀਨ ਚਲਾ ਗਿਆ। ਉਹ ਖਾਣ ਲਈ ਕੁਝ ਮੰਗਵਾਉਂਦਾ, ਐਨੇ ਵਿਚ ਨਿੱਕੀ ਆ ਗਈ। ਨਿੱਕੀ ਉਸ ਦੇ ਨਾਲ ਪੜ੍ਹਦੀ ਸੀ ਤੇ ਦੋਨਾਂ ਵਿਚ ਚੰਗੀ ਬਣਦੀ ਸੀ। ਨਿੱਕੀ ਉਸ ਦੀ ਸਾਹਮਣੀ ਕੁਰਸੀ ’ਤੇ ਬੈਠ ਗਈ ਪਰ ਜਦੋਂ ਉਸ ਨੇ ਆਪਣਾ ਕਿਤਾਬਾਂ ਵਾਲਾ ਬੈਗ ਮੇਜ ’ਤੇ ਰੱਖਿਆ ਤਾਂ ਬੈਗ ਸਾਹਮਣੇ ਪਈ ਸੌਸ ਦੀ ਬੋਤਲ ਨਾਲ ਟਕਰਾਹਿਆ। ਸਰਾ ਸੌਸ ਗੁਰਿੰਦਰ ਦੇ ਕੱਪੜਿਆਂ ’ਤੇ ਡਿੱਗ ਪਿਆ। ਨਿੱਕੀ ਨੇ ਹਲਕੀ ਜਿਹੀ ਸੌਰੀ ਆਖੀ ਤਾਂ ਗੁਰਿੰਦਰ ਨੇ ਕੱਪੜੇ ਸਾਫ ਕਰਦਿਆਂ ਮੁਸਕਰਾ ਕੇ ਕਿਹਾ, ਕੋਈ ਗੱਲ ਨਹੀਂ।

-ਰੁਪਿੰਦਰ ਕੌਰ

## ਕਾਵਿ ਰਚਨਾ

### ਦੋ ਪਲ

ਕਿਸੇ ਉਂਗਲੀ ਫੜਾਈ, ਅਸੀਂ ਤੁਰੀ ਗਏ ਨਾਲ  
ਉਹਨੇ ਉਂਗਲੀ ਛੁਡਾਈ, ਅਸੀਂ ਵੇਖਦੇ ਰਹੇ।  
ਮਾਂ-ਮਹਿੱਟਰਾਂ ਦੇ ਵਾਂਗੂੰ, ਅਸੀਂ ਦੁਨੀਆਂ ਦੇ ਵਿਚ,  
ਸਾਡੀ ਸੁਣੀ ਨਾ ਦੁਹਾਈ, ਅਸੀਂ ਵੇਖਦੇ ਰਹੇ।  
ਇਕ ਰਾਹਾਂ ਅਣਜਾਣ, ਦੂਜੇ ਪੰਧ ਦੁਸ਼ਵਾਰ,  
ਦਿਸਹੱਦਿਆਂ ਤੋਂ ਸੀ, ਤੀਜੇ ਦੂਰ ਮੰਜ਼ਲਾਂ।  
ਚੌਥੇ ਪੈਰਾਂ ਵਿਚ ਛਾਲੇ, ਪੰਜ ਤੱਪਦੇ ਸੀ ਰੇਤੇ,  
ਛੇਵੇਂ ਦੰਦੀਆਂ ਚਿੜਾਉਣ, ਮਗਰੂਰ ਮਜ਼ਲਾਂ।  
ਸੱਤ ਦੁਨੀਆਂ ਦੀ ਭੀੜ, ਬਾਕੀ ਗਰਜ਼ਾਂ ਦਾ ਸ਼ੋਰ,  
ਸੁਣੇ ਕੰਨ ’ਚ ਨਾ ਪਾਈ, ਅਸੀਂ ਵੇਖਦੇ ਰਹੇ।  
ਮਾਂ-ਮਹਿੱਟਰਾਂ ਦੇ ਵਾਂਗੂੰ, ਅਸੀਂ ਦੁਨੀਆਂ ਦੇ ਵਿਚ,  
ਸਾਡੀ ਸੁਣੀ ਨਾ ਦੁਹਾਈ, ਅਸੀਂ ਵੇਖਦੇ ਰਹੇ।  
ਹੁੰਦਾ ਕਿਸ ਕੋਲ ਸਮਾਂ, ਕੌਣ ਸੁਣਦਾ ਹੈ ਗੱਲ,  
ਆਪੋ-ਧਾਪੀ ਵਿਚ ਦੁਨੀਆਂ ਹੈ ਦੌੜੀ ਫਿਰਦੀ।  
ਉਹ ਵੀ ਚਾਹੁੰਦਾ ਸੀ ਨਿਭਾਵਾਂ, ਵੰਡਾਂ ਮੀਤ ਨੂੰ ਵਫਾਵਾਂ,  
ਧੁੰਦ ਬੰਧਨਾਂ ਦੀ ਸਭ ਕੁਝ ਕੱਜੀ ਜਾਂਵਦੀ।  
ਉਹਨੇ ਭੋਲਾ ਜਿਹਾ ਬਣ, ਦੱਸੀ ਸਾਰੀ ਮਜਬੂਰੀ,  
ਇਉਂ ਕੀਤੀ ਚਤੁਰਾਈ, ਅਸੀਂ ਵੇਖਦੇ ਰਹੇ।  
ਮਾਂ ਮਹਿੱਟਰਾਂ ਦੇ ਵਾਂਗੂੰ, ਅਸੀਂ ਦੁਨੀਆਂ ਦੇ ਵਿਚ,  
ਸਾਡੀ ਸੁਣੀ ਨਾ ਦੁਹਾਈ, ਅਸੀਂ ਵੇਖਦੇ ਰਹੇ।  
ਉਹਨੇ ਚੜ੍ਹ ਲਿਆ ਸਾਲੂ, ਫੁਲਕਾਰੀਆਂ ਦੀ ਛਾਵੇਂ,  
ਸਾਡੇ ਹੌਕੇ ਸ਼ਹਿਨਾਈ ਬਣ, ਕੂਕਦੇ ਰਹੇ।  
ਕੁਝ ਹਿਜਰਾਂ ਦੀ ਅੱਗ, ਕੁਝ ਹੌਕਿਆਂ ਦੇ ਲਾਂਬੂ,  
ਇਉਂ ਜੱਗ ਵਾਲੇ ਭੈੜੇ, ਸਾਨੂੰ ਫੂਕਦੇ ਰਹੇ।  
ਐਵੇਂ ਪਲ ਦੋ ਪਲ ਸੀ ਖੁਸ਼ੀ ਦਾ ਲਿਸ਼ਕਾਰਾ,  
ਉਸ ਅਉਧ ਨਾ ਹੰਢਾਈ, ਅਸੀਂ ਵੇਖਦੇ ਰਹੇ।  
ਮਾਂ ਮਹਿੱਟਰਾਂ ਦੇ ਵਾਂਗੂੰ, ਅਸੀਂ ਦੁਨੀਆਂ ਦੇ ਵਿਚ,  
ਸਾਡੀ ਸੁਣੀ ਨਾ ਦੁਹਾਈ, ਅਸੀਂ ਵੇਖਦੇ ਰਹੇ।

-ਵਿਯੋਗੀ

✲ ✲ ✲ ✲ ✲

## ਲੁੱਟੇ ਗਏ

ਪ੍ਰਾਂਤ ਵਿਚ ਪੰਚਾਹਿਤ ਸਮਿਤੀਆਂ ਤੇ ਪੰਚਾਇਤਾਂ ਦੀਆਂ ਚੋਣਾਂ ਹੋ ਰਹੀਆਂ ਸਨ। ਦੋਵਾਂ ਮੁੱਖ ਪਾਰਟੀਆਂ ਨੇ ਚੋਣ ਬੂਥ ਅਤੇ ਚੋਣ ਡੱਬੇ ਆਪਣੇ ਕਬਜ਼ੇ ਵਿਚ ਕਰਨ ਲਈ ਬਿਹਾਰ ਤੋਂ ਤਜਰਬੇਕਾਰ ਚੋਣ ਮਾਫੀਆ ਆਗੂ ਲੈ ਆਂਦੇ ਸਨ। ਦੋਵਾਂ ਮੁੱਖ ਪਾਰਟੀਆਂ ਦੇ ਲੱਠਬਾਜ਼ਾਂ ਲਈ ਅੱਜ ਕੱਲ੍ਹ ਬਹੁਤ ਕੰਮ ਸੀ। ਉਨ੍ਹਾਂ ਨੇ ਚੋਣਾਂ ਦੇ ਦਿਨਾਂ ਵਿਚ ਕਬਜ਼ਿਆਂ, ਥਾਣਿਆਂ ਵਿਚ ਬੰਦਾ ਫਸਾਉਣਾ ਫੇਰ ਛੁਡਾਉਣਾ ਆਦਿ ਦਾ ਧੰਦਾ ਕੁਝ ਦਿਨਾਂ ਲਈ ਮੁਲਤਵੀ ਕਰ ਦਿੱਤਾ ਸੀ।

ਗੈਂਗ ਜੁੱਟ ਬਣ ਗਏ ਸਨ। ਧਰਮ, ਜਾਤ, ਗੋਤ, ਬਰਾਦਰੀ, ਲਾਲਚ, ਧਮਕੀ, ਰੋਆਬ, ਸ਼ਰਾਬ, ਭੁੱਕੀ, ਸਮੈਕ ਆਦਿ ਦਾ ਹਰ ਹਥਿਆਰ ਵਰਤਿਆ ਜਾ ਰਿਹਾ ਸੀ। ਬਹੁਤ ਥਾਈਂ ਨਾਮਜ਼ਦਗੀ ਪੱਤਰ ਗੁੰਮ ਹੋ ਗਏ ਸਨ। ਮਿਲੇ ਹੀ ਨਹੀਂ ਸਨ। ਕਈ ਥਾਈਂ ਨਾਮਜ਼ਦਗੀ ਪੱਤਰ ਰੱਦ ਕਰਵਾ ਦਿੱਤੇ ਗਏ। ਕਈ ਥਾਈਂ ਨਾਮਜ਼ਦਗੀ ਪੱਤਰ ਜਾਅਲੀ ਅਰਜ਼ੀਆਂ ਰਾਹੀਂ ਰਣ ਹੋ ਗਏ ਸਨ।

### ਮਿੰਨੀ ਕਹਾਣੀ

ਰੌਲਾ ਪੈ ਗਿਆ ਸੀ, ਗੈਂਗ ਬਹੁਤੇ ਹੀ ਸਰਗਰਮ ਸਨ। ਮਹਿਲਾਂ ਦੇ ਭਵਨਾਂ ਦੇ ਕੰਨ ਅਤੇ ਅੱਖਾਂ ਬੰਦ ਸਨ। ਦੋਵਾਂ ਮੁੱਖ ਪਾਰਟੀਆਂ ਨੇ ਨਕਲੀ ਸ਼ਰਾਬਾਂ, ਮਿਲਾਵਟੀ ਸ਼ਰਾਬਾਂ, ਮਿਲਾਵਟੀ ਭੁੱਕੀ ਅਤੇ ਨਮਕ ਮਿਲੀ ਸਮੈਕ ਦੇ ਖੁੱਲ੍ਹੇ ਭੰਡਾਰੇ ਚਾਲੂ ਕੀਤੇ ਹੋਏ ਸਨ। ਪਿਆਕੜਾਂ ਦੀਆਂ ਪੌਂ ਬਾਰ੍ਹਾਂ ਸਨ। ਖਬਰ ਆਈ ਸੀ ਕਿ ਕਰਨਾਟਕ ਵਿਧਾਨ ਸਭਾ ਦੀਆਂ ਚੋਣਾਂ ਸਮੇਂ ਮਿਲਾਵਟੀ ਜ਼ਹਿਰਲੀ ਸ਼ਰਾਬ ਪੀ ਕੇ 107 ਮੌਤਾਂ ਹੋ ਚੁੱਕੀਆਂ ਸਨ। ਦੋ ਸੌ ਤੋਂ ਵੱਧ ਨਕਲੀ ਸ਼ਰਾਬ ਪੀ ਕੇ ਬਿਮਾਰ ਪਏ ਲੋਕ ਹਸਪਤਾਲਾਂ ਵਿਚ ਦਾਖਲ ਸਨ। ਦੋ ਸੌ ਤੋਂ ਵੱਧ ਨਕਲੀ ਸ਼ਰਾਬ ਪੀ ਕੇ ਬਿਮਾਰ ਪਏ ਲੋਕ ਹਸਪਤਾਲਾਂ ਵਿਚ ਦਾਖਲ ਸਨ। ਬਹੁਤ ਸਾਰੇ ਨਕਲੀ ਤੇ ਜ਼ਹਿਰੀਲੀ ਸ਼ਰਾਬ ਦੇ ਹੜ੍ਹ ਵਿਚ ਰੁੜ ਗਏ ਸਨ। ਸ਼ਰਾਬ ਯੁੱਧ ਜਾਰੀ ਸੀ। ਆਮ ਦਿਨਾਂ ਵਿਚ ਵੀ ਹਰ ਰੋਜ਼ ਦਸ ਕਰੋੜ ਰੁਪਏ ਦੀ ਸ਼ਰਾਬ ਪੀਤੀ ਜਾ ਰਹੀ ਸੀ। ਹੁਣ ਤਾਂ...

ਗੈਂਗ ਵਾਰ ਜਾਰੀ ਸੀ। ਸ਼ਰਾਬ, ਭੁੱਕੀ, ਅਫੀਮ ਦੀ ਮੁਫਤ ਸਪਲਾਈ ਜਾਰੀ ਸੀ। ਵੋਟਾਂ ਨੇੜੇ ਆ ਰਹੀਆਂ ਸਨ। ਵੱਖ ਵੱਖ ਪਿੰਡਾਂ ਵਿਚ ਜਬਰੀ ਸਰਬ ਸੰਮਤੀਆਂ ਕਰਵਾਈਆਂ ਜਾ ਰਹੀਆਂ ਸਨ। ਨਸ਼ੇੜੀ ਬਹੁਤੀ ਪੀ ਕੇ ਥਾਂ-ਥਾਂ ਡਿੱਗੇ ਪਏ ਸਨ। ਬੇਸੁਰਤਾ ਘੱਟ ਨਸ਼ਈ ਬੰਦੇ ਨੇ ਆ ਦੇ ਦੱਸਿਆ, ਓਏ ਆਪਣੇ ਪਿੰਡ ਵਿਚ ਤਾਂ ਸਰਬ ਸੰਮਤੀ ਹੋ ਗਈ ਹੇ। ਸ਼ਰਾਬ, ਭੁੱਕੀ, ਅਫੀਮ, ਚਰਸ ਬੰਦ, ਆਪਾਂ ਤਾਂ ਲੁੱਟੇ ਗਏ। ਹੈਂ ਸੱਚੀਂ ਸਰਬਸੰਮਤੀ ਹੋ ਗਈ। ਬੇਸੁਰਤ ਪੈ ਨਸ਼ੇੜੀ ਉਠ ਕੇ ਬਹਿ ਗਏ ਉੱਚੀ ਉੱਚੀ ਰੋਣ ਲੱਗੇ।

-ਪ੍ਰੋ. ਹਮਦਰਦਵੀਰ



## ਕਾਵਿ ਕਿਆਰੀ

### ਪਰਦੇਸੀ

ਸਭ ਪਰਦੇਸੀਂ ਤੁਰ ਚੱਲੇ ਨੇ।  
ਅਕਲਾਂ ਲੈ ਕੇ ਇਸ  
ਮਿੱਟੀ ਤੋਂ, ਇਸ ਮਿੱਟੀ ਕਰਮਾ ਪਿੱਟੀ  
ਤੋਂ, ਕਿਰਤੀ ਅਤੇ  
ਤਮੀਜ਼ਾਂ ਵਾਲੇ,  
ਭਾਰਤ ਮਾਂ ਦੇ ਰਾਜ ਦੁਲਾਰੇ,  
ਲੇਖਾਂ ਨੂੰ ਚਮਕਾਉਣ ਦੀ ਖਾਤਿਰ,  
ਸੋਨਾ ਨਿਰਾ ਕਮਾਉਣ  
ਦੀ ਖਾਤਿਰ,  
ਸਭ ਪਰਦੇਸ਼ੀਂ ਤੁਰ ਚੱਲੇ ਨੇ।  
ਸੁੱਖਾਂ ਸੁੱਖ  
ਜਵਾਨੀ ਆਈ, ਜਵਾਨੀ  
ਵੀ ਨਾਲ ਲਿਆਈ,  
ਭੁੱਖਾਂ ਦੇ ਸੰਤਾਪ ਬੁਰੇ ਨੇ,  
ਥੋੜਾਂ ਦੇ ਅਹਿਸਾਸ  
ਬੁਰੇ ਨੇ,  
ਬੜੀ ਉਚੇਰੀ ਸਿੱਖਿਆ ਪਾ ਕੇ,  
ਆਪਣੇ ਦੇਸ਼ ਵਿਚੋਂ  
ਹੁਨਰ ਕਮਾ ਕੇ,  
ਸਭ ਪਰਦੇਸੀਂ ਤੁਰ ਚੱਲੇ ਨੇ।  
ਉਤੋਂ ਉਤੋਂ ਹੱਸਣ ਮਾਵਾਂ  
ਹੰਝੂ ਕਿੱਦਾਂ  
ਛੱਕਣ ਮਾਵਾਂ, ਮੱਚਦੇ ਹੋਏ  
ਅੰਗਿਆਰ ਤੁਰੇ ਨੇ,  
ਸੱਤ ਸਮੁੰਦਰੋਂ ਪਾਰ ਤੁਰੇ ਨੇ,  
ਇਕ ਸੁਨਹਿਰੀ ਆਸ ਜਗਾ ਕੇ,  
ਪਰ ਮਮਾ ਨੂੰ ਲਾਂਬੂ  
ਲਾ ਕੇ,  
ਸਭ ਪਰਦੇਸੀਂ ਤੁਰ ਚੱਲੇ ਨੇ,  
ਸੱਖਣੇ ਸੱਖਣੇ  
ਵਿਹੜੇ ਹੋ ਗਏ, ਰਹਿੰਦ ਖੂਹੰਦ  
ਹੀ ਪਿੱਛੇ ਰਹਿ ਗਏ,  
ਹੁਨਰ ਦੇਸ਼ ਦਾ ਮੰਡੀ ਵਿਕਿਆ  
ਅਕਲਾਂ ਉਤੇ  
ਪਹਿਰਾ ਲੱਗਿਆ, ਭੈਣ ਸਾਕ  
ਬਚਾਉਣ ਦੀ ਖਾਤਿਰ,  
ਆਪਣਾ ਕੱਲ੍ਹ ਰੁਸ਼ਨਾਉਣ  
ਦੀ ਖਾਤਿਰ, ਸਭ  
ਪਰਦੇਸੀਂ ਤੁਰ ਚੱਲੇ ਨੇ।  
ਅਕਲਾਂ ਦੀ ਇਸ ਮੰਡੀ ਅੰਦਰ,  
ਆਪਾਂ ਵੀ ਕੁਝ ਬੋਲੀ  
ਲਾਈਏ, ਆਪਣੇ ਇਲਮ  
ਦੀ ਕੀਮਤ ਪਾਈਏ,  
ਤੁਰਿਆ ਜਾਂਦਾ ਪੂਰ ਬਚਾਈਏ,  
ਮਨ ਅੰਦਰ ਸ਼ੰਕਾਵਾਂ ਲੈ ਕੇ,  
ਅੱਖਾਂ ਵਿਚ ਆਸ਼ਾਵਾਂ  
ਲੈ ਕੇ, ਸਭ ਪਰਦੇਸੀਂ ਤੁਰ ਚੱਲੇ ਨੇ  
ਲੇਖਾਂ ਨੂੰ ਚਮਕਾਉਣ  
ਦੀ ਖਾਤਿਰ  
ਸੋਨਾ ਨਿਰਾ ਕਮਾਉਣ ਦੀ ਖਾਤਿਰ

# ਬ੍ਰੌਂਕਾਇਟਿਸ : ਸਾਹ ਨਲੀ 'ਚ ਸੋਜ



ਸਾਹ ਲੈਣ ਅਤੇ ਛੱਡਣ 'ਚ ਕਿਸੇ ਵੀ ਕਿਸਮ ਦੀ ਪ੍ਰੇਸ਼ਾਨੀ ਹੋਣ 'ਤੇ ਹਰ ਕੰਮ ਮੁਸ਼ਕਿਲ ਹੋ ਜਾਂਦਾ ਹੈ। ਬ੍ਰੌਂਕਾਇਟਿਸ ਭਾਵ ਸਾਹ ਨਲੀਆਂ 'ਚ ਸੋਜ ਇਕ ਆਮ ਬੀਮਾਰੀ ਹੈ, ਜੋ ਬਾਹਰੀ ਕਿਰਨਾਂ ਤੋਂ ਹੁੰਦੀ ਹੈ, ਜਿਸ ਨਾਲ ਅਗਾਂਹ ਸਾਹ ਲੈਣਾ ਅਤੇ ਛੱਡਣਾ ਔਖਾ ਹੋ ਜਾਂਦਾ ਹੈ। ਇਸ ਦੀ ਲਪੇਟ 'ਚ ਆਉਣ 'ਤੇ ਛਾਤੀ 'ਚੋਂ ਖਰ-ਖਰ ਦੀ ਆਵਾਜ਼ ਆਉਂਦੀ ਹੈ। ਸਾਹ ਫੁੱਲਦਾ ਹੈ। ਖਾਂਸੀ ਆਉਂਦੀ ਹੈ। ਇਹ ਖਾਂਸੀ ਬਲਗਮ ਵਾਲੀ ਹੁੰਦੀ ਹੈ।

ਇਹ ਸਭ ਸਾਹ ਨਲੀਆਂ ਦੀ ਸ਼ਲੇਸ਼ਮਿਕ ਕਲਾ 'ਚ ਸੋਜ ਕਾਰਨ ਹੁੰਦੇ ਹਨ। ਜ਼ਹਿਰੀਲੀ ਹਵਾ, ਧੂੜ, ਦੁਰਗੰਧ, ਧੂੰਆਂ ਵਰਗੇ ਬਾਹਰੀ ਕਾਰਨਾਂ ਕਰਕੇ ਹੁੰਦਾ ਹੈ। ਵਾਯੂ ਮੰਡਲ 'ਚ ਅਜਿਹੇ ਤੱਤਾਂ ਦੀ ਮਾਤਰਾ ਸਰਦੀਆਂ 'ਚ ਵਧ ਜਾਂਦੀ ਹੈ, ਜਿਸ ਕਾਰਨ ਇਹ ਪ੍ਰਕੋਪ ਸ਼ੁਰੂ ਹੁੰਦਾ ਹੈ ਅਤੇ ਅਗਾਂਹ ਚੱਲ ਕੇ ਇਸ ਦੀ ਪ੍ਰੇਸ਼ਾਨੀ ਸਾਰਾ ਸਾਲ ਹੋਣ ਲੱਗਦੀ ਹੈ।ਆਮ ਤੌਰ 'ਤੇ ਇਹ ਬੀਮਾਰੀ ਮੱਧ ਵਰਗੀ ਹੈ, ਜਿਸਦੀ ਲਪੇਟ 'ਚ 20 ਫੀਸਦੀ ਮਰਦ ਅਤੇ 5 ਫੀਸਦੀ ਔਰਤਾਂ ਆਉਂਦੀਆਂ ਹਨ, ਜੋ 40 ਤੋਂ 50 ਸਾਲ ਦੀ ਉਮਰ ਨੂੰ ਪਾਰ ਕਰ ਚੁੱਕੇ ਹੁੰਦੇ ਹਨ। ਇਸ ਤੋਂ ਪੀੜਤ ਰੋਗੀਆਂ ਦੀ ਗਿਣਤੀ ਲਗਾਤਾਰ ਵਧਦੀ ਜਾਂਦੀ ਹੈ। ਸ਼ੁਰੂਆਤ 'ਚ ਇਹ ਰੋਗ ਆਪਣਾ ਰੂਪ ਸਿਰਫ ਸਰਦੀਆਂ 'ਚ ਦਿਖਾਉਂਦਾ ਹੈ ਪਰ ਹੌਲੀ-ਹੌਲੀ ਬਾਰ੍ਹਾਂ ਮਹੀਨੇ ਤਕਲੀਫ ਦੇਣ ਲੱਗਦਾ ਹੈ।

**ਲੱਛਣ**

ਵਾਰ-ਵਾਰ ਸਾਹ ਤੰਤਰ ਨਾਲ ਸੰਬੰਧਤ ਬੀਮਾਰੀ ਦਾ ਹੋਣਾ, ਸਵੇਰੇ-ਸਵੇਰੇ ਬਲਗਮ ਆਉਣੀ, ਗਲੇ 'ਚ ਖਾਰਸ਼ ਹੋਣੀ, ਥੋੜ੍ਹੀ ਜਿਹੀ ਛੇਤੀ ਕੰਮ ਕਰਨ 'ਤੇ ਸਾਹ ਫੁੱਲਣਾ, ਛਾਤੀ 'ਚ ਦਰਦ ਅਤੇ ਚਮੜੀ ਦਾ ਨੀਲਾ ਪੈ ਜਾਣਾ, ਇਸ 'ਚ ਵਾਰ-ਵਾਰ ਖਾਂਸੀ ਆਉਂਦੀ ਹੈ, ਸਾਹ ਛੱਡਣ ਅਤੇ ਲੈਣ 'ਚ ਔਖਿਆਈ ਹੁੰਦੀ ਹੈ। ਬਲਗਮ ਆਉਂਦੀ ਰਹਿੰਦੀ ਹੈ। ਦਮੇ ਵਾਂਗ ਛਾਤੀ ਘਰਘਰਾਉਣ ਲੱਗਦੀ ਹੈ। ਸੀਟੀ ਵਰਗੀ ਆਵਾਜ਼ ਆਉਂਦੀ ਹੈ। ਫੇਫੜੇ ਆਕਸੀਜਨ ਨੂੰ ਪੂਰੀ ਮਾਤਰਾ 'ਚ ਗ੍ਰਹਿਣ ਨਹੀਂ ਕਰ ਸਕਦੇ। ਸਰੀਰ 'ਚ ਆਕਸੀਜਨ ਦੀ ਘਾਟ ਹੋ ਜਾਂਦੀ ਹੈ। ਦੌੜ-ਭੱਜ ਜਾਂ ਕੰਮ ਕਰਨ ਦੀ ਤਾਕਤ ਨਹੀਂ ਰਹਿੰਦੀ।

**ਕਾਰਨ**

ਇਹ ਬੀਮਾਰੀ ਸਿਗਰਟ ਪੀਣ ਵਾਲਿਆਂ 'ਚ ਵਧੇਰੇ ਦੇਖਣ ਨੂੰ ਮਿਲਦੀ ਹੈ। ਇਹ ਬੇਹੱਦ ਪ੍ਰਦੂਸ਼ਿਤ ਜਾਂ ਗੰਦੀਆਂ ਥਾਵਾਂ 'ਤੇ ਰਹਿਣ ਨਾਲ ਹੁੰਦੀ ਹੈ। ਕੁਝ ਕਿੱਤੇ, ਸੂਤ ਮਿੱਲ, ਪਲਾਸਟਿਕ ਫੈਕਟਰੀ, ਖਾਨਾਂ, ਸੀਮੈਂਟ ਕਾਰਖਾਨਿਆਂ, ਰਸਾਇਣਿਕ ਕਾਰਖਾਨਿਆਂ ਆਦਿ ਨਾਲ ਜੁੜੇ ਲੋਕਾਂ ਨੂੰ ਇਹ ਹੋ ਸਕਦਾ ਹੈ। ਇਹ ਇਨਫੈਕਸ਼ਨ ਦੇ ਪ੍ਰਭਾਵ ਨਾਲ, ਵਾਇਰਲ ਦੇ ਪ੍ਰਭਾਵ ਨਾਲ, ਖਾਨਦਾਨੀ ਜਾਂ ਪਾਜ਼ੇਟਿਵ ਫੈਮਿਲੀ ਹਿਸਟਰੀ ਵਾਲਿਆਂ ਨੂੰ ਹੋ ਸਕਦਾ ਹੈ।

**ਕਿਸਮਾਂ**

ਇਹ ਤਿੰਨ ਕਿਸਮਾਂ ਦਾ ਹੁੰਦਾ ਹੈ। ਐਕਿਊਟ ਬ੍ਰੌਂਕਾਇਟਿਸ ਕੁਝ-ਕੁਝ ਸਮੇਂ 'ਚ ਹੋਣ ਵਾਲੀ ਖਾਂਸੀ ਹੁੰਦੀ ਹੈ, ਜਿਸ 'ਚ ਕੱਫ ਦੇ ਨਾਲ ਵਧੇਰੇ ਮਾਤਰਾ 'ਚ ਪਸ ਨਿਕਲਦੀ ਹੈ। ਕ੍ਰਾਨਿਕ ਬ੍ਰੌਂਕਾਇਟਿਸ ਦੀ ਸਥਿਤੀ 'ਚ ਲੰਬੇ ਸਮੇਂ ਭਾਵ ਤਿੰਨ ਮਹੀਨਿਆਂ ਤਕ ਰੁਕ-ਰੁਕ ਕੇ ਚੱਲਣ ਵਾਲੀ ਖਾਂਸੀ ਹੁੰਦੀ ਹੈ। ਇਸ ਨਾਲ ਵਧੇਰੇ ਮਾਤਰਾ 'ਚ ਕੱਫ ਨਿਕਲਦਾ ਹੈ। ਐਪਲਾਸਟਿਕ ਬ੍ਰੌਂਕਾਇਟਿਸ ਦੀ ਸਥਿਤੀ 'ਚ ਅਜਿਹੀ ਖਾਂਸੀ ਬਹੁਤ ਤੇਜ਼ ਧੱਕੇ ਨਾਲ ਹੁੰਦੀ ਹੈ। ਵਿਚ-ਵਿਚ ਸਾਹ ਫੁੱਲਦਾ ਹੈ।

ਡਾਕਟਰ ਇਹ ਸਭ ਮਰੀਜ਼ ਦੀ ਸਥਿਤੀ, ਉਸ ਦੀ ਖਾਂਸੀ ਦੇ ਲੱਛਣ ਨੂੰ ਦੇਖ ਕੇ ਜਾਂ ਪੁੱਛ ਕੇ ਕਰਦੇ ਹਨ। ਕਦੇ-ਕਦੇ ਖਾਂਸੀ ਨਾਲ ਨਿਕਲਣ ਵਾਲੇ ਪਦਾਰਥ ਦੀ ਵੀ ਜਾਂਚ ਕਰਵਾਉਣੀ ਪੈਂਦੀ ਹੈ। ਕਦੇ-ਕਦੇ ਛਾਤੀ ਦਾ ਐਕਸ-ਰੇਅ ਕਰਵਾਉਣ ਦੀ ਵੀ ਲੋੜ ਪੈ ਜਾਂਦੀ ਹੈ। ਫਿਰ ਵੀ ਕੁਝ ਛੋਟੀਆਂ-ਛੋਟੀਆਂ ਸਾਵਧਾਨੀਆਂ ਨੂੰ ਅਪਣਾ ਕੇ ਅਤੇ ਘਰੇਲੂ ਉਪਾਅ ਕਰਕੇ ਇਨ੍ਹਾਂ ਨੂੰ ਵੱਸ 'ਚ ਕੀਤਾ ਜਾ ਸਕਦਾ ਹੈ।

**ਬਚਾਅ**

ਅਜਿਹੀ ਬੀਮਾਰੀ ਦੀ ਸਥਿਤੀ 'ਚ ਖੁਦ ਮਰੀਜ਼ ਵੀ ਇਹ ਜਾਣ ਲੈਂਦਾ ਹੈ ਕਿ ਉਸ ਨੂੰ ਕਿਸ ਕਾਰਨ ਇਸ ਸਥਿਤੀ 'ਚੋਂ ਲੰਘਣਾ ਪੈਂਦਾ ਹੈ, ਇਸ ਲਈ ਉਸ ਨੂੰ ਅਜਿਹੇ ਮੌਕਿਆਂ ਜਾਂ ਸਥਾਨਾਂ ਤੋਂ ਬਚਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਬਚਾਅ ਦੇ ਹੋਰ ਤਰੀਕੇ ਇਸ ਤਰ੍ਹਾਂ ਹਨ -

ਉਨ੍ਹਾਂ ਸਾਰੇ ਪ੍ਰਦੂਸ਼ਣਕਾਰੀ ਤੱਤਾਂ ਤੋਂ ਬਚੋ, ਜੋ ਸਾਹ ਨਾਲੀਆਂ ਦੇ ਸੁੰਗੜਨ ਅਤੇ ਇਨ੍ਹਾਂ ਦੀ ਸੋਜ ਨੂੰ ਵਧਾਉਂਦੇ ਹਨ।

ਧੂੜ-ਧੂੰਏਂ ਤੋਂ ਬਚ ਕੇ ਰਹੋ।

ਸਿਗਰਟਨੋਸ਼ੀ ਦੀ ਆਦਤ ਹੋਵੇ ਤਾਂ ਉਸ ਨੂੰ ਛੱਡ ਦਿਓ ਅਤੇ ਅਜਿਹੇ ਲੋਕਾਂ ਤੋਂ ਦੂਰ ਰਹੋ।

ਪੀੜਤ ਜਿਥੇ ਰਹਿੰਦਾ ਹੋਵੇ, ਉਥੇ ਅੰਗੀਠੀ, ਚੁੱਲ੍ਹਾ, ਮਿੱਟੀ ਦੇ ਤੇਲ ਦਾ ਸਟੋਵ ਜਾਂ ਰਸੋਈ ਗੈਸ ਦੀ ਵਰਤੋਂ ਨਾ ਹੋਵੇ।

ਠੰਡ ਜਾਂ ਠੰਡੇ ਸਥਾਨਾਂ ਤੋਂ ਬਚੋ। ਗਰਮ ਕੱਪੜੇ ਪਹਿਨੋ। ਉਹ ਵੀ ਢਿੱਲੇ ਹੋਣ। ਤਾਪਮਾਨ 'ਚ ਤਬਦੀਲੀ ਦੀ ਸਥਿਤੀ ਤੋਂ ਬਚੋ।

ਕਿਸੇ ਜਾਣਕਾਰ ਤੋਂ ਸਾਹ ਲੈਣ ਅਤੇ ਛੱਡਣ ਦੀ ਕਸਰਤ ਸਿੱਖੋ ਅਤੇ ਇਸ ਨੂੰ ਨਿਤਨੇਮ ਨਾਲ ਕਰੋ। ਇਸ ਨਾਲ ਫੇਫੜਿਆਂ ਅਤੇ ਸਾਹ ਤੰਤਰ ਦੀ ਸਮਰੱਥਾ ਵਧਦੀ ਹੈ।

ਰਾਤ ਵੇਲੇ ਘੱਟ ਭੋਜਨ ਸੌਣ ਤੋਂ 2-3 ਘੰਟੇ ਪਹਿਲਾਂ ਖਾ ਲਓ।

ਖਾਣ-ਪੀਣ ਵਧੇਰੇ ਗਰਮ ਜਾਂ ਠੰਡਾ ਨਾ ਹੋਵੇ। ਇਹ ਐਸਿਡ ਜਾਂ ਗੈਸ ਬਣਾਉਣ ਵਾਲਾ ਨਾ ਹੋਵੇ।

ਜੇਕਰ ਡਾਕਟਰ ਨੇ ਕੋਈ ਦਵਾਈ ਜਾਂ ਉਪਾਅ ਦੱਸਿਆ ਹੋਵੇ ਤਾਂ ਉਸ 'ਤੇ ਨਿਯਮ ਮੁਤਾਬਿਕ ਅਮਲ ਕਰੋ।

# ਐਂਟੀ-ਆਕਸੀਡੈਂਟਸ ਦਾ ਚੰਗਾ ਸੋਮਾ ਹੈ ਚਾਹ

ਚਾਹ ਦਾ ਨਾਂ ਸੁਣਦਿਆਂ ਹੀ ਸਾਨੂੰ ਆਪਣੇ ਅੰਦਰ ਇਕ ਅਜੀਬ ਜਿਹੀ ਚੁਸਤੀ-ਫੁਰਤੀ ਦਾ ਅਹਿਸਾਸ ਹੋਣ ਲੱਗਦਾ ਹੈ। ਅਸਲ ਵਿਚ ਲੋਕ ਚਾਹ ਸਵਾਦ ਤੋਂ ਇਲਾਵਾ ਇਸ ਲਈ ਵੀ ਪੀਂਦੇ ਹਨ ਕਿਉਂਕਿ ਇਸਨੂੰ ਪੀਣ ਨਾਲ ਸਰੀਰ ਚੁਸਤ ਹੋ ਜਾਂਦਾ ਹੈ। ਹਾਲਾਂਕਿ ਅਜੇ ਤਕ ਚਾਹ ਬਾਰੇ ਇਹੋ ਮੰਨਿਆ ਜਾਂਦਾ ਰਿਹਾ ਹੈ ਕਿ ਇਸਨੂੰ ਪੀਣਾ ਸਿਹਤ ਲਈ ਨੁਕਸਾਨਦੇਹ ਹੁੰਦਾ ਹੈ ਪਰ ਕੁਝ ਅਹਿਮ ਖੋਜਾਂ ਤੋਂ ਇਹ ਵੀ ਪਤਾ ਲੱਗ ਚੁੱਕਾ ਹੈ ਕਿ ਚਾਹ ਵਿਚ ਵੀ ਵੱਖ-ਵੱਖ ਵਨਸਪਤੀਆਂ ਵਾਂਗ ਕਈ ਅਜਿਹੇ ਤੱਤ ਹੁੰਦੇ ਹਨ ਜੋ ਸਰੀਰ ਵਿਚ ਬਿਮਾਰੀਆਂ ਪੈਦਾ ਨਹੀਂ ਕਰਦੇ, ਸਗੋਂ ਸਰੀਰ ਨੂੰ ਅਰੋਗ ਤੇ ਮਜ਼ਬੂਤ ਬਣਾਈ ਰੱਖਣ 'ਚ ਅਹਿਮ ਭੂਮਿਕਾ ਨਿਭਾਉਂਦੇ ਹਨ।



ਇਨ੍ਹਾਂ ਖੋਜਾਂ ਤੋਂ ਪਤਾ ਲੱਗਾ ਹੈ ਕਿ ਚਾਹ ਵਿਚ ਕਈ ਅਜਿਹੇ ਤੱਤ ਵੀ ਮੌਜੂਦ ਹੁੰਦੇ ਹਨ ਜੋ ਚਾਹ ਪੀਣ ਵਾਲੇ ਵਿਅਕਤੀ ਨੂੰ ਕਈ ਤਰ੍ਹਾਂ ਦੀਆਂ ਬਿਮਾਰੀਆਂ ਤੋਂ ਬਚਾਉਣ 'ਚ ਮਦਦ ਕਰਦੇ ਹਨ।

ਅਸਲ 'ਚ ਚਾਹ ਇਕੋ-ਇਕ ਅਜਿਹਾ ਪੀਣ ਵਾਲਾ ਪਦਾਰਥ ਹੈ, ਜਿਸ ਵਿਚ ਐਂਟੀ-ਆਕਸੀਡੈਂਟਸ ਦੀ ਮਾਤਰਾ ਸਭ ਤੋਂ ਜ਼ਿਆਦਾ ਹੁੰਦੀ ਹੈ। ਇਹ ਤਾਂ ਸਾਰੇ ਜਾਣਦੇ ਹੀ ਹਨ ਕਿ ਆਕਸੀਜਨ ਤੋਂ ਬਿਨਾਂ ਕਿਸੇ ਵੀ ਜੀਵ ਲਈ ਜੀਵਨ ਦੀ ਕਲਪਨਾ ਕਰਨੀ ਅਸੰਭਵ ਹੈ ਪਰ ਇਸੇ ਆਕਸੀਜਨ ਕਾਰਨ ਸਰੀਰ ਵਿਚ ਆਕਸੀਡੇਸ਼ਨ ਦੀ ਕਿਰਿਆ ਵੀ ਹੁੰਦੀ ਹੈ ਜੋ ਫ੍ਰੀ ਰੈਡੀਕਲਜ਼ ਨੂੰ ਜਨਮ ਦਿੰਦੀ ਹੈ। ਇਹੋ ਫ੍ਰੀ ਰੈਡੀਕਲਜ਼ ਜਮ੍ਹਾ ਹੋ ਕੇ ਕਈ ਬਿਮਾਰੀਆਂ ਦਾ ਕਾਰਨ ਬਣਦੇ ਹਨ। ਇਨ੍ਹਾਂ ਫ੍ਰੀ ਰੈਡੀਕਲਜ਼ ਕਾਰਨ ਹੀ ਵਿਅਕਤੀ ਕੈਂਸਰ, ਅਲਜ਼ਮੀਰਜ਼, ਪਾਰਕਿੰਸਨਜ਼ ਆਦਿ ਵਰਗੀਆਂ ਬਿਮਾਰੀਆਂ ਦਾ ਸ਼ਿਕਾਰ ਹੁੰਦਾ ਹੈ। ਹਾਲਾਂਕਿ ਸਰੀਰ ਵਿਚ ਇਨ੍ਹਾਂ ਫ੍ਰੀ ਰੈਡੀਕਲਜ਼ ਨਾਲ ਲੜਨ ਵਾਲੇ ਐਂਟੀ-ਆਕਸੀਡੈਂਟਸ ਹੁੰਦੇ ਹਨ ਪਰ ਜਿਉਂ-ਜਿਉਂ ਵਿਅਕਤੀ ਦੀ ਉਮਰ ਵਧਦੀ ਜਾਂਦੀ ਹੈ, ਇਹ ਐਂਟੀ-ਆਕਸੀਡੈਂਟਸ ਵੀ ਘਟਦੇ ਜਾਂਦੇ ਹਨ ਅਤੇ ਨਾਲ ਹੀ ਸਰੀਰ ਦੀ ਭੋਜਨ 'ਚੋਂ ਐਂਟੀ-ਆਕਸੀਡੈਂਟਸ ਖਿੱਚਣ ਦੀ ਸ਼ਕਤੀ ਵੀ ਘੱਟ ਹੋ ਜਾਂਦੀ ਹੈ। ਇਹੋ ਕਾਰਨ ਹੈ ਕਿ ਭੋਜਨ ਵਿਚ ਐਂਟੀ-ਆਕਸੀਡੈਂਟਸ ਦੀ ਜ਼ਿਆਦਾ ਮਾਤਰਾ ਵਾਲੀਆਂ ਚੀਜ਼ਾਂ ਨੂੰ ਸ਼ਾਮਿਲ ਕਰਨਾ ਪੈਂਦਾ ਹੈ।

ਚਾਹ ਵਿਚ ਐਂਟੀ-ਆਕਸੀਡੈਂਟਸ ਦੀ ਸਭ ਤੋਂ ਜ਼ਿਆਦਾ ਮਾਤਰਾ ਹੋਣ ਕਾਰਨ ਇਸਨੂੰ ਪੀਣ ਨਾਲ ਅਜਿਹੀ ਹਾਲਤ 'ਚ ਫਾਇਦਾ ਮਿਲਦਾ ਹੈ ਪਰ ਲੋੜ ਇਸ ਗੱਲ ਦੀ ਵੀ ਹੈ ਕਿ ਚਾਹ ਇਕ ਨਿਰਧਾਰਤ ਮਾਤਰਾ 'ਚ ਹੀ ਪੀਤੀ ਜਾਵੇ, ਨਹੀਂ ਤਾਂ ਇਹ ਵੀ ਫਾਇਦੇ ਦੀ ਥਾਂ ਨੁਕਸਾਨ ਹੀ ਕਰਦੀ ਹੈ।

# ਮਾਤਾ-ਪਿਤਾ ਦੀਆਂ ਬੀਮਾਰੀਆਂ ਬੱਚਿਆਂ ਨੂੰ



ਨਿਊ ਆਰਲੀਅੰਸ ਸੈਂਟਰ ਫਾਰ ਕਾਰਡੀਯੋਵਾ ਸਕੁਲਰ ਹੈਲਥ ਦੇ ਮਾਹਿਰਾਂ ਵਲੋਂ ਕੀਤੀ ਗਈ ਇਕ ਖੋਜ ਮੁਤਾਬਿਕ ਜਿਹੜੇ ਬੱਚਿਆਂ ਦੇ ਮਾਤਾ-ਪਿਤਾ ਨੂੰ ਕੋਰੋਨਰੀ ਹਾਰਟ ਡਿਜ਼ੀਜ਼ ਹੋਇਆ ਹੋਵੇ ਅਤੇ ਬੱਚੇ ਮੋਟਾਪੇ ਦੇ ਸ਼ਿਕਾਰ ਹੋਣ ਤਾਂ ਉਨ੍ਹਾਂ ਨੂੰ ਵੀ ਇਹ ਸ਼ਿਕਾਇਤ ਹੋਣ ਦੀ ਸੰਭਾਵਨਾ ਵਧ ਜਾਂਦੀ ਹੈ। ਇਸ ਸੈਂਟਰ ਨੇ ਬੱਚਿਆਂ ਅਤੇ ਉਨ੍ਹਾਂ ਦੇ ਮਾਤਾ-ਪਿਤਾ 'ਤੇ ਇਹ ਖੋਜ ਕੀਤੀ ਅਤੇ ਦੇਖਿਆ ਕਿ ਬੱਚਿਆਂ ਨੂੰ ਕਾਰਡੀਓਵਸਕੁਲਰ ਡਿਜ਼ੀਜ਼ ਹੋਣ ਦੀ ਸੰਭਾਵਨਾ ਮਾਤਾ-ਪਿਤਾ 'ਤੇ ਹੀ ਨਿਰਭਰ ਕਰਦੀ ਹੈ।

# ਮੇਲ ਬ੍ਰੈਸਟ ਐਨਲਾਰਜਮੈਂਟ





ਆਮ ਤੌਰ 'ਤੇ ਮੇਲ ਬ੍ਰੈਸਟ ਐਨਲਾਰਜਮੈਂਟ ਅੱਲ੍ਹੜਾਂ, ਮੋਟਾਪੇ ਤੋਂ ਪੀੜਤ, ਸ਼ਰਾਬ ਪੀਣ ਵਾਲੇ ਲੋਕਾਂ 'ਚ ਵਧੇਰੇ ਹੁੰਦਾ ਹੈ। ਕੁਝ ਕਿਸਮ ਦੀਆਂ ਦਵਾਈਆਂ ਵੀ ਇਸ ਦਾ ਕਾਰਨ ਹੋ ਸਕਦੀਆਂ ਹਨ। ਇਹ ਹਾਰਮੋਨਲ ਅਸੰਤੁਲਨ ਦਾ ਲੱਛਣ ਵੀ ਹੋ ਸਕਦਾ ਹੈ। ਵਿਰਲੇ ਮਾਮਲਿਆਂ 'ਚ ਅੰਡੇਦਾਨੀ ਜਾਂ ਫੇਫੜਿਆਂ ਦੇ ਕੈਂਸਰ ਜਾਂ ਹੋਰ ਗੰਭੀਰ ਰੋਗ ਕਾਰਨ ਵੀ ਅਜਿਹਾ ਹੋ ਸਕਦਾ ਹੈ।

ਜੇਕਰ ਤੁਸੀਂ ਬਾਲਗ ਹੋ ਅਤੇ ਛਾਤੀ 'ਤੇ ਔਰਤ ਦੀਆਂ ਛਾਤੀਆਂ ਵਾਂਗ ਉਭਾਰ ਭਾਵ ਬ੍ਰੈਸਟ ਐਨਲਾਰਜਮੈਂਟ ਮਹਿਸੂਸ ਕਰ ਰਹੇ ਹੋ ਤਾਂ ਤੁਸੀਂ ਗਾਇਨੇਕੋਮਾਸਤਆ ਨਾਮੀ ਸਮੱਸਿਆ ਤੋਂ ਪੀੜਤ ਹੋ ਸਕਦੇ ਹੋ। ਬ੍ਰੈਸਟ ਟਿਸ਼ੂ ਸਖਤ ਅਤੇ ਗੰਢਨੁਮਾ ਹੁੰਦੇ ਹਨ, ਜੋ ਨਿੱਪਲਾਂ ਦੇ ਨੇੜੇ ਸਥਿਤ ਆਮ ਫੈਟ ਟਿਸ਼ੂ ਨਾਲੋਂ ਕਾਫੀ ਵੱਖਰੇ ਹੁੰਦੇ ਹਨ।

ਕੁਝ ਮਾਮਲਿਆਂ 'ਚ ਬ੍ਰੈਸਟ ਐਨਲਾਰਜਮੈਂਟ ਆਮ ਗੱਲ ਹੋ ਸਕਦੀ ਹੈ, ਜਿਸ ਦਾ ਕਾਰਨ ਅੱਲ੍ਹੜ ਉਮਰ 'ਚ ਐਸਟ੍ਰੋਜਨ ਹਾਰਮੋਨ ਦੇ ਪੱਧਰ 'ਚ ਵਾਧਾ ਹੋ ਸਕਦਾ ਹੈ। ਨੌਜਵਾਨਾਂ 'ਚ ਐਸਟ੍ਰੋਜਨ ਦੇ ਪ੍ਰਭਾਵਾਂ ਨੂੰ ਟੈਸਟੋਸਟੇਰਾਨ ਹਾਰਮੋਨ ਰੋਕਦਾ ਹੈ, ਇਸ ਲਈ ਆਮ ਤੌਰ 'ਚ ਬਾਲਗਾਂ 'ਚ ਨਿੱਪਲ ਦੇ ਆਲੇ-ਦੁਆਲੇ ਬਹੁਤ ਹੀ ਘੱਟ ਬ੍ਰੈਸਟ ਟਿਸ਼ੂ ਹੁੰਦੇ ਹਨ।ਅਸਾਧਾਰਨ ਬ੍ਰੈਸਟ ਐਨਲਾਰਜਮੈਂਟ ਦੇ ਸਭ ਤੋਂ ਆਮ ਕਾਰਨਾਂ 'ਚ ਦਵਾਈਆਂ ਨਾਲ ਹੋਣ ਵਾਲੇ ਸਾਈਡ ਇਫੈਕਟ ਸ਼ਾਮਲ ਹਨ। ਇਹ ਉਹ ਦਵਾਈਆਂ ਹਨ, ਜੋ ਟੈਸਟੋਸਟੇਰਾਨ ਅਤੇ ਐਸਟ੍ਰੋਜਨ ਦੇ ਸੰਤੁਲਨ ਨੂੰ ਪ੍ਰਭਾਵਿਤ ਕਰਦੀਆਂ ਹਨ। ਇਸ ਤਰ੍ਹਾਂ ਦੇ ਲੱਛਣ ਦਿਸਣ 'ਤੇ ਤੁਸੀਂ ਆਪਣੇ ਡਾਕਟਰ ਨੂੰ ਦਵਾਈਆਂ ਬਦਲਣ ਲਈ ਕਹਿ ਸਕਦੇ ਹੋ। ਐਨਾਬਾਲਿਕ ਸਟੀਰਾਇਡਸ, ਸ਼ਰਾਬ ਅਤੇ ਗਾਂਜੇ ਦਾ ਨਸ਼ਾ ਵੀ ਬ੍ਰੈਸਟ ਐਨਲਾਰਜਮੈਂਟ ਦੀ ਸਮੱਸਿਆ ਪੈਦਾ ਕਰ ਸਕਦੇ ਹਨ। ਕੁਝ ਬਜ਼ੁਰਗਾਂ 'ਚ ਅੰਡੇਦਾਨੀਆਂ ਦੇ ਸੁੰਗੜਨ ਕਾਰਨ ਟੈਸਟੋਸਟੇਰਾਨ ਦੇ ਪੱਧਰ 'ਚ ਕਮੀ ਆਉਣ ਨਾਲ ਵੀ ਬ੍ਰੈਸਟ ਐਨਲਾਰਜਮੈਂਟ ਹੋ ਸਕਦਾ ਹੈ।

ਕੁਝ ਮਰਦ ਕਲਾਇਨਫੇਲਟਰ ਸਿੰਡ੍ਰੋਮ ਦੇ ਨਾਲ ਜਨਮ ਲੈਂਦੇ ਹਨ, ਜੋ ਐਨਲਾਰਜਡ ਬ੍ਰੈਸਟ ਟਿਸ਼ੂ ਅਤੇ ਛੋਟੀਆਂ ਅੰਡੇਦਾਨੀਆਂ ਕਾਰਨ ਬਣ ਸਕਦਾ ਹੈ। ਇਹ 500 'ਚੋਂ ਇਕ ਮਰਦ ਨੂੰ ਹੁੰਦਾ ਹੈ।

ਮਰਦਾਂ 'ਚ ਛਾਤੀਆਂ ਵਰਗਾ ਉਭਾਰ ਵਿਕਸਿਤ ਹੋਣ ਨਾਲ ਘੱਟ ਦੇਖੇ ਜਾਣ ਵਾਲੇ ਕਾਰਨਾਂ 'ਚ ਲਿਵਰ ਅਤੇ ਕਿਡਨੀ ਦੇ ਗੰਭੀਰ ਰੋਗ, ਬ੍ਰੈਸਟ ਕੈਂਸਰ, ਹਾਈਪੋਥਾਇਰਾਡਿਜ਼ਮ, ਪਿਟਿਊਟਰੀ ਗਲੈਂਡ ਟਿਊਮਰ ਅਤੇ ਹਾਰਮੋਨ ਰਿਸਾਉਣ ਵਾਲੇ ਅੰਗਾਂ ਵਰਗੇ ਫੇਫੜਿਆਂ ਅਤੇ ਅੰਡੇਦਾਨੀਆਂ 'ਚ ਟਿਊਮਰ ਸ਼ਾਮਲ ਹਨ।

ਬ੍ਰੈਸਟ ਐਨਲਾਰਜਮੈਂਟ ਦੇ ਲੱਛਣ ਨਜ਼ਰ ਆਉਂਦਿਆਂ ਹੀ ਪੂਰਾ ਚੈੱਕਅੱਪ ਕਰਵਾਓ ਤਾਂਕਿ ਸਮੇਂ ਸਿਰ ਇਸ ਦਾ ਇਲਾਜ ਹੋ ਸਕੇ ਅਤੇ ਕਿਸੇ ਹੋਰ ਗੰਭੀਰ ਰੋਗ ਦਾ ਵੀ ਸਮੇਂ ਸਿਰ ਪਤਾ ਲੱਗ ਸਕੇ।

# ਪੇਟ ਦੀਆਂ ਤਕਲੀਫਾਂ ਦੇ ਘਰੇਲੂ ਉਪਾਅ

ਆਪਣੀ ਹੀ ਗਲਤੀ ਕਾਰਨ ਖਾਣ-ਪੀਣ 'ਚ ਲਾਪ੍ਰਵਾਹੀ ਕਾਰਨ ਸਾਡੇ ਪੇਟ 'ਚ ਬਹੁਤ ਗੈਸ ਬਣਨ ਲੱਗਦੀ ਹੈ। ਇਹ ਬਣ ਕੇ ਨਿਕਲਦੀ ਰਹੇ, ਉਦੋਂ ਤਕ ਤਾਂ ਕੋਈ ਬਹੁਤੀ ਤਕਲੀਫ ਨਹੀਂ ਹੁੰਦੀ ਪਰ ਜਦੋਂ ਇਹ ਨਿਕਲਣ ਦਾ ਨਾਂ ਹੀ ਨਾ ਲਏ ਅਤੇ ਅਫਾਰਾ ਬਣਿਆ ਰਹੇ, ਤਾਂ ਬੜੀ ਔਖਿਆਈ ਹੁੰਦੀ ਹੈ। ਅਸਹਿਜ ਸਥਿਤੀ 'ਚੋਂ ਲੰਘਣਾ ਪੈਂਦਾ ਹੈ। ਆਓ, ਇਸ ਰੋਗ ਤੋਂ ਛੁਟਕਾਰੇ ਲਈ ਕੁਝ ਘਰੇਲੂ ਉਪਾਵਾਂ 'ਤੇ ਅਮਲ ਕਰੀਏ।

ਹਵਾ ਘੱਟ ਤੋਂ ਘੱਟ ਬਣੇ, ਇਸ ਲਈ ਆਲੂ, ਚੌਲ, ਤਲੇ ਪਦਾਰਥ, ਮਾਸ ਅਤੇ ਸ਼ਰਾਬ ਆਦਿ ਦੀ ਵਰਤੋਂ ਨਾ ਕਰੋ।

ਭੁੱਖ ਤੋਂ ਵਧੇਰੇ ਨਾ ਖਾਓ। ਪੇਟ ਦਾ ਕੁਝ ਹਿੱਸਾ ਖਾਲੀ ਵੀ ਰਹਿਣਾ ਚਾਹੀਦੈ।

ਖਾਲੀ ਪੇਟ ਰਹਿਣ ਨਾਲ ਵੀ ਗੈਸ ਬਣੇਗੀ, ਇਸ ਲਈ ਭੁੱਖੇ ਨਾ ਰਹੋ।

ਵਰਤ ਰੱਖਣਾ ਇਕ ਚੰਗਾ ਇਲਾਜ ਹੈ ਪਰ ਹਫਤੇ 'ਚ ਸਿਰਫ ਅੱਧਾ ਦਿਨ।

ਪੁਦੀਨਾ, ਅਨਾਰਦਾਣਾ, ਪਿਆਜ਼, ਧਨੀਏ ਆਦਿ ਦੀ ਚਟਣੀ ਜ਼ਰੂਰ ਲਿਆ ਕਰੋ।

ਲਸਣ, ਅਦਰਕ ਦੀ ਵੀ ਵਰਤੋਂ ਜ਼ਰੂਰੀ ਹੈ।

ਜਿਨ੍ਹਾਂ ਨੂੰ ਕਬਜ਼ ਵੀ ਰਹਿੰਦੀ ਹੋਵੇ ਅਤੇ ਹਵਾ ਵੀ ਕਾਫੀ ਬਣਦੀ ਹੋਵੇ, ਉਹ ਖਾਣਾ ਖਾਣ ਪਿੱਛੋਂ ਕਾਲਾ ਨਮਕ, ਜੀਰਾ, ਨਿੰਬੂ ਮਿਲਾ ਕੇ ਖਾਰਾ ਸੋਡਾ ਪੀ ਲੈਣ। ਇਸ ਨਾਲ ਕਾਫੀ ਆਰਾਮ ਮਿਲੇਗਾ। ਅੰਤੜੀਆਂ ਸਾਫ ਹੋ ਜਾਣਗੀਆਂ।ਤੁਸੀਂ ਜਿਥੇ ਵੀ ਜਾਓ, ਉਥੋਂ ਦੇ ਰਿਵਾਜ ਮੁਤਾਬਿਕ ਖਾਣਾ ਖਾਓ।



ਜਿਨ੍ਹਾਂ ਦੇ ਪੇਟ 'ਚ ਹਵਾ ਵਧੇਰੇ ਬਣਨ ਦੀ ਤਕਲੀਫ ਰਹਿੰਦੀ ਹੋਵੇ, ਉਹ ਗਰਮੀ ਦੇ ਮੌਸਮ 'ਚ ਹਦਵਾਣੇ ਅਤੇ ਅੰਬ ਆਦਿ ਦੀ ਵਧੇਰੇ ਮਾਤਰਾ ਨਾ ਖਾਣ। ਇਨ੍ਹਾਂ ਨਾਲ ਵੀ ਹਵਾ ਬਣਦੀ ਹੈ।

ਭੋਜਨ ਪਚੇਗਾ, ਪੇਟ ਸਾਫ ਰਹੇਗਾ ਤਾਂ ਗੈਸ ਘੱਟ ਬਣੇਗੀ। ਹਰੀਆਂ ਸਬਜ਼ੀਆਂ ਜਿਵੇਂ ਬਾਥੂ, ਪਾਲਕ, ਸਰ੍ਹੋਂ ਦਾ ਸਾਗ ਆਦਿ ਖਾਓ। ਖੀਰਾ, ਤਰ, ਗਾਜਰ ਅਤੇ ਚੁਕੰਦਰ ਵੀ ਇਸ ਰੋਗ ਨੂੰ ਸ਼ਾਂਤ ਰੱਖਦੇ ਹਨ।

ਪੱਕਿਆ ਪਪੀਤਾ ਮਿਲੇ ਤਾਂ ਜ਼ਰੂਰ ਖਾਓ। ਕੱਚੇ ਪਪੀਤੇ ਦੀ ਸਬਜ਼ੀ ਵੀ ਲਾਭਦਾਇਕ ਹੈ।

ਖਾਣਾ ਖਾਣ ਪਿੱਛੋਂ ਆਈਸਕ੍ਰੀਮ ਖਾਣਾ ਜਾਂ ਠੰਡੀਆਂ ਚੀਜ਼ਾਂ ਪੀਣ ਨਾਲ ਵੀ ਸਰੀਰਕ ਨੁਕਸਾਨ ਹੁੰਦਾ ਹੈ। ਅਜਿਹੇ 'ਚ ਠੰਡਾ ਜੂਸ ਪੀਣਾ ਵੀ ਠੀਕ ਨਹੀਂ ਰਹਿੰਦਾ।

ਜੇਕਰ ਕਿਸੇ ਨੂੰ ਚਾਹ ਜਾਂ ਕੌਫੀ ਦੀ ਆਦਤ ਹੋਵੇ ਤਾਂ ਇਹ ਵੀ ਨੁਕਸਾਨ ਕਰਦੀ ਹੈ। ਇਸ ਆਦਤ ਨੂੰ ਛੱਡ ਦਿਓ।

ਮੈਦੇ ਤੋਂ ਬਣੇ ਪਦਾਰਥ ਜਾਂ ਸੁਪਰ ਫਾਈਨ ਆਟੇ ਦੀ ਰੋਟੀ ਆਸਾਨੀ ਨਾਲ ਨਹੀਂ ਪਚਦੀ ਅਤੇ ਗੈਸ ਪੈਦਾ ਕਰਦੀ ਹੈ, ਇਸ ਲਈ ਮੋਟੇ ਚੋਕਰ ਵਾਲੇ ਆਟੇ ਜਾਂ ਛੋਲਿਆਂ ਅਤੇ ਸੋਇਆਬੀਨ ਮਿਲੇ ਆਟੇ ਤੋਂ ਬਣੀ ਰੋਟੀ ਖਾਓ, ਇਹ ਛੇਤੀ ਪਚੇਗੀ ਵੀ ਅਤੇ ਅਫਾਰੇ ਵਰਗੀ ਸਮੱਸਿਆ ਨਹੀਂ ਹੋਣ ਦੇਵੇਗੀ। ਇਸ ਤਰ੍ਹਾਂ ਜੇਕਰ ਅਸੀਂ ਆਪਣੇ ਖਾਣ-ਪੀਣ 'ਚ ਸੁਧਾਰ ਕਰ ਲਈਏ ਤਾਂ ਇਹ ਰੋਗ ਸ਼ਾਂਤ ਰਹੇਗਾ।

# ਤੁਹਾਡੀ ਸਿਹਤ ਤੁਹਾਡੇ ਹੱਥ

ਅੱਜ ਦੀ ਭਾਜੜ ਭਰੀ ਜ਼ਿੰਦਗੀ ਵਿਚ ਜੇ ਅਸੀਂ ਆਪਣੀ ਸਿਹਤ ਵਲ ਧਿਆਨ ਨਾ ਦੇਈਏ ਤਾਂ ਜ਼ਿੰਦਗੀ ਦੇ ਦਿਨ ਇੰਨੀ ਤੇਜ਼ੀ ਨਾਲ ਨਿਕਲ ਜਾਣਗੇ ਕਿ ਸਾਨੂੰ ਪਤਾ ਹੀ ਨਹੀਂ ਲੱਗੇਗਾ।ਸਮੇਂ ਦੀ ਘਾਟ ਤਾਂ ਹਮੇਸ਼ਾ ਹੀ ਰਹਿੰਦੀ ਹੈ ਅਤੇ ਰਹੇਗੀ। ਫਿਰ ਵੀ ਜਿਸ ਤਰ੍ਹਾਂ ਅਸੀਂ ਆਪਣੀਆਂ ਪਾਰਟੀਆਂ ਤੇ ਕੰਮਾਂ ਲਈ ਸਮਾਂ ਕੱਢ ਹੀ ਲੈਂਦੇ ਹਾਂ, ਠੀਕ ਉਸੇ ਤਰ੍ਹਾਂ ਥੋੜ੍ਹਾ ਜਿਹਾ ਸਮਾਂ ਕੱਢ ਕੇ ਹੇਠ ਲਿਖੀਆਂ ਗੱਲਾਂ ਆਪਣੀ ਰੁਟੀਨ ਵਿਚ ਸ਼ਾਮਿਲ ਕਰ ਲਈਏ ਤਾਂ 80 ਸਾਲ ਦੀ ਉਮਰ 'ਚ ਵੀ ਕੋਈ ਇਹ ਸਵਾਲ ਪੁੱਛਣ ਤੋਂ ਨਹੀਂ ਝਿਜਕੇਗਾ ਕਿ 'ਤੁਹਾਡੀ ਚੰਗੀ ਸਿਹਤ ਦਾ ਰਾਜ਼ ਕੀ ਹੈ?' ਕੁਝ ਇਸ ਤਰ੍ਹਾਂ ਕਰੋ ਆਪਣੇ ਦਿਨ ਦੀ ਸ਼ੁਰੂਆਤ :ਰੋਜ਼ਾਨਾ ਸਵੇਰੇ 10-20 ਮਿੰਟਾਂ ਲਈ ਖੁੱਲ੍ਹੀ ਹਵਾ 'ਚ ਜਾ ਕੇ ਜਾਗਿੰਗ ਕਰੋ ਜਾਂ 4-5 ਕਿਲੋਮੀਟਰ ਦੀ ਦੂਰੀ ਤੁਰ ਕੇ ਹੀ ਤੈਅ ਕਰੋ। ਇੰਝ ਕਰਨ ਨਾਲ ਤੁਹਾਡੇ ਮਨ ਤੇ ਸਰੀਰ, ਦੋਵਾਂ ਨੂੰ ਫਾਇਦਾ ਮਿਲੇਗਾ।ਸਰੀਰ ਵਿਚ ਆਈ ਜਕੜਨ ਕੁਝ ਪਲਾਂ ਦੀ ਕਸਰਤ ਨਾਲ ਦੂਰ ਹੋ ਜਾਂਦੀ ਹੈ ਅਤੇ ਮਾਸਪੇਸ਼ੀਆਂ ਖੁੱਲ੍ਹ ਜਾਂਦੀਆਂ ਹਨ।ਪੂਰੇ ਦਿਨ ਵਿਚ ਘੱਟੋ-ਘੱਟ 4-5 ਲਿਟਰ ਪਾਣੀ ਜ਼ਰੂਰ ਪੀਣਾ ਚਾਹੀਦਾ ਹੈ ਤਾਂ ਕਿ ਸਰੀਰ ਵਿਚ ਤਰਲਤਾ ਬਣੀ ਰਹੇ।



# ਚੰਗੀ ਸਿਹਤ ਲਈ

ਅਰੋਗ ਸਰੀਰ ਹਰ ਕਿਸੇ ਦੀ ਚਾਹਤ ਹੁੰਦਾ ਹੈ। ਇਸਨੂੰ ਹਾਸਲ ਕਰਨ ਲਈ ਸਾਨੂੰ ਖੁਦ ਹੀ ਕੋਸ਼ਿਸ਼ ਕਰਨੀ ਪਵੇਗੀ। ਜੇ ਅਸੀਂ ਹੇਠ ਲਿਖੀਆਂ ਗੱਲਾਂ ਦਾ ਧਿਆਨ ਰੱਖੀਏ ਤਾਂ ਆਸ ਅਨੁਸਾਰ ਨਤੀਜੇ ਹਾਸਲ ਕਰ ਸਕਾਂਗੇ :

ਆਂਵਲੇ 'ਚ ਕੋਲੈਸਟ੍ਰੋਲ ਨੂੰ ਘਟਾਉਣ ਦਾ ਖਾਸ ਗੁਣ ਹੁੰਦਾ ਹੈ। ਇਸ ਲਈ ਰੋਜ਼ਾਨਾ ਤਾਜ਼ਾ ਆਂਵਲੇ ਖਾ ਕੇ ਦਿਲ ਦੀਆਂ ਬਿਮਾਰੀਆਂ ਤੋਂ ਬਚਿਆ ਜਾ ਸਕਦਾ ਹੈ।

ਸਰੀਰ ਦੀ ਕਮਜ਼ੋਰੀ ਦੂਰ ਕਰਨ ਅਤੇ ਨਵੀਂ ਚੁਸਤੀ-ਫੁਰਤੀ ਪੈਦਾ ਕਰਨ ਲਈ 2 ਮਹੀਨੇ ਤਕ ਖਾਲੀ ਪੇਟ 2-3 ਸੇਬ ਖਾ ਕੇ ਦੁੱਧ ਪੀਓ, ਫਿਰ ਫਰਕ ਦੇਖੋ।

ਬਲੱਡ ਪ੍ਰੈਸ਼ਰ ਵਧਣ ਦੀ ਸ਼ਿਕਾਇਤ ਹੋਵੇ ਤਾਂ ਰੋਜ਼ਾਨਾ ਸਵੇਰੇ ਖਾਲੀ ਪੇਟ ਪੱਕਿਆ ਪਪੀਤਾ ਖਾਓ।



ਰੋਜ਼ਾਨਾ ਸਵੇਰੇ ਇਕ ਗਲਾਸ ਪਾਣੀ ਵਿਚ ਸਿਰਕਾ ਪਾ ਕੇ ਪੀਣ ਨਾਲ ਮੋਟਾਪਾ ਦੂਰ ਹੁੰਦਾ ਹੈ। ਗਲੇ 'ਚ ਦਰਦ ਹੋਵੇ ਤਾਂ ਇਕ ਗਲਾਸ ਕੋਸੇ ਪਾਣੀ ਵਿਚ ਸਿਰਕਾ ਪਾ ਕੇ ਗਰਾਰੇ ਕਰਨ ਨਾਲ ਫਾਇਦਾ ਮਿਲਦਾ ਹੈ। ਵਾਲਾਂ ਨੂੰ ਸੁੰਦਰ, ਕਾਲੇ ਤੇ ਸੰਘਣੇ ਕਰਨ ਲਈ ਪਾਣੀ ਵਿਚ ਸਿਰਕਾ ਪਾ ਕੇ ਸਿਰ ਧੋਵੋ। ਇਸ ਨਾਲ ਸਿੱਕਰੀ ਵੀ ਦੂਰ ਹੋ ਜਾਵੇਗੀ।

✡ ਯਾਦ ਸ਼ਕਤੀ ਵਧਾਉਣ ਲਈ ਰੋਜ਼ਾਨਾ ਸਵੇਰੇ ਖਾਲੀ ਪੇਟ ਸੌਂਫ ਦਾ ਚੂਰਨ ਸ਼ਹਿਦ ਨਾਲ ਖਾਓ। ਇਸ ਤੋਂ ਇਲਾਵਾ ਸੋਇਆਬੀਨ ਨਾਲ ਬਣੀਆਂ ਚੀਜ਼ਾਂ ਖਾਣ ਨਾਲ ਵੀ ਯਾਦ ਸ਼ਕਤੀ ਵਧਦੀ ਹੈ।

ਪੀਸਿਆ ਹੋਇਆ ਜੀਰਾ ਮੱਖਣ 'ਚ ਮਿਲਾ ਕੇ ਖਾਣ ਨਾਲ ਅੱਖਾਂ ਦੀ ਕਮਜ਼ੋਰੀ ਦੂਰ ਹੁੰਦੀ ਹੈ।

ਛਾਈਆਂ, ਮੁਹਾਸਿਆਂ ਆਦਿ ਤੋਂ ਛੁਟਕਾਰੇ ਲਈ ਜੀਰੇ ਨੂੰ ਪਾਣੀ ਵਿਚ ਉਬਾਲ ਕੇ ਉਸ ਪਾਣੀ ਨਾਲ ਮੂੰਹ ਧੋਵੋ।

ਜ਼ਖਮਾਂ 'ਤੇ ਹਲਦੀ ਛਿੜਕਣ ਨਾਲ ਇਹ ਜਲਦੀ ਸੁੱਕ ਜਾਂਦੇ ਹਨ। ਇਸਨੂੰ ਖੰਡ ਨਾਲ ਖਾਣ ਨਾਲ ਸੱਟ ਤੇ ਮੋਚ ਦੀ ਦਰਦ ਠੀਕ ਹੁੰਦੀ ਹੈ।

ਕੋਸੇ ਪਾਣੀ ਵਿਚ ਹਲਦੀ ਤੇ ਫਟਕੜੀ ਮਿਲਾ ਕੇ ਗਰਾਰੇ ਕਰਨ ਨਾਲ ਗਲੇ ਦੀ ਖਰਾਸ਼ ਤੇ ਟਾਂਸਿਲ ਵੇਲੇ ਫਾਇਦਾ ਮਿਲਦਾ ਹੈ।

ਸਰੀਰ ਵਿਚ ਹਲਕਾਪਨ ਲਿਆਉਣ ਅਤੇ ਪਾਚਨ ਸ਼ਕਤੀ ਤੇ ਭੁੱਖ ਨੂੰ ਵਧਾਉਣ ਲਈ ਧਨੀਏ ਵਾਲੀ ਚਾਹ ਪੀਓ। 6 ਗ੍ਰਾਮ ਧਨੀਆ ਉਬਾਲ ਕੇ ਥੋੜ੍ਹੀ ਖੰਡ ਤੇ ਦੁੱਧ ਮਿਲਾ ਕੇ ਛਾਣ ਲਵੋ ਅਤੇ ਚਾਹ ਵਾਂਗ ਪੀਓ।

# ਇੰਝ ਬਣ ਸਕਦੇ ਹੋ ਖੂਬਸੂਰਤ

ਖੂਬਸੂਰਤੀ ਨੂੰ ਬਣਾਈ ਰੱਖਣ ਲਈ ਪਹਿਲਾ ਨਿਯਮ ਹੈ ਜੀਵਨ ਸ਼ੈਲੀ ਨੂੰ ਵਿਵਸਥਿਤ ਕਰਨਾ ਕਿਉਂਕਿ ਬਿਨਾਂ ਇਸਦੇ ਅੰਦਰੂਨੀ ਸਿਹਤ ਨਹੀਂ ਮਿਲ ਸਕਦੀ। ਸਿਹਤ ਦਾ ਸਿੱਧਾ ਸੰਬੰਧ ਖੂਬਸੂਰਤੀ ਨਾਲ ਹੈ।ਕੰਮਕਾਜੀ ਔਰਤਾਂ ਨੂੰ ਇੰਨਾ ਸਮਾਂ ਨਹੀਂ ਮਿਲਦਾ ਕਿ ਉਹ ਆਪਣੀ ਚਮੜੀ ਦੀ ਦੇਖਭਾਲ ਕਰ ਸਕਣ। ਇਸ ਲਈ ਉਨ੍ਹਾਂ ਨੂੰ ਆਪਣੇ ਪਰਸ ਵਿਚ ਹਮੇਸ਼ਾ ਫੇਸ ਵਾਸ਼ ਤੇ ਕਲੀਂਜਰ ਰੱਖਣਾ ਚਾਹੀਦਾ ਹੈ। ਜਦੋਂ ਵੀ ਕੰਮ ਦੇ ਪਲਾਂ 'ਚੋਂ ਥੋੜ੍ਹੀ ਵਿਹਲ ਮਿਲੇ, ਉਹ ਆਪਣਾ ਚਿਹਰਾ ਸਾਫ ਕਰ ਲੈਣ।ਆਯੁਰਵੈਦਿਕ ਬਲੱਡ ਪਿਓਰੀਫਾਇਰ ਫਾਇਦੇਮੰਦ ਹੁੰਦੇ ਹਨ ਅਤੇ ਚਮੜੀ ਦੀਆਂ ਅੰਦਰੂਨੀ ਤੇ ਬਾਹਰਲੀਆਂ ਸਮੱਸਿਆਵਾਂ ਲਈ ਰਾਮਬਾਣ ਸਾਬਤ ਹੁੰਦੇ ਹਨ। ਕੋਈ ਵੀ ਉਤਪਾਦ ਅਪਨਾਉਣ ਤੋਂ ਪਹਿਲਾਂ ਮਾਹਿਰ ਦੀ ਸਲਾਹ ਜ਼ਰੂਰ ਲਵੋ। ਪਾਣੀ ਜ਼ਿਆਦਾ ਪੀਓ। ਆਪਣੀ ਖੁਰਾਕ ਵਿਚ ਫਲਾਂ-ਸਬਜ਼ੀਆਂ ਦਾ ਜੂਸ ਵੀ ਸ਼ਾਮਿਲ ਕਰੋ। ਆਲੂ, ਟਮਾਟਰ ਤੇ ਪਪੀਤਾ ਕੱਦੂਕਸ ਕਰਕੇ ਚਿਹਰੇ 'ਤੇ ਲਗਾਓ। ਇਸ ਨਾਲ ਦਾਗ-ਧੱਬੇ ਦੂਰ ਹੁੰਦੇ ਹਨ। ਕਰੇਲੇ ਦਾ ਜੂਸ ਪੀਣ ਨਾਲ ਕਿਲ-ਮੁਹਾਸਿਆਂ ਤੋਂ ਛੁਟਕਾਰਾ ਮਿਲਦਾ ਹੈ ਅਤੇ ਖੂਨ ਸਾਫ ਹੁੰਦਾ ਹੈ।



ਕੇਸਰ ਵਾਲਾ ਦੁੱਧ ਪੀਣ ਨਾਲ ਨਾ ਸਿਰਫ ਖੂਨ ਸਾਫ ਹੁੰਦਾ ਹੈ, ਸਗੋਂ ਚਿਹਰਾ ਵੀ ਖਿੜਿਆ-ਖਿੜਿਆ, ਨਿਖਰਿਆ ਤੇ ਗੋਰਾ ਹੋ ਜਾਂਦਾ ਹੈ। ਧੁੱਪ 'ਚ ਜਾਣ ਵੇਲੇ ਸੂਤੀ ਕੱਪੜਾ ਜਾਂ ਟੋਪੀ ਜ਼ਰੂਰ ਪਹਿਨੋ। ਸੂਤੀ ਕੱਪੜੇ 'ਚ ਹਵਾ ਵੀ ਆ-ਜਾ ਸਕਦੀ ਹੈ। ਧੁੱਪ ਤੋਂ ਬਚਣ ਲਈ ਛਤਰੀ ਵੀ ਲਈ ਜਾ ਸਕਦੀ ਹੈ। ਚਮੜੀ ਦੀ ਖਾਰਿਸ਼, ਐਲਰਜੀ ਆਦਿ ਤੋਂ ਬਚਣ ਲਈ ਛੋਲਿਆਂ ਦੇ ਆਟੇ ਦਾ ਘੋਲ ਚਮੜੀ 'ਤੇ ਲਗਾਓ। ਵੇਸਣ ਵਿਚ ਮਲਾਈ, ਇਕ ਚੁਟਕੀ ਹਲਦੀ ਤੇ ਦਹੀਂ ਮਿਲਾ ਕੇ ਸਾਰੇ ਸਰੀਰ 'ਤੇ ਉਬਟਨ ਲਗਾਉਣ ਨਾਲ ਚਮੜੀ ਮੁਲਾਇਮ ਤੇ ਚਮਕਦਾਰ ਹੁੰਦੀ ਹੈ। ਪੁਦੀਨੇ ਵਿਚ ਨਿੰਬੂ ਦੇ ਰਸ ਦੀਆਂ ਕੁਝ ਬੂੰਦਾਂ ਪਾ ਕੇ ਮੁਹਾਸਿਆਂ 'ਤੇ ਲਗਾਓ, ਜਲਦੀ ਫਾਇਦਾ ਮਿਲਦਾ ਹੈ। ਕੱਚੇ ਦੁੱਧ ਤੇ ਦਹੀਂ ਨੂੰ ਸਰੀਰ 'ਤੇ ਮਲਣ ਨਾਲ ਚਮੜੀ ਸਾਫ ਹੁੰਦੀ ਹੈ ਅਤੇ ਚਮਕ ਆਉਂਦੀ ਹੈ। ਹਫਤੇ 'ਚ ਇਕ ਵਾਰ ਵਾਲਾਂ ਵਿਚ ਅੰਡਾ ਲਗਾ ਕੇ ਅੱਧੇ ਘੰਟੇ ਬਾਅਦ ਸ਼ੈਂਪੂ ਨਾਲ ਸਿਰ ਧੋਵੋ। ਵਾਲ ਚਮਕਦਾਰ ਹੋ ਜਾਣਗੇ। ਚਿੱਟੇ ਸਿਰਕੇ ਨਾਲ ਵਾਲ ਧੋਣ ਨਾਲ ਵਾਲਾਂ ਦੀ ਚਿਕਨਾਈ ਘੱਟ ਹੁੰਦੀ ਹੈ।

## ਸੰਪਾਦਕੀ

# ਕੰਗਨਾ ਰਣੌਤ ਦੀ ਫਿਲਮ ਐਮਰਜੰਸੀ ਦਾ ਰੇੜਕਾ

ਰਚਨਾਤਮਕ ਆਜ਼ਾਦੀ ਦੇ ਮੁੱਦੇ ’ਤੇ ਬਹਿਸ ਅਮੂਮਨ ਇਸ ਬਿੰਦੂ ’ਤੇ ਘੁੰਮਦੀ ਹੈ ਕਿ ਇਸ ਦੇ ਪੱਖ ਵਿੱਚ ਕੌਣ ਹੈ ਤੇ ਵਿਰੋਧ ਵਿੱਚ ਕੌਣ; ਤੇ ਕਿਨ੍ਹਾਂ ਆਧਾਰਾਂ ’ਤੇ ਹਮਾਇਤ ਜਾਂ ਵਿਰੋਧ ਕੀਤਾ ਜਾਂਦਾ ਹੈ। ਸਵੈ-ਪ੍ਰਗਟਾਵੇ ਦੀ ਆਜ਼ਾਦੀ ਨੂੰ ਘੱਟ ਹੀ ਅਲੱਗ-ਥਲੱਗ ਕਰ ਕੇ ਵਾਚਿਆ ਜਾਂਦਾ ਹੈ ਸਗੋਂ ਸਿਆਸੀ ਸੋਚ ਵਿਚਾਰ ਹਮੇਸ਼ਾ ਭਾਰੂ ਰਹਿੰਦੀ ਹੈ, ਮਹਿਜ਼ ਰਾਬਤੇ ਦੀ ਡਿਗਰੀ ਦਾ ਫ਼ਰਕ ਹੁੰਦਾ ਹੈ। ਫਿਲਮ ‘ਐਮਰਜੈਂਸੀ’ ਦਾ ਟ੍ਰੇਲਰ ਜਦੋਂ ਤੋਂ ਜਨਤਕ ਕੀਤਾ ਗਿਆ ਹੈ, ਉਦੋਂ ਤੋਂ ਹੀ ਫਿਲਮ ਵਿਵਾਦ ਦੇ ਘੇਰੇ ਵਿੱਚ ਆ ਗਈ। ਕੁਝ ਲੋਕਾਂ ਨੇ ਚਿੰਤਾ ਜਤਾਈ ਹੈ ਕਿ ਇਸ ਫਿਲਮ ਵਿੱਚ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਗ਼ਲਤ ਢੰਗ ਨਾਲ ਪੇਸ਼ ਕੀਤਾ ਗਿਆ ਹੈ।

ਅਦਾਕਾਰਾ ਕੰਗਨਾ ਰਣੌਤ ਜੋ ਭਾਜਪਾ ਦੀ ਸੰਸਦ ਮੈਂਬਰ ਵੀ ਹੈ, ਨੇ ਇੰਦਰਾ ਗਾਂਧੀ ਦਾ ਕਿਰਦਾਰ ਨਿਭਾਇਆ ਹੈ ਜਿਸ ਨੂੰ ਲੈ ਕੇ ਕਾਫ਼ੀ ਰੌਲਾ ਹੈ। ਸਿੱਖ ਜਥੇਬੰਦੀਆਂ ਨੇ ਵੀ ਉਜ਼ਰ ਕੀਤਾ ਹੈ ਕਿ ਇਸ ਫਿਲਮ ਵਿੱਚ ਸਿੱਖ ਭਾਈਚਾਰੇ ਨੂੰ ਗ਼ਲਤ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਕੰਗਨਾ ਰਣੌਤ ਇਸ ਫਿਲਮ ਦੀ ਸਹਿ-ਨਿਰਮਾਤਾ ਵੀ ਹੈ ਅਤੇ ਫਿਲਮ ਨੂੰ ਸਰਟੀਫਿਕੇਟ ਨਾ ਮਿਲਣ ਕਰ ਕੇ ਉਹ ਕਾਫ਼ੀ ਗੁੱਸੇ ਵਿਚ ਨਜ਼ਰ ਆ ਰਹੀ ਹੈ। ਸੈਂਟਰਲ ਬੋਰਡ ਆਫ ਫਿਲਮ ਸਰਟੀਫਿਕੇਸ਼ਨ ਲਈ ਇਹ ਕਾਫ਼ੀ ਔਖਾ ਕੰਮ ਹੁੰਦਾ ਹੈ ਪਰ ਕੀ ਇਸ ਨੂੰ ਬਾਹਰ ਦੇ ਰੌਲੇ ਰੱਪੇ ਬਾਰੇ ਵੀ ਚਿੰਤਤ ਹੋਣਾ ਚਾਹੀਦਾ ਹੈ ?

ਕਿਸੇ ਫਿਲਮ ਨੂੰ ਪ੍ਰਮਾਣ ਪੱਤਰ ਧਿਆਨ ਨਾਲ ਵਾਚ ਕੇ ਅਤੇ ਆਮ ਸਹਿਮਤੀ ਨਾਲ ਫ਼ੈਸਲੇ ਲੈਣ ਦੇ ਆਧਾਰ ’ਤੇ ਜਾਰੀ ਕੀਤਾ ਜਾਂਦਾ ਹੈ। ਸੰਵੇਦਨਸ਼ੀਲ ਮੁੱਦਿਆਂ ਉੱਪਰ ਬਣੀਆਂ ਫਿਲਮਾਂ ਨੂੰ ਲੈ ਕੇ ਅਕਸਰ ਵਿਵਾਦ ਖੜ੍ਹੇ ਹੋ ਜਾਂਦੇ ਹਨ। ਕਲਾ ਦਾ ਮੰਤਵ ਵੀ ਇਹੀ ਹੁੰਦਾ ਹੈ ਕਿ ਬਹਿਸ ਛੇੜੀ ਜਾਵੇ, ਔਖੇ ਸਵਾਲ ਪੁੱਛੇ ਜਾਣ ਅਤੇ ਇਸ ਦੇ ਪ੍ਰਸ਼ੰਸਾਮਈ ਅਤੇ ਆਲੋਚਨਾਤਮਕ ਪਹਿਲੂਆਂ ਨੂੰ ਨਿਰਪੱਖਤਾ ਨਾਲ ਤੋਲਿਆ ਜਾਵੇ। ਇਸ ਸਬੰਧ ਵਿੱਚ ਸਨਕੀ ਮੰਗਾਂ ਤੋਂ ਗੁਰੇਜ਼ ਰੱਖਿਆ ਜਾਣਾ ਚਾਹੀਦਾ ਹੈ ਅਤੇ ਜੇ ਲੋੜ ਪਏ ਤਾਂ ਜਿਊਰੀ ਵੱਲੋਂ ਜਾਇਜ਼ਾ ਲਿਆ ਜਾਣਾ ਚਾਹੀਦਾ ਹੈ ਪਰ ਇਸ ’ਤੇ ਆ ਕੇ ਰੁਕ ਜਾਣਾ ਚਾਹੀਦਾ ਹੈ।

ਜਦੋਂ ਬੰਬਈ ਹਾਈਕੋਰਟ ਨੇ ਆਪਣੇ ਫ਼ੈਸਲੇ ਵਿੱਚ ਆਖਿਆ ਕਿ ਰਚਨਾਤਮਕ ਆਜ਼ਾਦੀ ਨੂੰ ਡੱਕਿਆ ਨਹੀਂ ਜਾ ਸਕਦਾ ਅਤੇ ਬੋਰਡ ਕਿਸੇ ਫਿਲਮ ਨੂੰ ਸਰਟੀਫਿਕੇਟ ਦੇਣ ਤੋਂ ਇਸ ਲਈ ਮਨ੍ਹਾ ਨਹੀਂ ਕਰ ਸਕਦਾ ਕਿ ਉਸ ਦੇ ਰਿਲੀਜ਼ ਹੋਣ ਨਾਲ ਅਮਨ-ਕਾਨੂੰਨ ਦਾ ਮਸਲਾ ਖੜ੍ਹਾ ਹੋਣ ਦਾ ਖ਼ਤਰਾ ਹੋ ਸਕਦਾ ਹੈ। ਹੁਣ ਬੋਰਡ ਦਾ ਕਹਿਣਾ ਹੈ ਕਿ ਜੇ ਕੁਝ ਸੀਨ ਕੱਟ ਦਿੱਤੇ ਜਾਣ ਤਾਂ ਇਸ ਫਿਲਮ ਨੂੰ ਸਿਨਮਿਆਂ ਵਿੱਚ ਦਿਖਾਇਆ ਜਾ ਸਕਦਾ ਹੈ। ਇਸ ਦੇ ਨਿਰਮਾਣਕਾਰਾਂ ਦੀ ਆਪਣੀਆਂ ਯੋਜਨਾਵਾਂ ਹੋਣਗੀਆਂ। ਹਾਲੇ ਤੱਕ ਇਸ ਮੁਤੱਲਕ ਕੋਈ ਆਖਿ ?ਰੀ ਸ਼ਬਦ ਸੁਣਨ ਨੂੰ ਨਹੀਂ ਮਿਲਿਆ। ਸਵਾਲ ਇਹ ਹੈ ਕਿ ਦਰਸ਼ਕਾਂ ਦੀ ਅਕਲ ’ਤੇ ਸ਼ੱਕ ਕਿਉਂ ਕੀਤਾ ਜਾ ਰਿਹਾ ਹੈ ? ਉਹ ਇਸ ਨੂੰ ਦੇਖ ਕੇ ਆਪਣਾ ਫ਼ੈਸਲਾ ਕਰ ਲੈਣਗੇ।

# ਗੁਜਰਾਤ ਸਰਕਾਰ ਨੂੰ ਝਟਕਾ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜਦੋਂ ਪਿਛਲੇ ਮਹੀਨੇ ਆਪਣੀ ਆਜ਼ਾਦੀ ਦਿਹਾੜੇ ਦੀ ਤਕਰੀਰ ਵਿੱਚ ਕਿਹਾ ਸੀ ਕਿ ਰਾਜ ਸਰਕਾਰਾਂ ਨੂੰ ਮਹਿਲਾਵਾਂ ਉੱਤੇ ਜਬਰ ਜ਼ੁਲਮਾਂ ਦੇ ਕੇਸਾਂ ’ਚ ਜਲਦੀ ਕਾਰਵਾਈ ਯਕੀਨੀ ਬਣਾਉਣੀ ਚਾਹੀਦੀ ਹੈ ਤਾਂ ਬੇਸ਼ੱਕ ਉਹ ਕੋਲਕਾਤਾ ਵਿੱਚ ਹਾਲ ਹੀ ’ਚ ਵਾਪਰੇ ਜਬਰ-ਜਨਾਹ ਤੇ ਹੱਤਿਆ ਕਾਂਡ ਵੱਲ ਇਸ਼ਾਰਾ ਕਰ ਰਹੇ ਸਨ ਜਿਸ ਵਿੱਚ ਟਰੇਨੀ ਡਾਕਟਰ ਦੀ ਮੌਤ ਹੋਈ ਸੀ। ਇਹ ਗੱਲ ਦੀ ਸੰਭਾਵਨਾ ਬਹੁਤ ਮੱਧਮ ਹੈ ਕਿ ਉਨ੍ਹਾਂ ਦੇ ਮਨ ਵਿੱਚ ਬਿਲਕੀਸ ਬਾਨੋ ਦਾ ਮਾਮਲਾ ਸੀ ਜਿਸ ਵਿਚ ਗਰਭਵਤੀ ਔਰਤ ਨਾਲ ਜਬਰ-ਜਨਾਹ ਕਰ ਕੇ ਉਸ ਦੇ ਪਰਿਵਾਰ ਦੇ ਸੱਤ ਜੀਆਂ ਦੀ ਹੱਤਿਆ ਕਰ ਦਿੱਤੀ ਗਈ ਸੀ। ਇਹ ਘਟਨਾ ਗੁਜਰਾਤ ’ਚ 2002 ਵਿੱਚ ਹੋਏ ਫਿ ?ਰਕੂ ਦੰਗਿਆਂ ਵਿੱਚ ਉਸ ਵੇਲੇ ਵਾਪਰੀ ਸੀ ਜਦੋਂ ਉਹ ਉੱਥੋਂ ਦੇ ਮੁੱਖ ਮੰਤਰੀ ਸਨ। ਇਤਫ਼ਾਕ ਹੀ ਹੈ ਕਿ ਜਦੋਂ 2022 ਵਿੱਚ ਭਾਰਤ ਆਪਣਾ ਇੱਕ ਹੋਰ ਸੁਤੰਤਰਤਾ ਦਿਵਸ (75ਵਾਂ ਆਜ਼ਾਦੀ ਦਿਹਾੜਾ) ਮਨਾ ਰਿਹਾ ਸੀ, ਉਸ ਸਮੇਂ ਗੁਜਰਾਤ ਸਰਕਾਰ ਨੇ ਇਸ ਕੇਸ ਵਿੱਚ ਉਮਰ ਕੈਦ ਦੀ ਸਜ਼ਾ ਭੁਗਤ ਰਹੇ 11 ਦੋਸ਼ੀਆਂ ਨੂੰ ਰਿਹਾਅ ਕਰਨ ਦਾ ਫ਼ੈਸਲਾ ਕੀਤਾ ਸੀ। ਜਦੋਂ ਉਹ ਗੋਧਰਾ ਦੀ ਜੇਲ੍ਹ ਵਿੱਚੋਂ ਬਾਹਰ ਨਿਕਲੇ ਤਾਂ ਉਨ੍ਹਾਂ ਤਾਂ ਗ਼ਲਾਂ ਵਿੱਚ ਹਾਰ ਪਾ ਕੇ ਸਵਾਗਤ ਕੀਤਾ ਗਿਆ, ਜਿਵੇਂ ਉਹ ਕੋਈ ਨਾਇਕ ਹੋਣ ਅਤੇ ਉਨ੍ਹਾਂ ਇਸ ਤਰ੍ਹਾਂ ਦਾ ਨਾ-ਮੁਆਫ਼ੀਯੋਗ ਅਪਰਾਧ ਨਾ ਕੀਤਾ ਹੋਵੇ।

ਦੋਸ਼ੀਆਂ ਨੂੰ ਰਿਹਾਅ ਕਰਨ ਦਾ ਦੁਖਦਾਈ ਫ਼ੈਸਲਾ ਇਸ ਸਾਲ ਜਨਵਰੀ ਵਿੱਚ ਸੁਪਰੀਮ ਕੋਰਟ ਨੇ ਖਾਰਜ ਕਰ ਦਿੱਤਾ ਪਰ ਰਾਜ ਸਰਕਾਰ ਉਸ ਗੱਲ ਨੂੰ ਬਚਾਉਣ ਵਿੱਚ ਲੱਗੀ ਰਹੀ ਜਿਸ ਦਾ ਬਚਾਅ ਹੋ ਹੀ ਨਹੀਂ ਸੀ ਸਕਦਾ। ਹੁਣ ਸਰਕਾਰ ਦੀ ਇਸ ਹੁਕਮ ’ਤੇ ਮੁੜ ਗ਼ੌਰ ਕਰਨ ਲਈ ਪਾਈ ਪਟੀਸ਼ਨ ਅਦਾਲਤ ਨੇ ਖਾਰਜ ਕਰ ਦਿੱਤੀ ਹੈ। ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਬਚੀ ਕਿ ਰਾਜ ਸਰਕਾਰ ਨੇ ਦੋ ਸਾਲ ਪਹਿਲਾਂ ਸਜ਼ਾ ਮੁਆਫ਼ੀ ਲਈ ਜ਼ਮੀਨ ਤਿਆਰ ਕਰਨ ਖਾਤਰ ਕੁਝ ਤੱਥ ਦਬਾ ਕੇ ਅਦਾਲਤ ਦੇ ਇੱਕ ਹੋਰ ਬੈਂਚ ਨੂੰ ਗੁਮਰਾਹ ਕੀਤਾ ਸੀ। ਇਹ ਮਹਾਰਾਸ਼ਟਰ ਸਰਕਾਰ ਸੀ ਜੋ ਮੁਆਫ਼ੀ ਦਾ ਹੁਕਮ ਪਾਸ ਕਰਨ ਦੀ ਤਾਕਤ ਰੱਖਦੀ ਸੀ ਕਿਉਂਕਿ ਸੁਣਵਾਈ ਤੇ ਸਜ਼ਾ ਦੀ ਪ੍ਰਕਿਰਿਆ ਉੱਥੇ ਹੀ ਚੱਲੀ ਸੀ। ਹਾਲਾਂਕਿ, ਗੁਜਰਾਤ ਦੀ ਸੱਤਾਧਾਰੀ ਭਾਜਪਾ ਸਰਕਾਰ ਨੇ ਬੇਸ਼ਰਮੀ ਨਾਲ ਆਪਣੀਆਂ ਤਾਕਤਾਂ ਦੀ ਦੁਰਵਰਤੋਂ ਕੀਤੀ ਅਤੇ ਕੇਂਦਰ ਨੇ ਵੀ ਸਭ ਕੁਝ ਸਵੀਕਾਰਦਿਆਂ ਇਸ ’ਤੇ ਆਪਣੀ ਪ੍ਰਵਾਨਗੀ ਦੀ ਮੋਹਰ ਲਾਉਂਦਿਆਂ ਉਮਰ ਕੈਦ ਭੁਗਤ ਰਹੇ ਅਪਰਾਧੀਆਂ ਦੀ ਸਮੇਂ ਤੋਂ ਪਹਿਲਾਂ ਰਿਹਾਈ ਦਾ ਰਾਹ ਪੱਧਰਾ ਕਰ ਦਿੱਤਾ।

ਇੱਕ ਵਾਰ ਫਿਰ ਮੂਰਖਤਾ ਭਰਿਆ ਕਦਮ ਚੁੱਕਣ ਵਾਲੀ ਗੁਜਰਾਤ ਸਰਕਾਰ ਨੂੰ ਆਤਮ-ਵਿਸ਼ਲੇਸ਼ਣ ਲਈ ਚੰਗੀ ਸਲਾਹ ਦੀ ਲੋੜ ਹੈ। ਕਾਹਲੀ ’ਚ ਇਸ ਨੂੰ ਪ੍ਰਧਾਨ ਮੰਤਰੀ ਦੇ ਉਹ ਸ਼ਬਦ ਨਹੀਂ ਭੁੱਲਣੇ ਚਾਹੀਦੇ ਕਿ ‘ਸਾਨੂੰ ਔਰਤਾਂ ਨਾਲ ਬਦਸਲੂਕੀ ਕਰਨ ਵਾਲਿਆਂ ਦੇ ਮਨਾਂ ਵਿੱਚ ਭੈਅ ਪੈਦਾ ਕਰਨਾ ਪਏਗਾ।’ ਹਤਿਆਰਿਆਂ ਤੇ ਬਲਾਤਕਾਰੀਆਂ ਨਾਲ ਮਿਲੀਭੁਗਤ ਕਰਨਾ ਕੇਵਲ ਸਰਕਾਰ ਦੀ ਭਰੋਸੇਯੋਗਤਾ ਨੂੰ ਸੱਟ ਹੀ ਮਾਰੇਗਾ ਅਤੇ ਅਪਰਾਧੀਆਂ ਦੇ ਹੌਸਲੇ ਬੁਲੰਦ ਹੋਣਗੇ। ਉਂਝ ਸਵਾਲ ਇਹ ਵੀ ਹੈ: ਕੀ ਪ੍ਰਧਾਨ ਮੰਤਰੀ ਜਾਂ ਕੇਂਦਰ ਸਰਕਾਰ ਦੇ ਧਿਆਨ ਵਿੱਚ ਇਹ ਗੱਲ ਨਹੀਂ ਹੈ ਕਿ ਗੁਜਰਾਤ ਸਰਕਾਰ ਇਸ ਮਾਮਲੇ ਵਿੱਚ ਆਖਿ ?ਰਕਾਰ ਕਰ ਕੀ ਰਹੀ ਹੈ ?

# ਸ਼੍ਰੋਮਣੀ ਅਕਾਲੀ ਦਲ ਦੇ ਆਗੂ ‘ਆਪ’ ਵਿੱਚ ਸ਼ਾਮਲ

**ਰਾਜਪੁਰਾ, 2 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਅਕਾਲੀ ਦਲ ਹਲਕਾ ਰਾਜਪੁਰਾ ਦੇ ਦਿਹਾਤੀ ਪ੍ਰਧਾਨ ਅਤੇ ਕੌਮੀ ਮੀਤ ਪ੍ਰਧਾਨ ਬੀਸੀ ਵਿੰਗ ਜਸਵਿੰਦਰ ਸਿੰਘ ਜ਼ੈਲਦਾਰ ਸਾਥੀਆਂ ਸਮੇਤ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਗਏ।

ਇਸ ਮੌਕੇ ਹਲਕਾ ਵਿਧਾਇਕਾ ਨੀਨਾ ਮਿੱਤਲ ਵੱਲੋਂ ‘ਆਪ’ ਵਿੱਚ ਸ਼ਾਮਲ ਹੋਣ ’ਤੇ ਜਸਵਿੰਦਰ ਸਿੰਘ ਜ਼ੈਲਦਾਰ, ਜਸਵਿੰਦਰ ਸਿੰਘ ਜੱਸੀ, ਜੀਤ ਸਿੰਘ, ਠਾਕੁਰ ਸਿੰਘ, ਰਾਮ ਸਿੰਘ, ਮਨਿੰਦਰ ਸਿੰਘ, ਹੈਪੀ ਸੈਣੀ, ਮਨਿੰਦਰ ਸਿੰਘ ਸੈਣੀ, ਮਨਪ੍ਰੀਤ ਸਿੰਘ ਸੋਢੀ, ਪਾਲੀ ਰਾਮ, ਸੇਵਾ ਸਿੰਘ, ਅਜਮੇਰ ਸਿੰਘ, ਹਰਵਿੰਦਰ ਸਿੰਘ, ਕਰਮ ਸਿੰਘ ਸਮੇਤ ਸ਼ਾਮਲ ਹੋਏ ਹੋਰਾਂ ਦਾ ਪਾਰਟੀ ਵਿੱਚ ਸਵਾਗਤ ਕੀਤਾ। ਇਸ ਦੌਰਾਨ ‘ਆਪ’ ਆਗੂ ਅਜੈ ਮਿੱਤਲ, ਐਡਵੋਕੇਟ ਲਵਿਸ਼ ਮਿੱਤਲ, ਜਤਿੰਦਰ ਸਿੰਘ ਅਬਰਾਵਾਂ, ਸਤਵਿੰਦਰ ਸਿੰਘ, ਸੰਜੇ ਵਾਲੀਆ, ਰਾਜ ਕੁਮਾਰ, ਬਲਵਿੰਦਰ ਸਿੰਘ, ਅਜਮੇਰ ਸਿੰਘ ਸਮੇਤ ਹੋਰ ਸ਼ਖ਼ਸੀਅਤਾਂ ਮੌਜੂਦ ਸਨ।

# ਮੁੱਖ ਮੰਤਰੀ ਵੱਲੋਂ ਸੂਬੇ ਪ੍ਰਤੀ ਸਮਰਪਣ ਅਤੇ ਪ੍ਰਤੀਬੱਧਤਾ ਦਾ ਲਾਮਿਸਾਲ ਪ੍ਰਗਟਾਵਾ, ਹਸਪਤਾਲ ਤੋਂ ਛੁੱਟੀ ਮਿਲਣ ਤੋਂ ਤੁਰੰਤ ਬਾਅਦ ਅਹਿਮ ਮੀਟਿੰਗ ਦੀ ਪ੍ਰਧਾਨਗੀ ਕੀਤੀ

> ➢ ਮੰਡੀਆਂ ਵਿੱਚ ਲਗਭਗ 185 ਲੱਖ ਮੀਟਰਕ ਟਨ ਝੋਨੇ ਦੀ ਖਰੀਦ ਅਤੇ ਲਿਫਟਿੰਗ ਲਈ ਢੁਕਵੀਂ ਵਿਵਸਥਾ ➢ ਡਿਪਟੀ ਕਮਿਸ਼ਨਰਾਂ ਨੂੰ ਕਿਸਾਨਾਂ ਦੀ ਸਹੂਲਤ ਲਈ ਮੰਡੀਆਂ ਦੇ ਦੌਰੇ ਕਰਨ ਦੇ ਆਦੇਸ਼ ➢ ਅੰਨ ਦਾਤਿਆਂ ਨੂੰ ਮੰਡੀਆਂ ਵਿੱਚ ਕਿਸੇ ਕਿਸਮ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਹੀਂ ਕਰਨਾ ਪਵੇਗਾ

**ਚੰਡੀਗੜ੍ਹ, 2 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਕਿਹਾ ਕਿ ਸੂਬਾ ਸਰਕਾਰ ਸਾਉਣੀ ਦੇ ਮੰਡੀਕਰਨ ਸੀਜ਼ਨ ਦੌਰਾਨ ਝੋਨੇ ਦੀ ਫ਼ਸਲ ਖਰੀਦਣ ਲਈ ਪੂਰੀ ਤਰ੍ਹਾਂ ਤਿਆਰ ਹੈ।

ਝੋਨੇ ਦੀ ਖਰੀਦ ਲਈ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਇਕ ਅਕਤੂਬਰ ਤੋਂ ਸ਼ੁਰੂ ਹੋਣ ਵਾਲੇ ਖਰੀਦ ਸੀਜ਼ਨ ਦੌਰਾਨ ਕਿਸਾਨਾਂ ਵੱਲੋਂ 185 ਲੱਖ ਮੀਟਰਕ ਟਨ ਝੋਨਾ ਮੰਡੀਆਂ ਵਿੱਚ ਲਿਆਂਦੇ ਜਾਣ ਦੀ ਉਮੀਦ ਹੈ।ਉਨ੍ਹਾਂ ਕਿਹਾ ਕਿ ਇਸ ਵਾਰ ਸੂਬੇ ਵਿੱਚ 32 ਲੱਖ ਹੈਕਟੇਅਰ ਰਕਬਾ ਝੋਨੇ ਦੀ ਕਾਸ਼ਤ ਹੇਠ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਵਿੱਚ 185 ਲੱਖ ਮੀਟ੍ਰਿਕ ਟਨ ਝੋਨੇ ਦੀ ਖਰੀਦ ਦਾ ਟੀਚਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਭਾਰਤੀ ਰਿਜ਼ਰਵ ਬੈਂਕ ਵੱਲੋਂ ਸਾਉਣੀ ਮੰਡੀਕਰਨ ਸੀਜ਼ਨ 2024-25 ਲਈ 41,378 ਕਰੋੜ ਰੁਪਏ ਪਹਿਲਾਂ ਹੀ ਜਾਰੀ ਕੀਤੇ ਜਾ ਚੁੱਕੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਭਾਰਤ ਸਰਕਾਰ ਨੇ ਇਸ ਸੀਜ਼ਨ ਲਈ ’ਏ’ ਗਰੇਡ ਦੇ ਝੋਨੇ ਲਈ 2320 ਰੁਪਏ ਪ੍ਰਤੀ ਕੁਇੰਟਲ ਘੱਟੋ-ਘੱਟ ਸਮਰਥਨ ਮੁੱਲ (ਐੱਮ.ਐੱਸ.ਪੀ.) ਤੈਅ ਕੀਤਾ ਹੈ।

ਉਨ੍ਹਾਂ ਕਿਹਾ ਕਿ ਸੂਬੇ ਦੀਆਂ ਖਰੀਦ ਏਜੰਸੀਆਂ ਪਨਗ੍ਰੇਨ, ਮਾਰਕਫੈੱਡ, ਪਨਸਪ, ਪੀ.ਐੱਸ.ਡਬਲਯੂ.ਸੀ, ਅਤੇ ਐੱਫ.ਸੀ.ਆਈ. ਵੱਲੋਂ ਭਾਰਤ ਸਰਕਾਰ ਦੁਆਰਾ ਨਿਰਧਾਰਿਤ ਮਾਪਦੰਡਾਂ ਅਨੁਸਾਰ ਘੱਟੋ-ਘੱਟ ਸਮਰਥਨ ਮੁੱਲ ’ਤੇ ਝੋਨੇ ਦੀ ਖਰੀਦ ਕਰਨਗੀਆਂ।

ਭਗਵੰਤ ਸਿੰਘ ਮਾਨ ਨੇ ਕਿਹਾ ਕਿ ਝੋਨੇ ਦੀ ਨਿਰਵਿਘਨ ਅਤੇ ਸੁਚਾਰੂ ਖਰੀਦ ਲਈ ਸਾਰੀਆਂ ਤਿਆਰੀਆਂ ਕਰ ਲਈਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਝੋਨੇ ਦੀ ਨਿਰਵਿਘਨ ਖਰੀਦ ਅਤੇ ਲਿਫਟਿੰਗ ਲਈ ਵਚਨਬੱਧ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਕਿਸਾਨਾਂ ਦੀ ਫ਼ਸਲ ਮੰਡੀਆਂ ਵਿੱਚ ਪਹੁੰਚਦੇ ਸਾਰ ਹੀ ਖ਼ਰੀਦਣ ਲਈ ਪਹਿਲਾਂ ਹੀ ਪੁਖਤਾ ਪ੍ਰਬੰਧ ਕਰ ਲਏ ਹਨ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਮੌਕੇ ’ਤੇ ਹੀ ਅਦਾਇਗੀ ਯਕੀਨੀ ਬਣਾਉਣ ਲਈ ਢੁਕਵੀਂ ਵਿਧੀ ਵਿਕਸਿਤ ਕੀਤੀ ਗਈ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਮੰਡੀਆਂ ਵਿੱਚ ਅਨਾਜ ਦੀ ਨਿਰਵਿਘਨ ਖਰੀਦ ਨੂੰ ਯਕੀਨੀ ਬਣਾਉਣ ਦੀ ਵਿਵਸਥਾ ਕੀਤੀ ਗਈ ਹੈ ਤਾਂ ਜੋ ਕਿਸਾਨਾਂ ਨੂੰ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ।

ਮੁੱਖ ਮੰਤਰੀ ਨੇ ਕਿਹਾ ਕਿ ਝੋਨੇ ਦੀ ਨਿਰਵਿਘਨ, ਸੁਚਾਰੂ ਅਤੇ ਤੇਜ਼ੀ ਨਾਲ ਖਰੀਦ ਨੂੰ ਯਕੀਨੀ ਬਣਾਉਣ ਲਈ ਹਰ ਸੰਭਵ ਯਤਨ ਕਰਨ ਦੇ ਨਾਲ ਨਾਲ ਕਿਸਾਨਾਂ ਨੂੰ ਉਨ੍ਹਾਂ ਦੀ ਉਪਜ ਦੀ ਸਮੇਂ ਸਿਰ ਅਦਾਇਗੀ ਕਰਨ ਲਈ ਸਪੱਸ਼ਟ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਉਨ੍ਹਾਂ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਸੂਬੇ ਦੇ ਕਿਸਾਨਾਂ ਨੂੰ ਮੰਡੀਆਂ ਵਿੱਚ ਆਪਣੀ ਫ਼ਸਲ ਦੀ ਵਿਕਰੀ ਲਈ ਕਿਸੇ ਕਿਸਮ ਦੀ ਦਿੱਕਤ ਨਹੀਂ ਹੋਣੀ ਚਾਹੀਦੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਕਿਸਾਨਾਂ ਦੇ ਇੱਕ-ਇੱਕ ਦਾਣੇ ਦੀ ਤੁਰੰਤ ਖਰੀਦ ਅਤੇ ਚੁਕਾਈ ਨੂੰ ਯਕੀਨੀ ਬਣਾਉਣ ਲਈ ਵਚਨਬੱਧ ਹੈ।

ਮੁੱਖ ਮੰਤਰੀ ਨੇ ਡਿਪਟੀ ਕਮਿਸ਼ਨਰਾਂ ਨੂੰ ਮੰਡੀਆਂ ਵਿੱਚ ਝੋਨੇ ਦੀ ਸੁਚਾਰੂ ਖਰੀਦ ਪ੍ਰਕਿਰਿਆ ਨੂੰ ਯਕੀਨੀ ਬਣਾਉਣ ਦੇ ਨਾਲ-ਨਾਲ ਆਪੋ-ਆਪਣੇ ਜ਼ਿਲ੍ਹਿਆਂ ਵਿੱਚ ਫ਼ਸਲ ਦੀ ਤੁਰੰਤ ਚੁਕਾਈ ਨੂੰ ਯਕੀਨੀ ਬਣਾਉਣ ਲਈ ਵੀ ਕਿਹਾ। ਉਨ੍ਹਾਂ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਇਸ ਜ਼ਿੰਮੇਵਾਰੀ ਨੂੰ ਨਿਭਾਉਣ ਵਿੱਚ ਕਿਸੇ ਵੀ ਕਿਸਮ ਦੀ ਢਿੱਲ-ਮੱਠ ਜਾਂ ਕੁਤਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਕਿਸਾਨਾਂ ਦੀ ਸਹੂਲਤ ਲਈ ਉਨ੍ਹਾਂ ਦੀ ਫ਼ਸਲ ਦੀ ਤੁਰੰਤ ਖਰੀਦ ਅਤੇ ਚੁਕਾਈ ਨੂੰ ਯਕੀਨੀ ਬਣਾਉਣ ਦੀ ਲੋੜ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਝੋਨੇ ਦੀ ਸੁਚਾਰੂ ਅਤੇ ਨਿਰਵਿਘਨ ਖਰੀਦ ਲਈ ਵਚਨਬੱਧ ਹੈ ਅਤੇ ਇਹ ਅਧਿਕਾਰੀਆਂ ਦੀ ਡਿਊਟੀ ਬਣਦੀ ਹੈ ਕਿ ਉਹ ਸਰਕਾਰ ਦੇ ਫੈਸਲੇ ਨੂੰ ਸਹੀ ਅਰਥਾਂ ਵਿੱਚ ਲਾਗੂ ਕਰਨਾ ਯਕੀਨੀ ਬਣਾਉਣ।

ਮੁੱਖ ਮੰਤਰੀ ਨੇ ਡਿਪਟੀ ਕਮਿਸ਼ਨਰਾਂ ਨੂੰ ਜ਼ਮੀਨੀ ਪੱਧਰ ’ਤੇ ਸਮੁੱਚੇ ਕਾਰਜਾਂ ਦਾ ਜਾਇਜ਼ਾ ਲੈਣ ਲਈ ਰੋਜ਼ਾਨਾ 7-8 ਮੰਡੀਆਂ ਦਾ ਦੌਰਾ ਕਰਨ ਲਈ ਵੀ ਕਿਹਾ।

ਉਨ੍ਹਾਂ ਕਿਹਾ ਕਿ ਅਧਿਕਾਰੀ ਆਪਣੇ ਅਧਿਕਾਰ ਖੇਤਰ ਅਧੀਨ ਆਉਂਦੀਆਂ ਅਨਾਜ ਮੰਡੀਆਂ ਦਾ ਲਗਾਤਾਰ ਦੌਰਾ ਕਰਨ ਅਤੇ ਨਿਰੰਤਰ ਨਿਗਰਾਨੀ ਲਈ ਰੋਜ਼ਾਨਾ ਰਿਪੋਰਟ ਪੇਸ਼ ਕਰਨ। ਭਗਵੰਤ ਸਿੰਘ ਮਾਨ ਨੇ ਅਧਿਕਾਰੀਆਂ ਨੂੰ ਖਰੀਦ ਕਾਰਜਾਂ ’ਤੇ ਬਾਰੀਕੀ ਨਾਲ ਨਜ਼ਰ ਰੱਖਣ ਲਈ ਵੀ ਕਿਹਾ ਤਾਂ ਜੋ ਮੰਡੀਆਂ ਵਿੱਚ ਫ਼ਸਲ ਦੇ ਢੇਰ ਨਾ ਲੱਗਣ ਅਤੇ ਇਸ ਦੀ ਜਲਦੀ ਤੋਂ ਜਲਦੀ ਚੁਕਾਈ ਨੂੰ ਯਕੀਨੀ ਬਣਾਇਆ ਜਾ ਸਕੇ।

ਇਸ ਦੌਰਾਨ ਮੁੱਖ ਮੰਤਰੀ ਨੇ ਅਹਿਮ ਫੈਸਲੇ ਵਿੱਚ ਚੌਲ ਮਿੱਲ ਮਾਲਕਾਂ ਨੂੰ ਵੱਡੀ ਰਾਹਤ ਦਿੰਦਿਆਂ ਕਿਹਾ ਕਿ ਖਰੀਦ ਸੀਜ਼ਨ 2024-25 ਲਈ ਕਸਟਮ ਮਿਲਿੰਗ ਦੀ ਅਲਾਟਮੈਂਟ ਵਾਸਤੇ ਸਭ ਤੋਂ ਪਹਿਲਾਂ ਅਪਲਾਈ ਕਰਨ ਵਾਲੇ 750 ਮਿੱਲ ਮਾਲਕਾਂ ਨੂੰ ਨੀਤੀ ਅਨੁਸਾਰ ਅਲਾਟ ਕੀਤੇ ਝੋਨੇ ਤੋਂ 25 ਫੀਸਦੀ ਵੱਧ ਝੋਨਾ ਅਲਾਟ ਕੀਤਾ ਜਾਵੇਗਾ।

# ਰਾਜਪਾਲ ਨੇ ਦੇਸ਼ ਅਤੇ ਵਿਸ਼ਵ ਨੂੰ ਬਿਹਤਰ ਤੇ ਸ਼ਾਂਤੀਪੂਰਨ ਸਥਾਨ ਬਣਾਉਣ ਲਈ ਸਰਵ ਧਰਮ ਸੰਗਮ ਦੀ ਭਾਵਨਾ ਨੂੰ ਅਪਨਾਉਣ ਦੀ ਲੋੜ ’ਤੇ ਦਿੱਤਾ ਜ਼ੋਰ

> ➢ ਜੈਨ ਧਰਮ ਨੇ ਹਮੇਸ਼ਾ ਸ਼ਾਂਤੀ, ਅਹਿੰਸਾ ਤੇ ਸਹਿਯੋਗ ਦਾ ਪ੍ਰਚਾਰ-ਪਸਾਰ ਕੀਤਾ ➢ ਜਲੰਧਰ ਵਿਖੇ ‘ਵਿਰਾਟ ਸਰਵ ਧਰਮ ਸੰਗਮ’ ਵਿੱਚ ਕੀਤੀ ਸ਼ਿਰਕਤ

**ਜਲੰਧਰ, 2 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਰਾਜਪਾਲ ਸ਼੍ਰੀ ਗੁਲਾਬ ਚੰਦ ਕਟਾਰੀਆ ਨੇ ਦੇਸ਼ ਅਤੇ ਵਿਸ਼ਵ ਨੂੰ ਬਿਹਤਰ ਅਤੇ ਸ਼ਾਂਤੀਪੂਰਨ ਸਥਾਨ ਬਣਾਉਣ ਲਈ ਸਰਵ ਧਰਮ ਸੰਗਮ ਦੀ ਭਾਵਨਾ ਨੂੰ ਅਪਨਾਉਣ ਦੀ ਲੋੜ ’ਤੇ ਜ਼ੋਰ ਦਿੱਤਾ।

ਉਹ ਅੱਜ ਇਥੇ ਐਸ.ਐਸ.ਜੈਨ ਸਭਾ ਜਲੰਧਰ ਵੱਲੋਂ ਅਚਾਰੀਆ ਸ਼੍ਰੀ ਆਤਮ ਮਨੋਹਰ ਜਨਮ ਜਯੰਤੀ ਮੌਕੇ ਕਰਵਾਏ ਗਏ ‘ਵਿਰਾਟ ਸਰਵ ਧਰਮ ਸੰਗਮ’ ਵਿੱਚ ਸ਼ਿਰਕਤ ਕਰਨ ਪਹੁੰਚੇ ਸਨ। ਇਸ ਮੌਕੇ ਉਨ੍ਹਾਂ ਨਾਲ ਉਨ੍ਹਾਂ ਦੀ ਧਰਮਪਤਨੀ ਸ਼੍ਰੀਮਤੀ ਅਨੀਤਾ ਕਟਾਰੀਆ ਵੀ ਮੌਜੂਦ ਸਨ।

ਆਪਣੇ ਸੰਬੋਧਨ ਦੌਰਾਨ ਰਾਜਪਾਲ ਸ਼੍ਰੀ ਕਟਾਰੀਆ ਨੇ ਕਿਹਾ ਕਿ ਅੱਜ ਵਿਸ਼ਵ ਵਿੱਚ ਸ਼ਾਂਤੀ, ਏਕਤਾ ਅਤੇ ਮਨੁੱਖਤਾ ਦੇ ਆਦਰਸ਼ਾਂ ਨੂੰ ਮਜ਼ਬੂਤ ਕਰਨ ਲਈ ਸਰਵ ਧਰਮ ਸੰਗਮ ਦੀ ਮਹੱਤਤਾ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਇਹ ਇਕ ਅਜਿਹਾ ਮੰਚ ਹੈ, ਜਿਥੇ ਸਾਰੇ ਧਰਮਾਂ ਦੇ ਲੋਕ ਆਪੋ-ਆਪਣੇ ਵਿਚਾਰ, ਵਿਸ਼ਵਾਸ ਅਤੇ ਆਸਥਾਵਾਂ ਨੂੰ ਨਾਲ ਲੈ ਕੇ ਏਕਤਾ ਅਤੇ ਸਦਭਾਵਨਾ ਨਾਲ ਮਿਲਦੇ ਹਨ। ਜੈਨ ਧਰਮ ਦੀ ਮਹਾਨਤਾ ਦਾ ਜ਼ਿਕਰ ਕਰਦਿਆਂ ਰਾਜਪਾਲ ਨੇ ਕਿਹਾ ਕਿ ਜੈਨ ਧਰਮ ਦੀ ਪੂਰੇ ਵਿਸ਼ਵ ਨੂੰ ਇਕ ਮਹਾਨ ਦੇਣ ਹੈ, ਜਿਸ ਨੇ ਹਮੇਸ਼ਾ ਸ਼ਾਂਤੀ, ਅਹਿੰਸਾ ਅਤੇ ਸਹਿਯੋਗ ਦਾ ਪ੍ਰਚਾਰ-ਪਸਾਰ ਕੀਤਾ। ਉਨ੍ਹਾਂ ਕਿਹਾ ਕਿ ਜੈਨ ਧਰਮ ਮਨੁੱਖ ਦੀ ਭਲਾਈ ਦੇ ਨਾਲ-ਨਾਲ ਧਰਤੀ ’ਤੇ ਮੌਜੂਦ ਹਰ ਪ੍ਰਾਣੀ, ਪੇੜ, ਪੰਛੀ ਆਦਿ ਪ੍ਰਤੀ ਅਹਿੰਸਾ, ਪ੍ਰੇਮ ਅਤੇ ਸਨੇਹ ਦਾ ਸੰਦੇਸ਼ ਦਿੰਦਾ ਹੈ।

ਵਿਸ਼ੇਸ਼ ਸਮਾਗਮ ਆਯੋਜਿਤ ਕਰਨ ਦੀ ਇਸ ਪਹਿਲਕਦਮੀ ਲਈ ਐਸ.ਐਸ.ਜੈਨ ਸਭਾ ਦੀ ਸ਼ਲਾਘਾ ਕਰਦਿਆਂ ਰਾਜਪਾਲ ਨੇ ਕਿਹਾ ਕਿ ਇਹ ਇਕ ਵਿਲੱਖਣ ਪਹਿਲ ਹੈ, ਜਿਸ ਵਿੱਚ ਵੱਖ-ਵੱਖ ਧਰਮਾਂ, ਪ੍ਰੰਪਰਾਵਾਂ ਦੇ ਸੰਤਾਂ-ਮਹਾਂਪੁਰਖਾ ਨੇ ਇਕ ਮੰਚ ਤੋਂ ਏਕਤਾ ਅਤੇ ਆਪਸੀ ਸਤਿਕਾਰ ਦਾ ਵਡਮੁੱਲਾ ਸੰਦੇਸ਼ ਦਿੱਤਾ ਹੈ। ਉਨ੍ਹਾਂ ਕਿਹਾ ਕਿ ਅੱਜ ਦੇ ਇਸ ਸਮਾਗਮ ਤੋਂ ਸਾਨੂੰ ਇਕਜੁੱਟ ਹੋ ਕੇ ਬਿਹਤਰ ਸਮਾਜ ਦੀ ਸਿਰਜਣਾ ਦੀ ਪ੍ਰੇਰਨਾ ਲੈਣੀ ਚਾਹੀਦੀ ਹੈ। ਦੇਸ਼ ਅਤੇ ਵਿਸ਼ਵ ਦੀ ਭਲਾਈ ਲਈ ਉਨ੍ਹਾਂ ਮੰਚ ’ਤੇ ਬਿਰਾਜਮਾਨ ਸੰਤਾਂ-ਮਹਾਂਪੁਰਖਾਂ ਨੂੰ ਸਾਰੇ ਵਰਗਾਂ ਵਿੱਚ ਸਦਭਾਵ ਅਤੇ ਸਹਿਯੋਗ ਨੂੰ ਉਤਸ਼ਾਹਿਤ ਕਰਨ ਲਈ ਇਸ ਉਪਰਾਲੇ ਨੂੰ ਹੋਰ ਅੱਗੇ ਲਿਜਾਣ ਦੀ ਅਪੀਲ ਕੀਤੀ।



ਇਸ ਦੌਰਾਨ ਵੱਖ-ਵੱਖ ਧਰਮਾਂ ਤੇ ਸੰਪਰਦਾਵਾਂ ਦੀ ਨੁਮਾਇੰਦਗੀ ਕਰ ਰਹੇ ਸੰਤਾਂ-ਮਹਾਂ ਪੁਰਖਾਂ ਵੱਲੋਂ ਆਪੋ-ਆਪਣੇ ਧਰਮਾਂ ਦੇ ਸਿਧਾਂਤਾ ਨੂੰ ਉਜਾਗਰ ਕਰਦਿਆਂ ਲੋਕਾਂ ਨੂੰ ਆਪਸੀ ਭਾਈਚਾਰੇ ਅਤੇ ਸਦਭਾਵਨਾ ਨਾਲ ਰਹਿਣ ਦੀ ਪ੍ਰੇਰਨਾ ਦਿੰਦਿਆਂ ਆਦਰਸ਼ ਸਮਾਜ ਦੀ ਸਿਰਜਣਾ ਵਿੱਚ ਯੋਗਦਾਨ ਪਾਉਣ ਦਾ ਸੰਦੇਸ਼ ਦਿੱਤਾ ਗਿਆ।

ਇਸ ਮੌਕੇ ਕੈਬਨਿਟ ਮੰਤਰੀ ਅਮਨ ਅਰੋੜਾ ਅਤੇ ਮਹਿੰਦਰ ਭਗਤ, ਰਾਜ ਸਭਾ ਮੈਂਬਰ ਡਾ. ਅਸ਼ੋਕ ਕੁਮਾਰ ਮਿੱਤਲ, ਹਲਕਾ ਵਿਧਾਇਕ ਵਿਜੈ ਬਾਂਸਲ, ਡਿਪਟੀ ਕਮਿਸ਼ਨਰ ਜਲੰਧਰ ਡਾ. ਹਿਮਾਂਸ਼ੂ ਅਗਰਵਾਲ, ਐਸ.ਐਸ. ਜੈਨ ਸਭਾ ਜਲੰਧਰ ਦੇ ਪ੍ਰਧਾਨ ਸਤਿਆ ਪਾਲ ਜੈਨ ਅਤੇ ਹੋਰ ਸ਼ਖ਼ਸੀਅਤਾਂ ਮੌਜੂਦ ਸਨ।

# ਖੁਰਾਕ, ਸਿਵਲ ਸਪਲਾਈ ਅਤੇ ਖ਼ਪਤਕਾਰ ਮਾਮਲੇ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਝੋਨੇ ਦੇ ਖਰੀਦ ਪ੍ਰਬੰਧਾਂ ਦਾ ਲਿਆ ਜਾਇਜ਼ਾ

## ਅਧਿਕਾਰੀਆਂ ਨੂੰ ਝੋਨੇ ਦੀ ਨਿਰਵਿਘਨ ਖਰੀਦ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼

**ਚੰਡੀਗੜ੍ਹ, 2 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਦੇ ਖੁਰਾਕ, ਸਿਵਲ ਸਪਲਾਈ ਅਤੇ ਖ਼ਪਤਕਾਰ ਮਾਮਲੇ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਅੱਜ ਖੁਰਾਕ ਅਤੇ ਸਿਵਲ ਸਪਲਾਈ ਵਿਭਾਗ ਦੇ ਉੱਚ ਅਧਿਕਾਰੀਆਂ ਨਾਲ ਸਮੀਖਿਆ ਮੀਟਿੰਗ ਕੀਤੀ ਅਤੇ ਅੰਤਰ-ਰਾਜੀ ਸਰਹੱਦਾਂ ’ਤੇ ਟੀਮਾਂ ਦੀ ਤਾਇਨਾਤੀ ਲਈ ਪੁਲਿਸ ਵਿਭਾਗ ਨਾਲ ਤਾਲਮੇਲ ਕਰਨ ਦੇ ਨਿਰਦੇਸ਼ ਦਿੱਤੇ ਤਾਂ ਜੋ ਅਗਾਮੀ ਸਾਉਣੀ ਸੀਜ਼ਨ ਦੌਰਾਨ ਸੂਬੇ ਤੋਂ ਬਾਹਰੋਂ ਗੈਰ-ਕਾਨੂੰਨੀ ਰੀਸਾਈਕਲ ਝੋਨੇ/ਚਾਵਲ ਨੂੰ ਪੰਜਾਬ ਵਿੱਚ ਦਾਖਲ ਹੋਣ ਤੋਂ ਰੋਕਿਆ ਜਾ ਸਕੇ ਅਤੇ ਝੋਨੇ ਦੀ ਜਾਅਲੀ ਬਿਲਿੰਗ ਤੋਂ ਬਚਿਆ ਜਾ ਸਕੇ।

ਝੋਨੇ ਦੀ ਖਰੀਦ ਸਬੰਧੀ ਕੀਤੇ ਗਏ ਪ੍ਰਬੰਧਾਂ ’ਤੇ ਤਸੱਲੀ ਪ੍ਰਗਟ ਕਰਦਿਆਂ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਕਿਸਾਨਾਂ ਲਈ ਉਨ੍ਹਾਂ ਦੀ ਫਸਲ ਦੀ ਨਿਰਵਿਘਨ ਖਰੀਦ ਯਕੀਨੀ ਬਣਾਉਣ ਲਈ ਪੂਰੀ ਤਰ੍ਹਾਂ ਤਿਆਰ ਹੈ।

ਸਾਰੇ ਭਾਈਵਾਲਾਂ ਲਈ ਸੀਜ਼ਨ ਦੌਰਾਨ ਨਿਰਵਿਘਨ ਖਰੀਦ ਨੂੰ ਯਕੀਨੀ ਬਣਾਉਣ ਸਬੰਧੀ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਮੰਤਰੀ ਨੇ ਉੱਚ ਅਧਿਕਾਰੀਆਂ ਨੂੰ ਸੂਬੇ ਦੇ ਚੌਲ ਮਿੱਲਰਾਂ ਦੇ ਸਾਰੇ ਜਾਇਜ਼ ਮੁੱਦਿਆਂ ’ਤੇ ਵਿਚਾਰ ਕਰਨ ਲਈ ਕਿਹਾ, ਜਿਸ ਵਿੱਚ ਭਾਰਤੀ ਖੁਰਾਕ ਨਿਗਮ (ਐਫ.ਸੀ.ਆਈ.) ਕੋਲ ਜਗ੍ਹਾ ਦੀ ਘਾਟ ਦਾ ਮੁੱਦਾ ਵੀ ਸ਼ਾਮਿਲ ਹੈ।

ਦੱਸਣਯੋਗ ਹੈ ਕਿ ਐਫ.ਸੀ.ਆਈ. ਕੋਲ ਥਾਂ ਦੀ ਕਿੱਲਤ ਸਬੰਧੀ ਮੁੱਦਾ ਸੂਬਾ ਸਰਕਾਰ ਵੱਲੋਂ ਪਹਿਲਾਂ ਹੀ ਕੇਂਦਰ ਸਰਕਾਰ ਕੋਲ ਉਠਾਇਆ ਗਿਆ ਹੈ।

ਮੀਟਿੰਗ ਦੌਰਾਨ ਪ੍ਰਮੁੱਖ ਸਕੱਤਰ ਖੁਰਾਕ ਸ੍ਰੀ ਵਿਕਾਸ ਗਰਗ ਨੇ ਮੰਤਰੀ ਨੂੰ ਜਾਣੂ ਕਰਵਾਇਆ ਕਿ ਸੂਬਾ ਸਰਕਾਰ ਵੱਲੋਂ ਸਾਉਣੀ ਮੰਡੀਕਰਨ ਸੀਜ਼ਨ 2024-25 ਦੇ ਚੌਲਾਂ ਦੀ ਡਿਲਿਵਰੀ ਲਈ ਲੋੜੀਂਦੀ ਥਾਂ ਦੀ ਮੰਗ ਦੇ ਜਵਾਬ ਵਿੱਚ ਕੇਂਦਰੀ ਮੰਤਰਾਲੇ ਨੇ ਦਸੰਬਰ 2024 ਤੱਕ 40 ਲੱਖ ਮੀਟਰਕ ਟਨ ਝੋਨੇ ਲਈ ਥਾਂ ਬਣਾਉਣ ਦਾ ਲਿਖਤੀ ਭਰੋਸਾ ਦਿੱਤਾ ਹੈ ਅਤੇ ਨਾਲ ਹੀ ਅਕਤੂਬਰ ਦੇ ਅੰਤ ਤੱਕ 15 ਲੱਖ ਮੀਟਰਕ ਟਨ ਚਾਵਲ/ਝੋਨਾ ਸੂਬੇ ਵਿੱਚੋਂ ਲੈ ਜਾਣ ਦਾ ਭਰੋਸਾ ਵੀ ਦਿੱਤਾ ਹੈ।

ਮੰਤਰੀ ਨੇ ਵਿਭਾਗ ਨੂੰ ਸਟਾਕ ਲੈ ਜਾਣ ਸਬੰਧੀ ਐਫ.ਸੀ.ਆਈ. ਅਤੇ ਡੀ.ਐਫ.ਪੀ.ਡੀ., ਭਾਰਤ ਸਰਕਾਰ ਨਾਲ ਨਜ਼ਦੀਕੀ ਤਾਲਮੇਲ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਤਾਂ ਜੋ ਸਾਉਣੀ ਮੰਡੀਕਰਨ ਸੀਜ਼ਨ 2024-25 ਦੇ ਚੌਲਾਂ ਦੀ ਡਿਲਿਵਰੀ ਲਈ ਲੋੜੀਂਦੀ ਥਾਂ ਬਣਾਈ ਜਾ ਸਕੇ।

ਮੰਤਰੀ ਨੇ ਕਿਹਾ ਕਿ ਭਾਰਤ ਸਰਕਾਰ ਵੱਲੋਂ ਚੌਲਾਂ ਦੀ ਬਰਾਮਦ ਲਈ ਨਿਰਯਾਤ ਡਿਊਟੀ ਵਿੱਚ ਕਟੌਤੀ ਨਾਲ ਅਨਾਜ ਲਈ ਥਾਂ ਬਣਾਉਣ ਵਿੱਚ ਮਦਦ ਮਿਲੇਗੀ।

ਜ਼ਿਕਰਯੋਗ ਹੈ ਕਿ ਸੂਬੇ ਵਿੱਚ 2 ਅਕਤੂਬਰ ਤੋਂ ਸ਼ੁਰੂ ਹੋਣ ਵਾਲੇ ਸੀਜ਼ਨ ਦੌਰਾਨ ਕਿਸਾਨਾਂ ਵੱਲੋਂ ਮੰਡੀਆਂ ਵਿੱਚ ਲਿਆਂਦੇ ਜਾਣ ਵਾਲੇ 185 ਲੱਖ ਮੀਟਰਕ ਟਨ ਝੋਨੇ ਦੀ ਖਰੀਦ ਕੀਤੇ ਜਾਣ ਦੀ ਉਮੀਦ ਹੈ।

ਸੂਬੇ ਵਿੱਚ ਝੋਨੇ ਦੀ ਕਾਸ਼ਤ ਅਧੀਨ ਰਕਬਾ 32 ਲੱਖ ਹੈਕਟੇਅਰ ਹੈ ਜਿਸ ਨਾਲ ਪੰਜਾਬ ਸਰਕਾਰ ਨੇ 185 ਲੱਖ ਮੀਟ੍ਰਿਕ ਟਨ ਝੋਨੇ ਦੀ ਖਰੀਦ ਦਾ ਟੀਚਾ ਮਿੱਥਿਆ ਹੈ। ਇਸ ਟੀਚੇ ਲਈ ਸਾਉਣੀ ਸੀਜ਼ਨ 2024-25 ਵਾਸਤੇ ਆਰ.ਬੀ.ਆਈ. ਵੱਲੋਂ 41,378 ਕਰੋੜ ਰੁਪਏ ਦੀ ਨਕਦ ਕਰਜ਼ਾ ਹੱਦ (ਸੀ.ਸੀ.ਐਲ.) ਪਹਿਲਾਂ ਹੀ ਜਾਰੀ ਕੀਤੀ ਜਾ ਚੁੱਕੀ ਹੈ।

ਮੀਟਿੰਗ ਵਿੱਚ ਖੁਰਾਕ ਤੇ ਸਪਲਾਈ ਵਿਭਾਗ ਦੇ ਪ੍ਰਮੁੱਖ ਸਕੱਤਰ ਵੱਲੋਂ ਮੰਤਰੀ ਨੂੰ ਜਾਣੂੰ ਕਰਵਾਇਆ ਗਿਆ ਕਿ ਚੌਲ ਮਿੱਲਰਾਂ ਦੇ ਮੁੱਖ ਮੁੱਦਿਆਂ ਜਿਵੇਂ ਕਿ ਐਮ.ਐਸ.ਪੀ ਦੇ 1% ਤੱਕ ਡਰੇਆਜ ਚਾਰਜਿਜ਼ ਨੂੰ ਬਹਾਲ ਕਰਨ, ਚੌਲਾਂ ਨੂੰ ਦੂਰ-ਦੁਰਾਡੇ ਦੇ ਖੇਤਰਾਂ ਤੱਕ ਪਹੁੰਚਾਉਣ ਲਈ ਟਰਾਂਸਪੋਰਟੇਸ਼ਨ ਖਰਚਿਆਂ ਦੀ ਭਰਪਾਈ ਆਦਿ ਨੂੰ ਭਾਰਤ ਸਰਕਾਰ ਦੇ ਖੁਰਾਕ ਤੇ ਜਨਤਕ ਵੰਡ ਮੰਤਰਾਲੇ ਕੋਲ ਜ਼ੋਰ ਨਾਲ ਉਠਾਇਆ ਗਿਆ ਹੈ।

ਕੈਬਨਿਟ ਮੰਤਰੀ ਨੇ ਰਾਈਸ ਮਿੱਲਰਾਂ ਦੇ ਸਾਰੇ ਜਾਇਜ਼ ਮੁੱਦਿਆਂ ਦੇ ਸਮੇਂ ਸਿਰ ਅਤੇ ਪ੍ਰਭਾਵਸ਼ਾਲੀ ਹੱਲ ਨੂੰ ਯਕੀਨੀ ਬਣਾਉਣ ਲਈ ਪ੍ਰਮੁੱਖ ਸਕੱਤਰ ਖੁਰਾਕ ਸਪਲਾਈ ਨੂੰ ਕੇਂਦਰੀ ਮੰਤਰਾਲੇ ਦੇ ਅਧਿਕਾਰੀਆਂ ਨਾਲ ਲਗਾਤਾਰ ਤਾਲਮੇਲ ਬਣਾ ਕੇ ਰੱਖਣ ਲਈ ਕਿਹਾ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨਿਰਧਾਰਿਤ ਨੇਮਾਂ ਦੀ ਸਖਤੀ ਨਾਲ ਪਾਲਣਾ ਕਰਦਿਆਂ ਕਿਸਾਨਾਂ ਦੀ ਫ਼ਸਲ ਦੀ ਨਿਰਵਿਘਨ, ਸੁਚਾਰੂ ਅਤੇ ਮੁਸ਼ਕਿਲ ਰਹਿਤ ਖਰੀਦ ਨੂੰ ਯਕੀਨੀ ਬਣਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

ਜ਼ਿਕਰਯੋਗ ਹੈ ਕਿ ਭਾਰਤ ਸਰਕਾਰ ਨੇ ਇਸ ਸੀਜ਼ਨ ’ਚ ਗ੍ਰੇਡ ’ਏ’ ਝੋਨੇ ਲਈ ਘੱਟੋ-ਘੱਟ ਸਮਰਥਨ ਮੁੱਲ 2320 ਰੁਪਏ ਪ੍ਰਤੀ ਕੁਇੰਟਲ ਤੈਅ ਕੀਤਾ ਹੈ। ਸੂਬੇ ਦੀ ਚਾਰ ਖਰੀਦ ਏਜੰਸੀਆਂ ਪਨਗ੍ਰੇਨ, ਮਾਰਕਫੈੱਡ, ਪਨਸਪ, ਪੀ.ਐਸ.ਡਬਲਯੂ.ਸੀ ਅਤੇ ਕੇਂਦਰੀ ਖਰੀਦ ਏਜੰਸੀ ਐਫ.ਸੀ.ਆਈ, ਭਾਰਤ ਸਰਕਾਰ ਦੁਆਰਾ ਨਿਰਧਾਰਿਤ ਨਿਯਮਾਂ ਅਨੁਸਾਰ ਘੱਟੋ-ਘੱਟ ਸਮਰਥਨ ਮੁੱਲ ’ਤੇ ਝੋਨੇ ਦੀ ਖਰੀਦ ਕਰਨਗੀਆਂ।

ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਪ੍ਰਮੁੱਖ ਸਕੱਤਰ ਖੁਰਾਕ ਤੇ ਸਪਲਾਈ ਵਿਕਾਸ ਗਰਗ, ਡਾਇਰੈਕਟਰ ਖੁਰਾਕ ਤੇ ਸਪਲਾਈਜ਼ ਪੁਨੀਤ ਗੋਇਲ, ਵਧੀਕ ਸਕੱਤਰ ਕਮਲ ਕੁਮਾਰ ਗਰਗ, ਵਧੀਕ ਮੈਨੇਜਿੰਗ ਡਾਇਰੈਕਟਰ ਪਨਗ੍ਰੇਨ ਰਾਕੇਸ਼ ਪੋਪਲੀ, ਵਧੀਕ ਡਾਇਰੈਕਟਰ ਰਾਈਸ ਅਜੈਵੀਰ ਸਿੰਘ ਸਰਾਓ ਹਾਜ਼ਿਰ ਸਨ।

# ਪੰਜਾਬ ਪੁਲਿਸ ਨੇ ਸਰਹੱਦ ਪਾਰੋਂ ਤਸਕਰੀ ਦੇ ਰੈਕੇਟ ਦਾ ਕੀਤਾ ਪਰਦਾਫਾਸ਼; 6 ਕਿਲੋ ਹੈਰੋਇਨ, ਗੋਲੀ ਸਿੱਕਾ ਬਰਾਮਦ

> ➢ ਪੰਜਾਬ ਪੁਲਿਸ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਵਚਨਬੱਧ ➢ ਮੁਲਜ਼ਮ ਫਰਾਰ ਹੋਣ ’ਚ ਕਾਮਯਾਬ, ਉਸ ਨੂੰ ਫੜਨ ਲਈ ਛਾਪੇਮਾਰੀ ਜਾਰੀ: ਡੀਜੀਪੀ ਗੌਰਵ ਯਾਦਵ ➢ ਫਰਾਰ ਮੁਲਜ਼ਮ ਡਰੋਨਾਂ ਰਾਹੀਂ ਸਰਹੱਦ ਪਾਰੋਂ ਗੈਰ-ਕਾਨੂੰਨੀ ਸਮੱਗਰੀ ਕਰ ਰਿਹਾ ਸੀ ਪ੍ਰਾਪਤ, ਜਾਂਚ ਦੌਰਾਨ ਹੋਇਆ ਖੁਲਾਸਾ

**ਚੰਡੀਗੜ੍ਹ, 2 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-:**

ਸੂਬੇ ਵਿੱਚੋਂ ਨਸ਼ਿਆਂ ਦੇ ਖ਼ਾਤਮੇ ਲਈ ਵਿੱਢੀ ਮੁਹਿੰਮ ਦੌਰਾਨ ਪੰਜਾਬ ਪੁਲਿਸ ਦੀ ਕਾਊਂਟਰ ਇੰਟੈਲੀਜੈਂਸ (ਸੀ.ਆਈ.) ਅੰਮ੍ਰਿਤਸਰ ਨੇ ਵੱਡੀ ਸਫਲਤਾ ਹਾਸਲ ਕਰਦਿਆਂ 6 ਕਿਲੋ ਹੈਰੋਇਨ, .30 ਬੋਰ ਦੇ 67 ਜਿੰਦਾ ਕਾਰਤੂਸ ਅਤੇ ਦੋ ਮੈਗਜ਼ੀਨਾਂ ਬਰਾਮਦ ਕਰਕੇ ਸਰਹੱਦ ਪਾਰੋਂ ਹੈਰੋਇਨ ਤਸਕਰੀ ਦੇ ਰੈਕਟ ਦਾ ਪਰਦਾਫਾਸ਼ ਕੀਤਾ ਹੈ। ਹਲਾਂਕਿ ਇਸ ਬਰਾਮਦਗੀ ਵਿੱਚ ਸ਼ਾਮਲ ਦੋਸ਼ੀ ਫਰਾਰ ਹੋਣ ਵਿੱਚ ਕਾਮਯਾਬ ਹੋ ਗਿਆ। ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ।

ਵੱਡੀ ਮਾਤਰਾ ਵਿੱਚ ਹੈਰੋਇਨ ਅਤੇ ਅਸਲਾ ਬਰਾਮਦ ਕਰਨ ਤੋਂ ਇਲਾਵਾ, ਪੁਲਿਸ ਟੀਮਾਂ ਨੇ ਦੋਸ਼ੀ ਵੱਲੋਂ ਸੁੱਟੇ ਗਏ ਬੈਗ ਵਿੱਚੋਂ ਐਪਲ ਆਈਫੋਨ 11 ਪ੍ਰੋ ਸਮੇਤ ਛੇ ਮੋਬਾਈਲ ਫੋਨ ਅਤੇ ਜੀਓ ਡੋਂਗਲ ਵੀ ਬਰਾਮਦ ਕੀਤੀ ਹੈ।

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਸੀਆਈ ਅੰਮ੍ਰਿਤਸਰ ਦੀ ਟੀਮ ਨੂੰ ਭਰੋਸੇਯੋਗ ਸੂਚਨਾ ਮਿਲੀ ਸੀ ਕਿ ਗੁਰਦਾਸਪੁਰ ਦੇ ਪਿੰਡ ਜਾਫ਼ਰਪੁਰ ਦਾ ਇੱਕ ਵਿਅਕਤੀ ਨਸ਼ਿਆਂ/ਹਥਿਆਰਾਂ ਦੀ ਤਸਕਰੀ ਵਿੱਚ ਸ਼ਾਮਲ ਹੈ ਅਤੇ ਉਸ ਨੇ ਹਾਲ ਹੀ ਵਿੱਚ ਜ਼ਿਲ੍ਹਾ ਬਟਾਲਾ-ਗੁਰਦਾਸਪੁਰ ਵਿੱਚ ਭਾਰਤ-ਪਾਕਿ ਸਰਹੱਦੀ ਇਲਾਕੇ ਤੋਂ ਡਰੋਨ ਦੀ ਮਦਦ ਨਾਲ ਹੈਰੋਇਨ ਅਤੇ ਅਸਲੇ ਦੀ ਇੱਕ ਖੇਪ ਪ੍ਰਾਪਤ ਕੀਤੀ ਹੈ ਅਤੇ ਉਹ ਇਸ ਖੇਪ ਨੂੰ ਅੱਗੇ ਕਿਸੇ ਹੋਰ ਪਾਰਟੀ ਨੂੰ ਸੌਂਪਣ ਜਾ ਰਿਹਾ ਹੈ।



ਉਨ੍ਹਾਂ ਦੱਸਿਆ ਕਿ ਇਸ ਸੂਚਨਾ ’ਤੇ ਤੁਰੰਤ ਕਾਰਵਾਈ ਕਰਦਿਆਂ ਡੀਐਸਪੀ ਸੀਆਈ ਅੰਮ੍ਰਿਤਸਰ ਬਲਬੀਰ ਸਿੰਘ ਦੀ ਅਗਵਾਈ ਹੇਠ ਪੁਲੀਸ ਟੀਮਾਂ ਨੇ ਗੁਰਦਾਸਪੁਰ ਦੇ ਪਿੰਡ ਜਾਫਰਪੁਰ ਵਿਖੇ ਛਾਪੇਮਾਰੀ ਕੀਤੀ, ਜਿਸ ਦੌਰਾਨ ਮੁਲਜ਼ਮ ਆਪਣਾ ਬੈਗ ਸੁੱਟ ਕੇ ਫਰਾਰ ਹੋਣ ਵਿੱਚ ਕਾਮਯਾਬ ਹੋ ਗਿਆ। ਉਨ੍ਹਾਂ ਦੱਸਿਆ ਕਿ ਪੁਲਿਸ ਟੀਮਾਂ ਨੇ ਦੋਸ਼ੀ ਦੇ ਬੈਗ ਵਿੱਚੋਂ ਨਸ਼ੀਲੇ ਪਦਾਰਥ ਅਤੇ ਗੋਲੀ ਸਿੱਕਾ ਬਰਾਮਦ ਕੀਤਾ।

ਡੀਜੀਪੀ ਨੇ ਦੱਸਿਆ ਕਿ ਪੁਲਿਸ ਟੀਮਾਂ ਨੇ ਫਰਾਰ ਮੁਲਜ਼ਮ ਦੀ ਪਛਾਣ ਕਰ ਲਈ ਹੈ ਅਤੇ ਉਸ ਨੂੰ ਫੜਨ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ। ਇਸ ਮਾਮਲੇ ਵਿੱਚ ਅਗਲੇ-ਪਿਛਲੇ ਸਬੰਧ ਸਥਾਪਤ ਕਰਨ ਲਈ ਅਗਲੇਰੀ ਜਾਂਚ ਜਾਰੀ ਹੈ। ਉਨ੍ਹਾਂ ਅੱਗੇ ਕਿਹਾ ਕਿ ਨਸ਼ਿਆਂ/ਹਥਿਆਰਾਂ/ਗੋਲੀ ਸਿੱਕਾ ਦੀ ਤਸਕਰੀ ਵਿੱਚ ਸ਼ਾਮਲ ਉਸਦੇ ਹੋਰ ਸਾਥੀਆਂ ਦੀ ਪਛਾਣ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਇਸ ਸਬੰਧੀ ਐਫਆਈਆਰ ਨੰਬਰ 59 ਮਿਤੀ 28.09.2024 ਨੂੰ ਐਨਡੀਪੀਐਸ ਦੀ ਧਾਰਾ 21, 25 ਅਤੇ 29 ਅਤੇ ਅਸਲਾ ਐਕਟ ਦੀ ਧਾਰਾ 25 ਤਹਿਤ ਥਾਣਾ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ (ਐਸਐਸਓਸੀ), ਅੰਮ੍ਰਿਤਸਰ ਵਿਖੇ ਮਾਮਲਾ ਦਰਜ ਕੀਤਾ ਗਿਆ ਹੈ।

# ਮੁੱਖ ਸਕੱਤਰ ਨੇ ਖਰੀਫ ਫਸਲਾਂ ਦੀ ਖਰੀਦ ਤਿਆਰੀਆਂ ਨੂੰ ਲੈ ਕੇ ਕੀਤੀ ਸਮੀਖਿਆ ਮੀਟਿੰਗ

**ਚੰਡੀਗੜ੍ਹ, 2 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਵਧੀਕ ਮੁੱਖ ਸਕੱਤਰ ਡਾ. ਰਾਜਾ ਸ਼ੇਖਰ ਵੂੰਡਰੂ ਦੀ ਅਗਵਾਈ ਹੇਠ ਅੱਜ ਇੱਥੇ ਖਰੀਫ ਫਸਲਾਂ ਦੀ ਖਰੀਦ ਤਿਆਰੀਆਂ ਨੂੰ ਲੈ ਕੇ ਸਮੀਖਿਆ ਮੀਟਿੰਗ ਕੀਤੀ ਗਈ। ਮੀਟਿੰਗ ਵਿਚ ਖਰੀਫ ਫਸਲਾਂ ਦੀ ਖਰੀਦ ਐਮਐਸਪੀ ’ਤੇ ਕਰਨ ਦੇ ਫੈਸਲੇ ਅਨੁਸਾਰ ਸਾਰੀ ਏਜੰਸੀਆਂ ਅਤੇ ਮੰਡੀਆਂ/ਵਿਕਰੀ ਕੇਂਦਰ ਨੂੰ ਨਾਮਜਦ ਕਰ ਦਿੱਤਾ ਗਿਆ ਹੈ। ਸਰਕਾਰ ਵੱਲੋਂ ਲਏ ਗਏ ਫੈਸਲੇ ਅਨੁਸਾਰ ਚਾਲੂ ਖਰੀਫ ਮਾਰਕਟਿੰਗ ਸੀਜਨ 2024 ਦੌਰਾਨ ਸੋਇਆਬੀਨ, ਮੱਕੀ ਅਤੇ ਜਵਾਰ ਦੀ ਖਰੀਦ ਹੈਫੇਡ ਵੱਲੋਂ ਕੀਤੀ ਜਾਵੇਗੀ। ਇਸ ਤੋਂ ਇਲਾਵਾ, ਹੋਰ ਫਸਲਾਂ ਦੀ ਖਰੀਦ ਹੈਫੇਡ ਤੇ ਹਰਿਆਣਾ ਰਾਜ ਵੇਅਰਹਾਊਸ ਨਿਗਮ ਰਾਹੀਂ ਕੀਤੀ ਜਾਵੇਗੀ।

ਮੀਟਿੰਗ ਵਿਚ ਖੇਤੀਬਾੜੀ ਨਿਦੇਸ਼ਕ ਨੇ ਦਸਿਆ ਕਿ ਪੀਐਸਐਸ ਤਹਿਤ ਮੂੰਗ, ਮੂੰਗਫਲੀ, ਅਰਹਰ, ਉੜਦ, ਤਿੱਲ ਅਤੇ ਸੋਇਆਬੀਨ ਦੀ ਖਰੀਦ ਦਾ ਪ੍ਰਸਤਾਵ ਭਾਰਤ ਸਰਕਾਰ ਨੂੰ ਅਨੁਮੋਦਨ ਲਈ ਪੇਸ਼ ਕੀਤਾ ਗਿਆ ਹੈ ਅਤੇ ਭਾਰਤ ਸਰਕਾਰ ਵੱਲੋਂ ਜਲਦੀ ਹੀ ਮੰਜੂਰੀ ਦਿੱਤੇ ਜਾਣ ਦੀ ਸੰਭਾਵਨਾ ਹੈ। ਅੱਜ ਦੀ ਮੀਟਿੰਗ ਵਿਚ ਫੈਸਲਾ ਕੀਤਾ ਗਿਆ ਕਿ ਭਾਰਤ ਸਰਕਾਰ ਤੋਂ ਪੀਐਸਐਸ ਦੀ ਮੰਜੂਰੀ ਜਦੋਂ ਤਕ ਪ੍ਰਾਪਤ ਨਹੀਂ ਹੁੰਦੀ ਉਦੋਂ ਤੱਕ ਹੈਫੇਡ ਵੱਲੋਂ ਪੀਐਸਐਸ ਫਸਲਾਂ ਦੀ ਖਰੀਦ ਕੀਤੀ ਜਾਵੇਗੀ।

ਰਾਜ ਵਿਚ ਪਹਿਲੀ ਵਾਰੀ ਜਵਾਰ, ਸੋਇਆਬੀਨ ਦੀ ਘੱਟੋ ਘੱਟ ਸਹਾਇਕ ਮੁੱਲ ’ਤੇ ਖਰੀਦ ਕੀਤੀ ਜਾਵੇਗੀ। ਨਾਈਜਰ ਸੀਡ ਦੀ ਮੰਡੀ ਨੋਟੀਫਾਇਡ ਕਰਨ ਦੇ ਨਿਰਦੇਸ਼ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਵਿਭਾਗ ਨੂੰ ਦਿੱਤੇ ਗਏ ਹਨ।

ਮੀਟਿੰਗ ਵਿਚ ਦਸਿਆ ਗਿਆ ਕਿ ਖਰੀਫ ਮੌਸਮ ਦੌਰਾਨ ਮੇਰੀ ਫਸਲ-ਮੇਰਾ ਬਿਊਰਾ ਪੋਰਟਲ ਦੀ ਰਿਪੋਰਟ ਅਨੁਸਾਰ ਕੁੱਲ 67.66 ਲੱਖ ਏਕੜ ਖੇਤਰ ਵਿਚ ਬਿਜਾਈ ਕੀਤੀ ਗਈ ਹੈ।

ਮੀਟਿੰਗ ਵਿਚ ਖੇਤੀਬਾੜੀ ਵਿਭਾਗ ਦੇ ਨਿਦੇਸ਼ਕ ਸ੍ਰੀ ਰਾਜਨਰਾਇਣ ਕੌਸ਼ਿਕ, ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਵਿਭਾਗ ਦੇ ਨਿਦੇਸ਼ਕ ਮੁਕੁਲ ਕੁਮਾਰ, ਹਰਿਆਣਾ ਰਾਜ ਖੇਤੀਬਾੜੀ ਮਾਰਕਟਿੰਗ ਬੋਰਡ ਦੇ ਮੁੱਖ ਪ੍ਰਸਾਸ਼ਕ ਮੁਕੇਸ਼ ਆਹੂਜਾ ਸਮੇਤ ਹੋਰ ਅਧਿਕਾਰੀ ਮੌਜੂਦ ਰਹੇ।

# ਖਣਨ ਅਤੇ ਭੂ-ਵਿਗਿਆਨ ਮੰਤਰੀ ਵੱਲੋਂ ਅਹੁਦਾ ਸਾਂਭਣ ਤੋਂ ਬਾਅਦ ਪਹਿਲੇ ਦਿਨ ਹੀ ਵਿਆਪਕ ਸੁਧਾਰਾਂ ਦੀ ਸ਼ੁਰੂਆਤ

**ਚੰਡੀਗੜ੍ਹ, 2 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਖਣਨ ਅਤੇ ਭੂ-ਵਿਗਿਆਨ ਮੰਤਰੀ ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਬੀਤੇ ਕੱਲ੍ਹ ਆਪਣਾ ਅਹੁਦਾ ਸਾਂਭਣ ਪਿੱਛੋਂ ਅੱਜ ਪਹਿਲੇ ਦਿਨ ਹੀ ਖਣਨ ਅਤੇ ਭੂ-ਵਿਗਿਆਨ ਵਿਭਾਗ ਨੂੰ ਪਹਿਲ ਦਿੰਦਿਆਂ ਵਿਭਾਗ ਦੇ ਕੰਮਕਾਜ ਵਿੱਚ ਪੂਰਣ ਪਾਰਦਰਸ਼ਤਾ ਲਿਆਉਣ ਵੱਲ ਆਪਣਾ ਧਿਆਨ ਕੇਂਦਰਿਤ ਕੀਤਾ। ਉਨ੍ਹਾਂ ਇਹ ਵਚਨਬੱਧਤਾ ਸੂਬੇ ਵਿੱਚ ਖਣਨ ਗਤੀਵਿਧੀਆਂ ਨਾਲ ਸਬੰਧਤ ਏਕੀਕ੍ਰਿਤ ਆਈ.ਟੀ. ਉਪਾਵਾਂ ਅਤੇ ਨਵੀਨਤਮ ਤਕਨੀਕੀ ਪ੍ਰਣਾਲੀਆਂ ਸਬੰਧੀ ‘ਦਿਲਚਸਪੀ ਦਾ ਪ੍ਰਗਟਾਵਾ’ ਵਰਕਸ਼ਾਪ ਦੌਰਾਨ ਪ੍ਰਗਟਾਈ।

ਵਿਭਾਗ ਦੇ ਕੰਮਕਾਜ ਵਿੱਚ ਜਵਾਬਦੇਹੀ ਯਕੀਨੀ ਬਣਾਉਣ ਵੱਲ ਅਹਿਮ ਕਦਮ ਚੁੱਕਦਿਆਂ ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਸਪੱਸ਼ਟ ਕੀਤਾ ਕਿ ਸਾਡਾ ਟੀਚਾ ਸੂਬੇ ਵਿੱਚੋਂ ਕੱਢੇ ਜਾਣ ਵਾਲੇ ਖਣਿਜਾਂ ਦਾ ਮੁਕੰਮਲ ਲੇਖਾ-ਜੋਖਾ ਯਕੀਨੀ ਬਣਾਉਣਾ ਹੈ ਅਤੇ ਕਾਰਜ-ਪ੍ਰਣਾਲੀ ਨੂੰ ਹੋਰ ਪਾਰਦਰਸ਼ੀ ਬਣਾਉਂਦਿਆਂ ਵੱਧ ਤੋਂ ਵੱਧ ਮਾਲੀਆ ਜੁਟਾਉਣਾ ਹੈ।

ਇਨ੍ਹਾਂ ਨਵੇਂ ਪ੍ਰਾਜੈਕਟਾਂ ਦੇ ਉਦੇਸ਼ਾਂ ਬਾਰੇ ਜਾਣਕਾਰੀ ਦਿੰਦਿਆਂ ਖਣਨ ਅਤੇ ਭੂ-ਵਿਗਿਆਨ ਮੰਤਰੀ ਨੇ ਦੱਸਿਆ ਕਿ ਇਸ ਪ੍ਰਣਾਲੀ ਨੂੰ ਅਪਣਾ ਕੇ ਅਸੀਂ ਇੱਕ ਅਜਿਹੀ ਠੋਸ ਰੂਪ-ਰੇਖਾ ਲਾਗੂ ਕਰਾਂਗੇ ਜਿਸ ਨਾਲ ਸਿਰਫ਼ ਕੱਚੇ/ਪ੍ਰੋਸੈਸਡ ਖਣਿਜਾਂ ਦੀ ਸਹੀ ਟ੍ਰੈਕਿੰਗ ਅਤੇ ਰਿਕਾਰਡਿੰਗ ਦੀ ਸਹੂਲਤ ਮਿਲੇਗੀ ਅਤੇ ਨਾਲ-ਨਾਲ ਇਹ ਵੀ ਯਕੀਨੀ ਬਣਾਇਆ ਜਾਵੇਗਾ ਕਿ ਸੂਬੇ ਦਾ ਮਾਲੀਆ ਜੁਟਾਉਣ ਦੀ ਨੀਤੀ ਅਨੁਸਾਰ ਵਿੱਤੀ ਅਖੰਡਤਾ ਕਾਇਮ ਰੱਖਣ ਅਤੇ




ਪੰਜਾਬ ਦੇ ਆਰਥਿਕ ਟੀਚਿਆਂ ਨੂੰ ਪੂਰਾ ਕਰਨ ਲਈ ਬਹੁਤ ਅਹਿਮ ਹੈ।

ਸਮੂਹ ਅਧਿਕਾਰੀਆਂ ਨੂੰ ਨਿਰਦੇਸ਼ ਦਿੰਦਿਆਂ ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਕਿਹਾ ਕਿ ਪੜਾਅਵਾਰ ਅਤੇ ਯੋਜਨਾਬੱਧ ਢੰਗ ਨਾਲ ਤਕਨੀਕਾਂ ਨੂੰ ਲਾਗੂ ਕਰਕੇ ਸਾਰੀਆਂ ਨੀਤੀਆਂ ਵਿੱਚ ਸੋਧ ਕੀਤੀ ਜਾ ਰਹੀ ਹੈ।

ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਗ਼ੈਰ-ਕਾਨੂੰਨੀ ਖਣਨ ਗਤੀਵਿਧੀਆਂ ਨੂੰ ਠੱਲ੍ਹ ਪਾਉਣ ਅਤੇ ਸੂਬੇ ਦੇ ਮਾਲੀਏ ਵਿੱਚ ਵਾਧਾ ਕਰਨ ਲਈ ਵਿਭਾਗ ਮੌਜੂਦਾ ਪ੍ਰਣਾਲੀ ਵਿੱਚ ਤਕਨੀਕੀ ਸੋਧਾਂ ਕਰਨ ਲਈ ਪੂਰੀ ਤਰ੍ਹਾਂ ਤਿਆਰ-ਬਰ-ਤਿਆਰ ਹੈ। ਉਨ੍ਹਾਂ ਕਿਹਾ ਕਿ ਆਧੁਨਿਕੀਕਰਨ ਦੇ ਪਹਿਲੇ ਪੜਾਅ ਤਹਿਤ ਜਨਤਕ-ਨਿੱਜੀ ਭਾਗੀਦਾਰੀ (ਪੀ.ਪੀ.ਪੀ.) ਆਧਾਰ ’ਤੇ ਭਾਰ-ਤੋਲਕ ਕੰਡੇ ਸਥਾਪਿਤ ਕੀਤੇ ਜਾ ਰਹੇ ਹਨ।

ਜ਼ਿਕਰਯੋਗ ਹੈ ਕਿ ਇਸ ਪਹਿਲਕਦਮੀ ਸਬੰਧੀ 12 ਬਹੁ-ਰਾਸ਼ਟਰੀ ਕੰਪਨੀਆਂ ਨੇ ਖਣਨ ਅਤੇ ਭੂ-ਵਿਗਿਆਨ ਵਿਭਾਗ ਨਾਲ ਭਾਈਵਾਲੀ ਕਰਨ ’ਚ ਦਿਲਚਸਪੀ ਦਿਖਾਈ ਹੈ। ਚੰਡੀਗੜ੍ਹ ਵਿਖੇ ਕਰਵਾਈ ‘ਦਿਲਚਸਪੀ ਦਾ ਪ੍ਰਗਟਾਵਾ’ ਵਰਕਸ਼ਾਪ ਦੌਰਾਨ ਖਣਨ ਅਤੇ ਭੂ-ਵਿਗਿਆਨ ਵਿਭਾਗ ਨੇ ਉੱਚ ਤਕਨੀਕੀ ਲਾਈਵ ਕਵਰੇਜ ਸਮਰੱਥਾਵਾਂ ਨਾਲ ਲੈਸ ਛੇ ਫਲਾਇੰਗ ਟੀਮਾਂ ਦੇ ਗਠਨ ਦਾ ਵੀ ਐਲਾਨ ਕੀਤਾ ਜਿਸ ਦੀ ਨਿਗਰਾਨੀ ਸਰਕਾਰ ਦੇ ਮੁੱਖ ਦਫ਼ਤਰ ਵੱਲੋਂ ਕੀਤੀ ਜਾਵੇਗੀ।

ਸ੍ਰੀ ਗੋਇਲ ਨੇ ਦੱਸਿਆ ਕਿ ਸੂਬੇ ਵਿੱਚ ਪ੍ਰੋਸੈਸਡ ਸਮੱਗਰੀ ਨੂੰ ਨਿਯਮਤ ਕਰਨ ਲਈ ਵਿਆਪਕ ਕਦਮ ਚੁੱਕਦਿਆਂ ਵਿਭਾਗ ਨੇ ਪੀ.ਪੀ.ਪੀ. ਅਧਾਰ ’ਤੇ ਲਗਭਗ 101 ਰਣਨੀਤਕ ਥਾਵਾਂ ’ਤੇ ਕੰਡੇ, ਬੂਮ ਬੈਰੀਅਰ, ਐਡਵਾਂਸਡ ਕੈਮਰਾ ਸਿਸਟਮ (ਏ.ਐਨ.ਪੀ.ਆਰ/ਪੀ.ਟੀ.ਜੈਡ/ਆਈ.ਪੀ/ਵੈਰੀਫੋਕੋਲ), ਪ੍ਰੀਪੇਡ ਸਹੂਲਤਾਂ ਵਾਲੇ ਆਰ.ਐਫ.ਆਈ.ਡੀ ਰੀਡਰ ਅਤੇ ਆਰ.ਐਫ.ਆਈ.ਡੀ ਟੈਗ ਲਗਾਉਣ ਦਾ ਪ੍ਰਸਤਾਵ ਪੇਸ਼ ਕੀਤਾ ਹੈ। ਇਸ ਪਹਿਲਕਦਮੀ ਦਾ ਉਦੇਸ਼ ਕਰੱਸ਼ਰ ਯੂਨਿਟਾਂ ਤੋਂ ਪ੍ਰੋਸੈਸਡ ਸਮੱਗਰੀ ਦਾ ਲੇਖਾ-ਜੋਖਾ ਕਰਨ ਸਬੰਧੀ ਮੌਜੂਦਾ ਪ੍ਰਣਾਲੀ ਵਿਚਲੀਆਂ ਕਮੀਆਂ ਨੂੰ ਦੂਰ ਕਰਨਾ ਸ਼ਾਮਲ ਹੈ।

ਇਸ ਅਗਾਂਹਵਧੂ ਪਹੁੰਚ ਤਹਿਤ ਵੱਖ-ਵੱਖ ਆਈ.ਟੀ. ਕੰਪਨੀਆਂ ਅਤੇ ਫਰਮਾਂ ਨੇ ਵਿਭਾਗ ਦੇ ਸੰਚਾਲਨ ਵਿੱਚ ਕੁਸ਼ਲਤਾ ਵਧਾਉਣ ਲਈ ਕਈ ਤਰ੍ਹਾਂ ਦੇ ਹਾਰਡਵੇਅਰ ਅਤੇ ਸਾਫ਼ਟਵੇਅਰ ਉਪਾਵਾਂ ਸਮੇਤ ਨਿਗਰਾਨੀ ਅਤੇ ਪ੍ਰਬੰਧਨ ਗਤੀਵਿਧੀਆਂ ਨਾਲ ਸਬੰਧਤ ਆਪਣੇ ਪ੍ਰਸਤਾਵ ਪੇਸ਼ ਕੀਤੇ ਹਨ।

ਖਣਨ ਅਤੇ ਭੂ-ਵਿਗਿਆਨ ਮੰਤਰੀ ਸ. ਬਰਿੰਦਰ ਕੁਮਾਰ ਗੋਇਲ ਨੇ ਕਿਹਾ ਕਿ ਇਨ੍ਹਾਂ ਉਪਾਵਾਂ ਨਾਲ ਪੰਜਾਬ ਨੇ ਖਣਨ ਖੇਤਰ ਵਿੱਚ ਸੋਧ ਕਰਨ ਲਈ ਤਕਨਾਲੌਜੀ ਅਤੇ ਪਾਰਦਰਸ਼ਤਾ ਦਾ ਲਾਹਾ ਲੈਣ ਸਬੰਧੀ ਆਪਣੀ ਉਤਸੁਕਤਾ ਪ੍ਰਗਟ ਕੀਤੀ ਹੈ ਜਿਸ ਨਾਲ ਕਾਰਜ-ਪ੍ਰਣਾਲੀ ਵਿੱਚ ਵਧੇਰੇ ਜਵਾਬਦੇਹੀ ਦੇ ਨਵੇਂ ਯੁੱਗ ਦੀ ਸ਼ੁਰੂਆਤ ਹੋਵੇਗੀ ਅਤੇ ਸੂਬੇ ਦੇ ਮਾਲੀਏ ਵਿੱਚ ਵਾਧਾ ਹੋਵੇਗਾ।ਸ੍ਰੀ ਗੋਇਲ ਨੇ ਅਧਿਕਾਰੀਆਂ ਨੂੰ ਗ਼ੈਰ-ਕਾਨੂੰਨੀ ਖਣਨ ਗਤੀਵਿਧੀਆਂ ਨਾਲ ਪ੍ਰਭਾਵੀ ਢੰਗ ਨਾਲ ਨਜਿੱਠਣ, ਮਾਲੀਆ ਜੁਟਾਉਣ, ਮੌਜੂਦਾ ਨੀਤੀਆਂ ਨੂੰ ਠੋਸ ਢੰਗ ਨਾਲ ਲਾਗੂ ਕਰਨ ਅਤੇ ਵਿਭਾਗ ਵਿੱਚ ਅਤਿ-ਆਧੁਨਿਕ ਤਕਨਾਲੌਜੀਆਂ ਨੂੰ ਤੇਜ਼ੀ ਨਾਲ ਸ਼ਾਮਲ ਕਰਨ ਦੇ ਨਿਰਦੇਸ਼ ਦਿੱਤੇ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਖਣਨ ਅਤੇ ਭੂ-ਵਿਗਿਆਨ ਵਿਭਾਗ ਦੇ ਸਕੱਤਰ ਸ੍ਰੀ ਗੁਰਕਿਰਤ ਕਿਰਪਾਲ ਸਿੰਘ, ਖਣਨ ਵਿਭਾਗ ਦੇ ਡਾਇਰੈਕਟਰ ਸ੍ਰੀ ਅਭਿਜੀਤ ਕਪਲਿਸ਼ ਅਤੇ ਚੀਫ਼ ਇੰਜੀਨੀਅਰ ਡਾ. ਹਰਿੰਦਰਪਾਲ ਸਿੰਘ ਬੇਦੀ ਵੀ ਮੌਜੂਦ ਸਨ।

# ਜ਼ਿਲ੍ਹਾ ਮੈਜਿਸਟਰੇਟ ਵਲੋਂ ਕੰਬਾਈਨਾਂ ਨਾਲ ਝੋਨੇ ਦੀ ਕਟਾਈ ਦਾ ਸਮਾਂ ਸਵੇਰੇ 10 ਵਜੇ ਤੋਂ ਸ਼ਾਮ 6 ਵਜੇ ਤੱਕ ਨਿਰਧਾਰਿਤ

**ਰੂਪਨਗਰ, 2 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਮੈਜਿਸਟਰੇਟ ਰੂਪਨਗਰ ਸ਼੍ਰੀ ਹਿਮਾਂਸ਼ੂ ਜੈਨ ਨੇ ਭਾਰਤੀ ਨਾਗਰਿਕ ਸੁਰਕਸ਼ਾ ਸੰਹਿਤਾ 2023 ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਅਨੁਸਾਰ ਹੁਕਮ ਜਾਰੀ ਕਰਦਿਆਂ ਜ਼ਿਲ੍ਹਾ ਰੂਪਨਗਰ ਦੀ ਹਦੂਦ ਅੰਦਰ ਇਨ੍ਹਾਂ ਹੁਕਮਾਂ ਦੇ ਅਨੁਸਾਰ ਕੰਬਾਇਨ ਚੱਲਣ ਦਾ ਸਮਾਂ ਸਵੇਰੇ 10:00 ਵਜੇ ਤੋਂ ਸ਼ਾਮ 6.00 ਵਜੇ ਤੱਕ ਨਿਸ਼ਚਿਤ ਕੀਤਾ ਗਿਆ ਹੈ।

ਸ਼ਾਮ 6.00 ਵਜੇ ਤੋਂ ਬਾਅਦ ਅਤੇ ਸਵੇਰੇ 10.00 ਵਜੇ ਤੋਂ ਪਹਿਲਾਂ ਕੰਬਾਇਨਾਂ ਨਾਲ ਝੋਨੇ ਦੀ ਕਟਾਈ ਕਰਨ ਦੀ ਪਾਬੰਦੀ ਲਗਾ ਦਿੱਤੀ ਗਈ ਹੈ।

ਉਨ੍ਹਾਂ ਕਿਹਾ ਕਿ ਰਾਤ ਸਮੇਂ ਪਈ ਤਰੇਲ ਕਾਰਨ ਝੋਨੇ ਵਿੱਚ ਨਮੀ ਦੀ ਮਾਤਰਾ ਨਿਰਧਾਰਤ ਮਾਪਦੰਡਾਂ ਤੋਂ ਵੱਧਣ ਦੀ ਸੰਭਾਵਨਾ ਹੈ ਇਸ ਤੋਂ ਇਲਾਵਾ ਅੱਧ ਸੁੱਕੇ ਝੋਨੇ ਦੀ ਕਟਾਈ ਤੇ ਵੀ ਪੂਰਨ ਪਾਬੰਦੀ ਲਗਾ ਦਿੱਤੀ ਗਈ ਹੈ ਅਤੇ ਨਾਲ ਹੀ ਕੱਟੀ ਗਈ ਝੋਨੇ ਦੀ ਨਾੜ/ਖੇਤੀਬਾੜੀ ਦੀ ਰਹਿੰਦ-ਖੂੰਹਦ ਨੂੰ ਕਿਸੇ ਵੀ ਸਮੇਂ ਅੱਗ ਲਗਾ ਕੇ ਸਾੜਨ ਤੇ ਪਾਬੰਦੀ ਲਗਾ ਦਿੱਤੀ ਗਈ ਹੈ।

ਇਸ ਦੇ ਨਾਲ ਹੀ ਪੁਰਾਣੀਆਂ ਹੋ ਚੁੱਕੀਆਂ ਕੰਬਾਈਨਾਂ ਜਿਨ੍ਹਾਂ ਵਿਚ ਮਕੈਨੀਕਲ ਨੁਕਸ ਹੋਣ ਕਾਰਨ ਟੁੱਟੇ ਹੋਏ ਚਾਵਲ ਦੇ ਦਾਣਿਆਂ ਦੀ ਮਾਤਰਾ ਵੀ ਮਾਪਦੰਡਾਂ ਤੋਂ ਕਾਫੀ ਵਧ ਜਾਂਦੀ ਹੈ, ਅਜਿਹੀਆਂ ਕੰਬਾਇਨਾਂ ਚਲਾਉਣ ਤੋਂ ਵੀ ਰੋਕ ਲਗਾਈ ਹੈ। ਸਾਰੀਆਂ ਕੰਬਾਇਨਾਂ ਬਿਓਰੋ ਆਫ ਇੰਡੀਅਨ ਸਟੈਂਡਰਡ ਸਰਟੀਫਿਕੇਟ ਮੁਤਾਬਕ ਹੀ ਹੋਣੀਆਂ ਚਾਹੀਦੀਆਂ ਹਨ। ਕੋਈ ਵੀ ਕੰਬਾਇਨ ਹਾਰਵੇਸਟਰ ਸੁਪਰ ਐਸ.ਐਮ.ਐਸ. ਲਗਾਏ ਬਗੈਰ ਨਹੀਂ ਵਰਤਿਆ ਜਾਵੇ।

ਜੇਕਰ ਕੋਈ ਵਿਅਕਤੀ ਸ਼ਾਮ 6.00 ਵਜੇ ਤੋਂ ਬਾਅਦ ਅਤੇ ਸਵੇਰੇ 10.00 ਵਜੇ ਤੋਂ ਪਹਿਲਾਂ ਕੰਬਾਇਨਾਂ ਨਾਲ ਝੋਨੇ ਦੀ ਕਟਾਈ ਕਰਦਾ ਪਾਇਆ ਗਿਆ ਤਾਂ ਉਸ ਦੀ ਕੰਬਾਇਨ 7 ਦਿਨਾਂ ਲਈ ਜ਼ਬਤ ਕਰ ਲਈ ਜਾਵੇਗੀ। ਇਸ ਹੁਕਮ ਨੂੰ ਲਾਗੂ ਕਰਵਾਉਣ ਦੇ ਸੀਨੀਅਰ ਪੁਲਿਸ ਕਪਤਾਨ ਰੂਪਨਗਰ, ਮੁੱਖ ਖੇਤੀਬਾੜੀ ਅਫਸਰ ਰੂਪਨਗਰ, ਤਹਿਸੀਲਦਾਰ ਰੂਪਨਗਰ/ਸ੍ਰੀ ਚਮਕੌਰ ਸਾਹਿਬ/ਮੋਰਿੰਡਾ/ਸ੍ਰੀ ਅਨੰਦਪੁਰ ਸਾਹਿਬ/ਨੰਗਲ ਜ਼ਿੰਮੇਵਾਰ ਹੋਣਗੇ। ਇਹ ਹੁਕਮ 25 ਨਵੰਬਰ 2024 ਤੱਕ ਲਾਗੂ ਰਹਿਣਗੇ।

# ਸੇਵਾ ਕੇਂਦਰ ਰੂਪਨਗਰ ਨੂੰ ਕੁਸ਼ਲ ਜਨਤਕ ਸੇਵਾਵਾਂ ਪ੍ਰਦਾਨ ਕਰਨ ਲਈ ਮਿਲਿਆ ਪੰਜਾਬ ਵਿੱਚ ਪਹਿਲਾ ਸਥਾਨ

**ਰੂਪਨਗਰ, 2 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਰੂਪਨਗਰ ਸੇਵਾ ਕੇਂਦਰ ਵਿੱਚ ਸੇਵਾਵਾਂ ਪ੍ਰਦਾਨ ਕਰਨ ਦੀ ਕੁਸ਼ਲਤਾ ਵਿੱਚ ਪੰਜਾਬ ਵਿੱਚ ਸਭ ਤੋਂ ਉੱਪਰ ਹੈ। ਡਿਪਟੀ ਕਮਿਸ਼ਨਰ ਰੂਪਨਗਰ ਸ਼੍ਰੀ ਹਿਮਾਂਸ਼ੂ ਜੈਨ ਤੇ ਵਧੀਕ ਡਿਪਟੀ ਕਮਿਸ਼ਨਰ (ਜ) ਸ਼੍ਰੀਮਤੀ ਪੂਜਾ ਸਿਆਲ ਗਰੇਵਾਲ ਦੇ ਮਾਰਗ ਦਰਸ਼ਨ ਤੇ ਜ਼ਿਲ੍ਹਾ ਰੂਪਨਗਰ ਸੇਵਾ ਕੇਂਦਰ ਕੁਸ਼ਲ ਜਨਤਕ ਸੇਵਾਵਾਂ ਪ੍ਰਦਾਨ ਕਰਨ ਦੀ ਇੱਕ ਸ਼ਾਨਦਾਰ ਮਿਸਾਲ ਬਣ ਕੇ ਉੱਭਰਿਆ ਹੈ, ਜਿਸ ਨੇ ਪੰਜਾਬ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਮੈਨੇਜਰ ਸ. ਕਮਲਜੀਤ ਸਿੰਘ ਨੇ ਦੱਸਿਆ ਕਿ ਸੇਵਾ ਕੇਂਦਰਾਂ ਵਿੱਚ ਉੱਤਮਤਾ ਪ੍ਰਤੀ ਅਟੁੱਟ ਵਚਨ ਬੱਧਤਾ ਦੇ ਨਾਲ, ਸੇਵਾ ਕੇਂਦਰ ਨੇ ਜ਼ਰੂਰੀ ਨਾਗਰਿਕ ਸੇਵਾਵਾਂ ਤੱਕ ਤੇਜ਼ ਅਤੇ ਮੁਸ਼ਕਿਲ ਰਹਿਤ ਪਹੁੰਚ ਨੂੰ ਯਕੀਨੀ ਬਣਾਉਂਦੇ ਹੋਏ, ਸੇਵਾ ਪੈਂਡੈਂਸੀ ਨੂੰ ਮਹੱਤਵਪੂਰਨ ਤੌਰ ’ਤੇ ਘਟਾ ਦਿੱਤਾ ਹੈ।

ਉਨ੍ਹਾਂ ਦੱਸਿਆ ਕਿ ਰੂਪਨਗਰ ਸੇਵਾ ਕੇਂਦਰ ਨੇ ਸੇਵਾ ਬਕਾਇਆ ਨੂੰ ਲਗਭਗ ਖਤਮ ਕਰਕੇ ਇੱਕ ਪ੍ਰਭਾਵਸ਼ਾਲੀ ਮੀਲ ਪੱਥਰ ਪ੍ਰਾਪਤ ਕੀਤਾ ਹੈ ਅਤੇ ਆਮ ਲੋਕਾਂ ਦੀ ਸਹੂਲਤ ਵਿੱਚ ਵਾਧਾ ਕਰਦੇ ਹੋਏ ਡੋਰ ਟੂ ਡੋਰ ਪ੍ਰਣਾਲੀ ਲਾਗੂ ਕੀਤੀ ਹੈ।

ਉਨ੍ਹਾਂ ਹੋਰ ਦੱਸਿਆ ਕਿ ਬਿਨੈਕਾਰ ਹੁਣ 1076 ਟੋਲ ਫ੍ਰੀ ਬੁਕਿੰਗ ਪੋਰਟਲ ਰਾਹੀਂ ਸੇਵਾ ਕੇਂਦਰ ਦੀਆਂ 43 ਸੇਵਾਵਾਂ ਨੂੰ ਬੁੱਕ ਕਰ ਸਕਦੇ ਹਨ। ਇਸ ਕਿਰਿਆਸ਼ੀਲ ਪਹੁੰਚ ਨੇ ਉਡੀਕ ਸਮੇਂ ਨੂੰ ਘਟਾਉਣ ਅਤੇ ਸਮੁੱਚੀ ਸੇਵਾ ਕੁਸ਼ਲਤਾ ਨੂੰ ਵਧਾਉਣ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ।

ਉਨ੍ਹਾਂ ਦੱਸਿਆ ਕਿ ਰੂਪਨਗਰ ਜ਼ਿਲ੍ਹੇ ਅਧੀਨ 23 ਸੇਵਾ ਕੇਂਦਰ ਵੱਧ -ਤੋਂ ਵੱਧ ਨਾਗਰਿਕ ਸੇਵਾਵਾਂ ਪ੍ਰਦਾਨ ਕਰਦੇ ਹਨ, ਜਿਸ ਵਿੱਚ ਜਨਮ ਅਤੇ ਮੌਤ ਸਰਟੀਫਿਕੇਟ, ਜਾਤੀ ਪ੍ਰਮਾਣ ਪੱਤਰ, ਵਿਆਹ ਸਰਟੀਫਿਕੇਟ, ਆਧਾਰ ਕਾਰਡ ਸੇਵਾਵਾਂ, ਰਿਹਾਇਸ਼ੀ ਸਰਟੀਫਿਕੇਟ ਅਤੇ ਹੋਰ ਜ਼ਰੂਰੀ ਦਸਤਾਵੇਜ਼ ਸ਼ਾਮਲ ਹਨ। ਵਿਆਪਕ ਸੇਵਾਵਾਂ ਪ੍ਰਦਾਨ ਕਰਨ ਲਈ ਸੇਵਾ ਕੇਂਦਰ ਦੀ ਵਚਨਬੱਧਤਾ ਨੇ ਬਿਨਾਂ ਸ਼ੱਕ ਇਸ ਦੇ ਉੱਚ ਦਰਜੇ ਦੀ ਸਥਿਤੀ ਵਿੱਚ ਯੋਗਦਾਨ ਪਾਇਆ ਹੈ।

ਜਿਨ੍ਹਾ ਮੈਨੇਜਰ ਕਮਲਜੀਤ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਰੂਪਨਗਰ ਸੇਵਾ ਕੇਂਦਰ ਦੀ ਪ੍ਰਾਪਤੀ ’ਤੇ ਬਹੁਤ ਮਾਣ ਹੈ। ਉਨ੍ਹਾਂ ਕਿਹਾ ਕਿ ਸਾਡਾ ਧਿਆਨ ਹਮੇਸ਼ਾ ਵਧੀਆਂ ਸੇਵਾ ਪ੍ਰਦਾਨ ਕਰਨ ’ਤੇ ਰਿਹਾ ਹੈ ਅਤੇ ਇਹ ਮਾਣ ਸਾਡੇ ਯਤਨਾਂ ਨੂੰ ਪ੍ਰਮਾਣਿਤ ਕਰਦਾ ਹੈ ਕਿ ਅਸੀਂ ਆਪਣੇ ਨਾਗਰਿਕਾਂ ਦੀ ਤੁਰੰਤ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਸੇਵਾ ਕਰਨ ਲਈ ਵਚਨਬੱਧ ਹਾਂ।

# ਵਿਸ਼ਵ ਸੈਰ ਸਪਾਟਾ ਦਿਵਸ ’ਤੇ ਵਣ ਚੇਤਨਾ ਪਾਰਕ ’ਚ ਵਿਦਿਆਰਥੀਆਂ ਨੂੰ ਈਕੋ ਟੂਰਿਜ਼ਮ ਦੀ ਦਿੱਤੀ ਜਾਣਕਾਰੀ

**ਹੁਸ਼ਿਆਰਪੁਰ, 2 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਸ਼ਵਾ ਸੈਰ ਸਪਾਟਾ ਦਿਵਸ ਮੌਕੇ ਅੱਜ ਵਣ ਚੇਤਨਾ ਪਾਰਕ, ਬਸੀ ਪੁਰਾਣੀ ਵਿਖੇ ਬਣੇ ਨੇਚਰ ਇੰਟਰਪ੍ਰੈਟੇਸ਼ਨ ਸੈਂਟਰ ਵਿਚ ਇਕ ਵਿਸ਼ੇਸ਼ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਪ੍ਰੋਗਰਾਮ ਵਿਚ ਜ਼ਿਲ੍ਹਾ ਪ੍ਰਸ਼ਾਸਨ ਹੁਸ਼ਿਆਰਪੁਰ ਅਤੇ ਵਣ ਵਿਭਾਗ ਦੁਆਰਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਨਾਰਾ ਦੇ 50 ਵਿਦਿਆਰਥੀਆਂ ਨੂੰ ਬੁਲਾਇਆ ਗਿਆ ਅਤੇ ਉਨ੍ਹਾਂ ਨੂੰ ਈਕੋ ਟੂਰਿਜ਼ਮ ਅਤੇ ਟਿਕਾਊ ਵਿਕਾਸ ਦੀ ਮਹੱਤਤਾ ਬਾਰੇ ਜਾਗਰੂਕ ਕੀਤਾ ਗਿਆ।




ਪ੍ਰੋਗਰਾਮ ਵਿਚ ਵਿਸ਼ੇਸ਼ ਤੌਰ ’ਤੇ ਪਹੁੰਚੇ ਵਣ ਮੰਡਲ ਅਫ਼ਸਰ ਹੁਸ਼ਿਆਰਪੁਰ ਨਲਿਨ ਯਾਦਵ ਨੇ ਦੱਸਿਆ ਕਿ ਪ੍ਰੋਗਰਾਮ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਈਕੂ ਟੂਰਿਜ਼ਮ ਦੇ ਮਹੱਤਵ ਤੋਂ ਜਾਣੂ ਕਰਵਾਉਣਾ ਸੀ। ਇਸ ਦੌਰਾਨ ਉਨ੍ਹਾਂ ਦੱਸਿਆ ਕਿ ਵਾਤਾਵਰਣ ਦੀ ਸੰਭਾਲ ਅਤੇ ਸੈਰ ਸਪਾਟੇ ਨੂੰ ਇਕ ਦੂਜੇ ਨਾਲ ਜੋੜ ਕੇ ਈਕੂ ਟੂਰਿਜ਼ਮ ਨੂੰ ਬੜ੍ਹਾਵਾ ਦੇਣਾ ਅੱਜ ਦੇ ਸਮੇਂ ਦੀ ਲੋੜ ਹੈ। ਉਨ੍ਹਾ ਕਿਹਾ ਕਿ ਸਾਡਾ ਉਦੇਸ਼ ਲੋਕਾਂ ਨੂੰ ਕੁਦਰਤ ਨਾਲ ਜੋੜ ਕੇ ਟੂਰਿਜ਼ਮ ਨੂੰ ਇਸ ਤਰ੍ਹਾਂ ਬੜ੍ਹਾਵਾ ਦੇਣਾ ਹੈ, ਜਿਥੇ ਨੇਚਰ ਦੀ ਸੁਬੱਖਿਆ ਨੂੰ ਧਿਆਨ ਵਿਚ ਰੱਖਦੇ ਹੋਏ ਸੈਰ ਸਪਾਟੇ ਦੀਆਂ ਗਤੀਵਿਧੀਆਂ ਨੂੰ ਉਤਸ਼ਾਹਿਤ ਕੀਤਾ ਜਾ ਸਕੇ।

ਡੀ.ਐਫ.ਓ ਨੇ ਦੱਸਿਆ ਕਿ ਹੁਸ਼ਿਆਰਪੁਰ ਸੂਬੇ ਦਾ ਇਕ ਤਿਹਾਈ ਵਣ ਖੇਤਰ ਹੈ, ਜੋ ਇਸ ਨੂੰ ਈਕੋ ਟੂਰਿਜ਼ਮ ਲਈ ਇਕ ਆਦਰਸ਼ ਜਗ੍ਹਾ ਬਣਾਉਂਦਾ ਹੇ। ਇਥੋਂ ਦੀ ਜੈਵ ਵਿਭਿੰਨਤਾ ਅਤੇ ਕੁਦਰਤੀ ਸੁੰਦਰਤਾ ਨੂੰ ਧਿਆਨ ਵਿਚ ਰੱਖਦੇ ਹੋਏ, ਇਸ ਖੇਤਰ ਵਿਚ ਈਕੋ ਟੂਰਿਜ਼ਮ ਦੇ ਬਹੁਤ ਸਾਰੇ ਮੌਕੇ ਉਪਲਬੱਧ ਹਨ। ਉਨ੍ਹਾਂ ਦੱਸਿਆ ਕਿ ਇਸ ਦੇ ਉਪਰਾਲਿਆਂ ਨਾਲ ਨਾ ਕੇਵਲ ਸੈਰ ਸਪਾਟੇ ਨੂੰ ਬੜ੍ਹਾਵਾ ਮਿਲੇਗਾ, ਬਲਕਿ ਵਾਤਾਵਰਣ ਸੰਭਾਲ ਦੀ ਦਿਸ਼ਾ ਵਿਚ ਵੀ ਸਕਰਾਤਮਕ ਕਦਮ ਉਠਾਏ ਜਾ ਸਕਣਗੇ। ਪ੍ਰੋਗਰਾਮ ਦੌਰਾਨ ਵਿਦਿਆਰਥੀਆਂ ਨੂੰ ਨੇਚਰ ਇੰਟਰਪ੍ਰੇਟੇਸ਼ਨ ਸੈਂਟਰ ਵਿਚ ਬੱਚਿਆਂ ਨੂੰ ਪੌਦਿਆਂ, ਜਾਨਵਰਾਂ, ਪੰਛੀਆਂ ਤੋਂ ਇਲਾਵਾ ਵਾਤਾਵਰਣ ਸੰਭਾਲ ਦੇ ਵੱਖ-ਵੱਖ ਪਹਿਲੂਆਂ ਬਾਰੇ ਜਾਣਕਾਰੀ ਦਿੱਤੀ ਗਈ। ਉਨ੍ਹਾਂ ਦੱਸਿਆ ਕਿ ਈਕੋ ਟੂਰਿਜ਼ਮ ਨਾ ਕੇਵਲ ਆਰਥਿਕ ਨਜ਼ਰੀਏ ਤੋਂ ਮਹੱਤਵਪੂਰਨ ਹੈ, ਬਲਕਿ ਇਹ ਵਾਤਾਵਰਣ ਦੀ ਸੰਭਾਲ ਵਿਚ ਵੀ ਅਹਿਮ ਭੂਮਿਕਾ ਨਿਭਾਉਂਦਾ ਹੈ। ਇਸ ਦੌਰਾਨ ਵਿਦਿਆਰਥੀਆਂ ਤੋਂ ਪੌਦੇ ਵੀ ਲਗਵਾਏ ਗਏ। ਇਸ ਮੌਕੇ ਜ਼ਿਲ੍ਹਾ ਵਿਕਾਸ ਫੈਲੋ ਜੋਇਆ ਸਿਦਿਕੀ, ਜਸਵੀਰ ਸਿੰਘ ਤੋਂ ਇਲਾਵਾ ਸਰਕਾਰੀ ਸਕੂਲ, ਨਾਰਾ ਦੇ ਅਧਿਆਪਕ ਵੀ ਮੌਜੂਦ ਸਨ।

# ਪ੍ਰਾਪਰਟੀ ਟੈਕਸ ਦੇ ਬਿੱਲਾਂ ਦੀ ਕੁਲੈਕਸ਼ਨ ਸ਼ੁਰੂ : ਕਮਿਸ਼ਨਰ

**ਹੁਸ਼ਿਆਰਪੁਰ, 2 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕਮਿਸ਼ਨਰ ਨਗਰ ਨਿਗਮ ਡਾ.ਅਮਨਦੀਪ ਕੌਰ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਦਫਤਰ ਨਗਰ ਨਿਗਮ ਹੁਸ਼ਿਆਰਪੁਰ ਵਿਖੇ ਪ੍ਰਾਪਰਟੀ ਟੈਕਸ ਦੀ ਕੁਲੈਕਸ਼ਨ ਸ਼ੁਰੂ ਹੋ ਗਈ ਹੈ।ਇਸ ਕੰਮ ਲਈ ਨਗਰ ਨਿਗਮ ਦਫਤਰ ਵਿਖੇ ਕਾਊਂਟਰ ਸਥਾਪਿਤ ਕੀਤੇ ਗਏ ਹਨ।ਜਿਥੇ ਕਿ ਆਮ ਜਨਤਾ ਕੰਮ ਕਾਜ ਵਾਲੇ ਦਿਨ ਆ ਕੇ 10 ਫੀਸਦੀ ਰਿਬੇਟ ਨਾਲ ਆਪਣਾ ਪ੍ਰਾਪਰਟੀ ਟੈਕਸ ਚਾਲੂ ਸਾਲ ਦੇ ਟੈਕਸ ਦੀ ਅਦਾਇਗੀ ਕਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਨਗਰ ਨਿਗਮ ਦੇ ਕੈਸ਼ ਕਾਊਂਟਰ ਮਿਤੀ 28 (ਸ਼ਨੀਵਾਰ) ਅਤੇ 29 ਸਤੰਬਰ 2024 (ਐਤਵਾਰ) ਨੂੰ ਵੀ ਸਮਾਂ ਸਵੇਰੇ 10 ਵਜੇ ਤੋਂ ਸ਼ਾਮ 3 ਵਜੇ ਤੱਕ ਖੁੱਲ੍ਹੇ ਰਹਿਣਗੇ ਜਿਥੇ ਕਿ ਪਬਲਿਕ ਆਪਣਾ ਪ੍ਰਾਪਰਟੀ ਟੈਕਸ ਦੀ ਅਦਾਇਗੀ ਕਰ ਸਕਦੀ ਹੈ।ਉਨ੍ਹਾਂ ਦੱਸਿਆ ਕਿ ਆਮ ਜਨਤਾ ਵਲੋਂ ਕਾਊਂਟਰ ’ਤੇ ਆਪਣਾ ਟੈਕਸ ਜਮ੍ਹਾਂ ਕਰਵਾਉਣ ਸਮੇਂ ਘਰ ਦੇ ਬਾਹਰ ਲੱਗੀ ਯੂ.ਆਈ.ਡੀ. ਨੰਬਰ ਪਲੇਟ ਦਾ ਵੇਰਵਾ ਵੀ ਲਾਜ਼ਮੀ ਤੌਰ ’ਤੇ ਰਜਿਸਟਰਡ ਕਰਵਾਉਣ।

# ਫੂਡ ਸੇਫਟੀ ਵਿੰਗ ਦੇ ਅਧਿਕਾਰੀਆਂ ਦੁਕਾਨਾਂ ਦੀ ਕੀਤੀ ਚੈਕਿੰਗ

**ਫਾਜ਼ਿਲਕਾ, 2 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕਾਂ ਨੂੰ ਮਿਆਰੀ, ਮਿਲਾਵਟ ਰਹਿਤ ਅਤੇ ਸਾਫ—ਸੁਥਰੀਆਂ ਵਸਤਾਂ ਖਾਣ ਨੂੰ ਮਿਲਣ, ਇਸ ਕਰਕੇ ਡਿਪਟੀ ਕਮਿਸ਼ਨਰ ਫਾਜ਼ਿਲਕਾ ਅਮਰਪ੍ਰੀਤ ਕੌਰ ਸੰਧੂ ਦੇ ਦਿਸ਼ਾ—ਨਿਰਦੇਸ਼ਾ *ਤੇ ਸਿਹਤ ਵਿਭਾਗ ਦੇ ਫੂਡ ਸੇਫਟੀ ਵਿੰਗ ਦੇ ਅਧਿਕਾਰੀ ਮਿਠਾਈਆਂ ਅਤੇ ਖਾਣ ਪੀਣ ਵਾਲੀਆਂ ਦੁਕਾਨਾਂ ਦੀ ਚੈਕਿੰਗ ਕਰ ਰਹੇ ਹਨ।

ਫੂਡ ਸੇਫਟੀ ਵਿਭਾਗ ਦੇ ਅਧਿਕਾਰੀਆਂ ਨੇ ਦੁਕਾਨਦਾਰਾਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਲੋਕਾਂ ਨੂੰ ਉਚ ਗੁਣਵਤਾ ਵਾਲੀਆਂ ਵਸਤਾਂ ਹੀ ਮੁਹੱਈਆ ਕਰਵਾਈਆਂ ਜਾਣ।

ਉਨ੍ਹਾਂ ਕਿਹਾ ਕਿ ਲੋਕਾਂ ਦੀ ਸਿਹਤ ਨਾਲ ਕਿਸੇ ਨੂੰ ਖਿਲਵਾੜ ਕਰਨ ਦਾ ਹੱਕ ਨਹੀਂ ਹੈ ।

ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਚ ਤਿਉਹਾਰਾਂ ਨੂੰ ਧਿਆਨ ਵਿਚ ਰੱਖਦਿਆਂ ਵਿਸ਼ੇਸ਼ ਸਾਵਧਾਨੀ ਵਰਤੀ ਜਾਵੇ ਉਨ੍ਹਾਂ ਕਿਹਾ ਕਿ ਕੋਈ ਵੀ ਦੁਕਾਨਦਾਰ ਖਾਣ ਪੀਣ ਵਾਲੀਆਂ ਵਸਤਾਂ ਚ ਮਿਲਾਵਟ ਕਰਦਾ ਪਾਇਆ ਗਿਆ ਤਾਂ ਉਸ ਖਿਲਾਫ ਕਾਰਵਾਈ ਕੀਤੀ ਜਾਵੇਗੀ ।

# ਵਿਧਾਇਕ ਜਿੰਪਾ ਨੇ ਮਹਾਵੀਰ ਸੇਤੂ ’ਤੇ ਲਗਾਈਆਂ ਗਈਆਂ ਲਾਈਟਾਂ ਜਨਤਾ ਨੂੰ ਕੀਤੀਆਂ ਸਮਰਪਿਤ

**ਹੁਸ਼ਿਆਰਪੁਰ, 2 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਅੱਜ ਮਹਾਵੀਰ ਸੇਤੂ ’ਤੇ ਲੋਕਾਂ ਦੀ ਸੁਵਿਧਾ ਲਈ ਲਗਾਈਆਂ ਗਈਆਂ ਲਾਈਟਾਂ ਰਸਮੀ ਤੌਰ ’ਤੇ ਜਨਤਾ ਨੂੰ ਸਮਰਪਿਤ ਕੀਤੀਆਂ। ਇਸ ਮੌਕੇ ਇਕ ਸਧਾਰਨ ਸਮਾਰੋਹ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਸਥਾਨਕ ਲੋਕ ਅਤੇ ਪਤਵੰਤੇ ਵਿਅਕਤੀ ਹਾਜ਼ਰ ਸਨ।

ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਦੱਸਿਆ ਕਿ ਇਹ ਲਾਈਟਾਂ ਉਸ਼ਾ ਮਾਰਟਿਨ ਕੰਪਨੀ ਦੁਆਰਾ ਕਾਰਪੋਰੇਟ ਸਮਾਜਿਕ ਜਿੰਮੇਵਾਰੀਆਂ (ਸੀ.ਐਸ.ਆਰ) ਤਹਿਤ ਲਗਾਈਆਂ ਗਈਆਂ ਹਨ। ਇਸ ਕਾਰਜ ਲਈ ਕਰੀਬ 7 ਲੱਖ ਰੁਪਏ ਦੀ ਲਾਗਤ ਆਈ ਹੈ। ਉਨ੍ਹਾਂ ਊਸ਼ਾ ਮਰਟਿਨ ਦੇ ਪ੍ਰਬੰਧਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਕੰਪਨੀ ਨੇ ਇਸ ਕਾਰਜ ਰਾਹੀਂ ਸਮਾਜ ਪ੍ਰਤੀ ਆਪਣੀ ਜਿੰਮੇਵਾਰੀ ਨਿਭਾਉਂਦੇ ਹੋਏ ਇਹ ਪਹਿਲ ਕੀਤੀ ਹੈ, ਜਿਸ ਨਾਲ ਇਸ ਹਲਕੇ ਵਿਚ ਰਹਿਣ ਵਾਲੇ ਲੋਕਾਂ ਨੂੰ ਲਾਭ ਹੋਵੇਗਾ।

ਮਹਾਵੀਰ ਸੇਤੂ ’ਤੇ ਲਾਈਟਾਂ ਲੱਗਣ ਨਾਲ ਇਸ ਹਲਕੇ ਵਿਚ ਹੁਣ ਲੋਕਾਂ ਨੂੰ ਰਾਤ ਸਮੇਂ ਆਣ-ਜਾਣ ਵਿਚ ਕੋਈ ਪ੍ਰੇਸ਼ਾਨੀ ਨਹੀਂ ਹੋਵੇਗੀ। ਇਹ ਇਲਾਕਾ ਪਹਿਲੇ ਹਨੇਰੇ ਕਾਰਨ ਅਸੁਰੱਖਿਅਤ ਮੰਨਿਆ ਜਾਂਦਾ ਸੀ, ਪਰੰਤੂ ਹੁਣ ਲਾਈਟਾਂ ਲੱਗਣ ਨਾਲ ਲੋਕ ਸੁਰੱਖਿਅਤ ਮਹਿਸੂਸ ਕਰਨਗੇ ਅਤੇ ਰਾਤ ਸਮੇਂ ਵੀ ਬਿਨਾਂ ਡਰ ਸਫ਼ਰ ਕਰ ਸਕਣਗੇ।

ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਸਾਡਾ ਉਦੇਸ਼ ਹੈ ਕਿ ਅਸੀਂ ਆਪਣੇ ਹਲਕੇ ਦੇ ਲੋਕਾਂ ਨੂੰ ਹਰ ਸੰਭਵ ਸੁਵਿਧਾ ਪ੍ਰਦਾਨ ਕਰੀਏ। ਇਹ ਲਾਈਟਾਂ ਲੋਕਾਂ ਦੇ ਜੀਵਨ ਨੂੰ ਬੇਹਤਰ ਬਣਾਉਣ ਦੀ ਦਿਸ਼ਾ ਵਿਚ ਇਕ ਛੋਟਾ ਕਦਮ ਹੈ, ਪਰੰਤੂ ਇਸ ਦਾ ਪ੍ਰਭਾਵ ਵੱਡਾ ਹੋਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਆਉਣ ਵਾਲੇ ਸਮੇਂ ਵਿਚ ਹੋਰ ਵੀ ਕਈ ਵਿਕਾਸ ਯੋਜਨਾਵਾਂ ’ਤੇ ਕੰਮ ਕੀਤਾ ਜਾਵੇਗਾ, ਤਾਂ ਜੋ ਹਲਕੇ ਦੇ ਲੋਕਾਂ ਦਾ ਜੀਵਨ ਪੱਧਰ ਉਚਾ ਹੋ ਸਕੇ। ਇਸ ਮੌਕੇ ਮੇਅਰ ਸੁਰਿੰਦਰ ਕੁਮਾਰ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ, ਡਿਪਟੀ ਮੇਅਰ ਰਣਜੀਤ ਚੌਧਰੀ, ਕੌਂਸਲਰ ਪ੍ਰਦੀਪ ਬਿੱਟੂ, ਵਿਜੇ ਅਗਰਵਾਲ, ਮੋਹਿਤ ਸੈਣੀ, ਰੋਹਤਾਸ਼ ਜੈਨ, ਬਬਲਾ ਜੈਨ, ਅਸ਼ੋਕ ਜੈਨ, ਵਿਪਨ ਜੈਨ, ਅਸ਼ਵਨੀ ਛੋਟਾ ਤੋਂ ਇਲਾਵਾ ਹੋਰ ਪਤਵੰਤੇ ਵੀ ਮੌਜੂਦ ਸਨ।

# ਐਨ.ਓ.ਸੀ/ ਐਨ.ਡੀ.ਸੀ. ਨਾ ਮਿਲਣ ’ਤੇ ਹਲਫਨਾਮੇ ਦੇ ਨਾਲ ਦਾਖ਼ਲ ਕੀਤੇ ਜਾ ਸਕਦੇ ਨੇ ਨਾਮਜ਼ਦਗੀ ਪੱਤਰ

**ਫ਼ਤਹਿਗੜ੍ਹ ਸਾਹਿਬ, 2 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਚਾਇਤੀ ਚੋਣਾਂ ਸਬੰਧੀ ਨਾਮਜ਼ਦਗੀਆਂ ਦਾਖਲ ਕਰਨ ਨੂੰ ਲੈ ਕੇ ਰਾਜ ਚੋਣ ਕਮਿਸ਼ਨ, ਪੰਜਾਬ ਵੱਲੋਂ ਜਾਰੀ ਪੱਤਰ ਬਾਰੇ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ, ਡਾ. ਸੋਨਾ ਥਿੰਦ ਨੇ ਦੱਸਿਆ ਕਿ ਉਮੀਦਵਾਰਾਂ ਵੱਲੋਂ ਨਾਮਜ਼ਦਗੀਆਂ ਭਰਨ ਸਬੰਧੀ ਕਮਿਸ਼ਨ ਵੱਲੋਂ ਜਾਰੀ ਹਦਾਇਤਾਂ ਮੁਤਾਬਕ ਜੇਕਰ ਕਿਸੇ ਉਮੀਦਵਾਰ ਨੂੰ ਆਪਣੇ ਵੱਲੋਂ ਕੀਤੀਆਂ ਕੋਸ਼ਿਸ਼ਾਂ ਦੇ ਬਾਵਜੂਦ ਨਾਮਜ਼ਦਗੀ ਪੱਤਰ ਦੇ ਨਾਲ ਲਾਉਣ ਲਈ ਕਿਸੇ ਵੀ ਕਿਸਮ ਦੇ ਟੈਕਸ ਦੇ ਏਰੀਅਰ ਦੇ ਬਕਾਏ ਜਾਂ ਕਿਸੇ ਵੀ ਕਿਸਮ ਦੇ ਹੋਰ ਬਕਾਏ ਬਾਬਤ ਨੋ ਡੀਊ ਸਰਟੀਫਿਕੇਟ (ਐਨ.ਡੀ.ਸੀ.) ਸਬੰਧਤ ਅਥਾਰਟੀ ਵੱਲੋਂ ਜਾਰੀ ਨਹੀਂ ਹੁੰਦਾ ਜਾਂ ਕਿਸੇ ਵੀ ਅਥਾਰਟੀ ਦੀ ਕਿਸੇ ਵੀ ਕਿਸਮ ਦੀ ਜਾਇਦਾਦ ਉੱਤੇ ਕਬਜ਼ੇ ਸਬੰਧੀ ਨੋ ਅਬਜੈਕਸ਼ਨ ਸਰਟੀਫਿਕੇਟ (ਐਨ.ਓ.ਸੀ) ਜਾਰੀ ਨਹੀਂ ਹੁੰਦਾ ਤਾਂ ਸਬੰਧਤ ਉਮੀਦਵਾਰ ਆਪਣੇ ਵੱਲੋਂ ਇੱਕ ਹਲਫਨਾਮਾ ਨਾਮਜ਼ਦਗੀ ਪੱਤਰ ਦੇ ਨਾਲ ਲਾ ਕੇ ਕਾਗਜ਼ ਦਾਖਲ ਕਰ ਸਕਦਾ ਹੈ।

ਉਮੀਦਵਾਰ ਇਹ ਹਲਫਨਾਮਾ ਦੇਵੇਗਾ ਕਿ ਪੰਜਾਬ ਰਾਜ ਚੋਣ ਕਮਿਸ਼ਨ ਐਕਟ 1994 ਬਾਬਤ ਉਸ ਦੇ ਵੱਲ ਕਿਸੇ ਵੀ ਕਿਸਮ ਦੇ ਟੈਕਸਾਂ ਦੇ ਏਰੀਅਰ ਦਾ ਬਕਾਇਆ ਜਾਂ ਕੋਈ ਹੋਰ ਬਕਾਇਆ ਨਹੀਂ ਖੜ੍ਹਾ ਹੈ। ਨਾ ਹੀ ਕਿਸੇ ਅਥਾਰਟੀ ਦੀ ਜਾਇਦਾਦ ਉੱਤੇ ਉਸ ਵੱਲੋਂ ਕੋਈ ਨਾਜਾਇਜ਼ ਕਬਜ਼ਾ ਕੀਤਾ ਗਿਆ ਹੈ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਰਿਟਰਨਿੰਗ ਅਫ਼ਸਰ (ਆਰ.ਓ.) ਵੱਲੋਂ ਅਜਿਹੇ ਨਾਮਜ਼ਦਗੀ ਪੱਤਰ ਸਬੰਧਤ ਅਥਾਰਟੀਆਂ ਨੂੰ 24 ਘੰਟਿਆਂ ਦੇ ਵਿੱਚ-ਵਿੱਚ ਰਿਪੋਰਟ ਦੇਣ ਦੀ ਹਦਾਇਤ ਦੇ ਨਾਲ ਭੇਜੇ ਜਾਣਗੇ। ਜੇਕਰ 24 ਘੰਟਿਆਂ ਦੇ ਵਿੱਚ-ਵਿੱਚ ਸਬੰਧਤ ਅਥਾਰਟੀ ਵੱਲੋਂ ਰਿਪੋਰਟ ਨਹੀਂ ਦਿੱਤੀ ਜਾਂਦੀ ਤਾਂ ਇਹ ਮੰਨ ਲਿਆ ਜਾਵੇਗਾ ਕਿ ਪੰਜਾਬ ਰਾਜ ਚੋਣ ਕਮਿਸ਼ਨ ਐਕਟ 1994 ਸਬੰਧੀ ਉਮੀਦਵਾਰ ਕਿਸੇ ਵੀ ਕਿਸਮ ਦਾ ਡਿਫਾਲਟਰ ਨਹੀਂ ਹੈ ਅਤੇ ਨਾ ਹੀ ਉਸ ਨੇ ਅਣ ਅਧਿਕਾਰਤ ਤੌਰ ’ਤੇ ਕੋਈ ਕਬਜ਼ਾ ਕੀਤਾ ਹੋਇਆ ਹੈ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸਮੂਹ ਅਧਿਕਾਰੀਆਂ ਨੂੰ ਇਹਨਾਂ ਹਦਾਇਤਾਂ ਦੀ ਇਨ-ਬਿਨ ਪਾਲਣਾ ਯਕੀਨੀ ਬਣਾਉਣ ਲਈ ਕਹਿ ਦਿੱਤਾ ਗਿਆ ਹੈ।

# ਲਾਇਸੰਸੀ ਅਸਲਾ ਚੁੱਕ ਕੇ ਚੱਲਣ ’ਤੇ ਰੋਕ : ਜ਼ਿਲ੍ਹਾ ਮੈਜਿਸਟ੍ਰੇਟ

**ਬਠਿੰਡਾ, 2 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਮੈਜਿਸਟਰੇਟ ਸ਼੍ਰੀ ਸ਼ੌਕਤ ਅਹਿਮਦ ਪਰੇ ਨੇ ਪੰਚਾਇਤੀ ਚੋਣਾਂ-2024 ਦੇ ਸਨਮੁੱਖ ਜ਼ਿਲ੍ਹੇ ਦੀ ਹਦੂਦ ਅੰਦਰ ਅਮਨ ਅਤੇ ਕਾਨੂੰਨ ਵਿਵਸਥਾ ਬਣਾਈ ਰੱਖਣ ਲਈ ਭਾਰਤੀ ਨਾਗਰਿਕ ਸੁਰਖਿਆ ਸੰਹਿਤਾ ਦੀ ਧਾਰਾ 163 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਾ ਹੋਇਆ ਹੁਕਮ ਜਾਰੀ ਕੀਤੇ ਹਨ।

ਜਾਰੀ ਹੁਕਮਾਂ ਅਨੁਸਾਰ ਜ਼ਿਲ੍ਹੇ ਦੀ ਹਦੂਦ ਅੰਦਰ ਕਿਸੇ ਵੀ ਕਿਸਮ ਦਾ ਲਾਇਸੰਸੀ ਅਸਲਾ, ਵਿਸਫੋਟਕ ਸਮੱਗਰੀ, ਮਾਰੂ ਹਥਿਆਰ ਆਦਿ ਜਿਸ ਦੀ ਵਰਤੋਂ ਅਮਨ ਅਤੇ ਸ਼ਾਂਤੀ ਭੰਗ ਕਰਨ ਲਈ ਕੀਤੀ ਜਾ ਸਕਦੀ ਹੈ, ਨੂੰ ਹੁਕਮ ਜਾਰੀ ਹੋਣ ਦੀ ਮਿਤੀ ਤੋਂ 16 ਅਕਤੂਬਰ 2024 ਤੱਕ ਹਥਿਆਰ ਚੁੱਕ ਕੇ ਚੱਲਣ ’ਤੇ ਪੂਰਨ ਤੌਰ ’ਤੇ ਪਾਬੰਦੀ ਲਗਾਈ ਹੈ।

ਜ਼ਿਲ੍ਹੇ ਦੀ ਹਦੂਦ ਅੰਦਰ ਪੈਂਦੇ ਅਸਲਾ ਲਾਇਸੰਸ ਧਾਰਕਾਂ ਨੂੰ ਹੁਕਮ ਕਰਦਿਆਂ ਕਿਹਾ ਕਿ ਉਹ ਆਪਣੇ ਹਰ ਕਿਸਮ ਦੇ ਲਾਇਸੰਸੀ ਹਥਿਆਰ ਆਪਣੇ ਨਜ਼ਦੀਕੀ ਪੁਲਿਸ ਸਟੇਸ਼ਨ ਜਾਂ ਅਧਿਕਾਰਤ ਅਸਲਾ ਡੀਲਰਾਂ ਪਾਸ ਜਮ੍ਹਾ ਕਰਵਾਉਣ।

ਇਹ ਹੁਕਮ ਆਰਮੀ ਪਰਸੋਨਲ, ਪੈਰਾ ਮਿਲਟਰੀ ਫੋਰਸ, ਪੁਲਿਸ ਕਰਮਚਾਰੀਆਂ, ਬੈਂਕ ਸੁਰੱਖਿਆ ਗਾਰਡ, ਫੈਕਟਰੀ ਦੇ ਸਕਿਊਰਟੀ ਗਾਰਡਜ਼, ਪੈਟਰੋਲ ਪੰਪ ਮਾਲਕਾਂ, ਮਨੀ ਐਕਸਚੇਂਜ ਦੇ ਮਾਲਕਾਂ, ਜਵੈਲਰ ਸ਼ਾਪ ਮਾਲਕ, ਸਪੋਰਟਸ ਪਰਸਨ( ਉਹ ਸ਼ੂਟਰ ਜੋ ਨੈਸ਼ਨਲ ਰਾਈਫਲ ਐਸੋਸੀਏਸ਼ਨ ਦੇ ਮੈਂਬਰ ਹੋਣ ਅਤੇ ਕਿਸੇ ਈਵੈਂਟ ਵਿੱਚ ਭਾਗ ਲੈ ਰਹੇ ਹੋਣ), ਜਿੰਨ੍ਹਾਂ ਨੂੰ ਜ਼ੈੱਡ ਪੁਲਿਸ ਸਕਿਊਰਟੀ ਮਿਲੀ ਹੋਵੇ ਜਾਂ ਮਾਨਯੋਗ ਅਦਾਲਤ ਵੱਲੋਂ ਨਿੱਜੀ ਸੁਰੱਖਿਆ ਦੇ ਮੱਦੇਨਜ਼ਰ ਹਥਿਆਰ ਜਮ੍ਹਾਂ ਕਰਵਾਉਣ ਤੋਂ ਛੋਟ ਦਿੱਤੀ ਹੋਵੇ, ਨੂੰ ਹਥਿਆਰ ਜਮ੍ਹਾਂ ਕਰਵਾਉਣ ਤੋਂ ਛੋਟ ਦਿੱਤੀ ਜਾਂਦੀ ਹੈ।

# ਜ਼ਿਲ੍ਹਾ ਕੰਟਰੋਲਰ, ਖ਼ੁਰਾਕ ਸਿਵਲ ਸਪਲਾਈਜ਼ ਤੇ ਖਪਤਕਾਰ ਮਾਮਲੇ ਰੂਪਨਗਰ ਨੇ ਜ਼ਿਲ੍ਹੇ ਦੇ ਪੈਟਰੋਲ ਪੰਪਾਂ ਦੀ ਅਚਨਚੇਤ ਚੈਕਿੰਗ ਕੀਤੀ

**ਰੂਪਨਗਰ, 2 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਜਾਰੀ ਹਦਾਇਤਾਂ ਦੇ ਸਨਮੁੱਖ ਜ਼ਿਲ੍ਹਾ ਕੰਟਰੋਲਰ, ਖੁਰਾਕ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ, ਰੂਪਨਗਰ ਡਾ. ਕਿੰਮੀ ਵਨੀਤ ਕੌਰ ਸੇਠੀ ਵੱਲੋਂ ਜ਼ਿਲ੍ਹੇ ਦੇ ਪੈਟਰੋਲ ਪੰਪਾਂ ਦੀ ਅਚਨਚੇਤ ਚੈਕਿੰਗ ਕੀਤੀ ਗਈ।

ਇਸ ਦੌਰਾਨ ਡਾ. ਕਿੰਮੀ ਵਨੀਤ ਕੌਰ ਸੇਠੀ ਵੱਲੋਂ ਜ਼ਿਲ੍ਹਾ ਰੂਪਨਗਰ ਦੇ ਪੈਟਰੋਲ ਪੰਪਾਂ ਦੀ ਪੈਟਰੋਲ/ਡੀਜ਼ਲ ਦੀ ਮਾਤਰਾ, ਕੁਆਲਟੀ, ਸਟਾਕ ਬੋਰਡ, ਸ਼ਿਕਾਇਤ ਤੇ ਸੁਝਾਅ ਬਕਸੇ ਸਬੰਧੀ ਅਚਨਚੇਤ ਚੈਕਿੰਗ ਕੀਤੀ ਗਈ। ਚੈਕਿੰਗ ਦੌਰਾਨ ਪੈਟਰੋਲ ਪੰਪਾਂ ਤੇ ਉਪਲਬਧ ਜਨ ਸੁਵਿਧਾਵਾਂ ਜਿਵੇਂ ਕਿ ਪੀਣ ਵਾਲਾ ਪਾਣੀ, ਬਾਥਰੂਮ, ਗੱਡੀਆਂ ਵਿੱਚ ਹਵਾ ਭਰਨ ਵਾਲੀ ਮਸ਼ੀਨ ਆਦਿ ਦਾ ਮੁਆਇਨਾ ਵੀ ਕੀਤਾ ਗਿਆ। ਜ਼ਿਲ੍ਹਾ ਕੰਟਰੋਲਰ ਵੱਲੋਂ ਪੈਟਰੋਲ ਪੰਪਾਂ ਤੇ ਮੌਜੂਦ ਸਟਾਫ ਨੂੰ ਭਵਿੱਖ ਵਿੱਚ ਤੇਲ ਦੀ ਮਾਤਰਾ, ਕੁਆਲਟੀ ਅਤੇ ਉਕਤ ਜਨ ਸੁਵਿਧਾਵਾਂ ਨੂੰ ਸਹੀ ਰੱਖਣ ਦੀ ਹਦਾਇਤ ਕੀਤੀ ਗਈ।



ਇਸ ਦੌਰਾਨ ਉਨ੍ਹਾਂ ਵੱਲੋਂ ਖਪਤਕਾਰਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਤੇਲ ਪਵਾਉਣ ਤੋਂ ਪਹਿਲਾਂ ਮਸ਼ੀਨ ਉਤੇ ਜ਼ੀਰੋ ਚੈੱਕ ਕਰਨ ਅਤੇ ਤੇਲ ਪਵਾਉਣ ਉਪਰੰਤ ਬਿੱਲ ਲੈਣ ਲਈ ਕਿਹਾ ਗਿਆ।

ਉਨ੍ਹਾਂ ਕਿਹਾ ਕਿ ਕਿਸੇ ਵੀ ਸ਼ਿਕਾਇਤ ਦੀ ਸਥਿਤੀ ਵਿੱਚ ਖਪਤਕਾਰ ਆਪਣੇ ਨਜ਼ਦੀਕੀ ਖੁਰਾਕ ਸਪਲਾਈ ਦਫਤਰ ਵਿਖੇ ਸੰਪਰਕ ਕਰ ਸਕਦਾ ਹੈ ਅਤੇ ਭਵਿੱਖ ਵਿੱਚ ਵੀ ਅਜਿਹੀਆਂ ਚੈਕਿੰਗਾਂ ਜਾਰੀ ਰਹਿਣਗੀਆਂ।

ਇਸ ਮੌਕੇ ਨਿਰੀਖਕ ਨਾਪ ਤੋਲ ਰੂਪਨਗਰ ਰਣਜੀਤ ਸਿੰਘ ਭੁੱਲਰ ਅਤੇ ਏਰੀਆ ਸੇਲਜ਼ ਅਫਸਰ ਬੀ.ਪੀ.ਸੀ.ਐੱਲ. ਰੂਪਨਗਰ ਸੁਭਮ ਸਿੰਘ, ਨਿਰੀਖਕ ਖੁਰਾਕ ਸਪਲਾਈ ਰਵਿੰਦਰ ਸਿੰਘ ਅਤੇ ਰਣਵੀਰ ਸਿੰਘ ਹਾਜ਼ਰ ਸਨ।

# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਗੁਰਦਾਸਪੁਰ ਵੱਲੋਂ ਨਸ਼ਿਆਂ ਦੇ ਖਾਤਮੇ ਅਤੇ ਨਸ਼ਾ ਪੀੜਤਾਂ ਲਈ ਕਾਨੂੰਨੀ ਸਹਾਇਤਾ ਸਬੰਧੀ ਸੈਮੀਨਾਰ

**ਬਟਾਲਾ,2 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਦਿਸ਼ਾਂ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਗੁਰਦਾਸਪੁਰ ਵੱਲੋਂ ਸਰਕਾਰੀ ਪੋਲੀਟੈਕਨਿਕ ਕਾਲਜ ਬਟਾਲਾ ਵਿਖੇ ਪ੍ਰਿੰਸੀਪਲ ਦਵਿੰਦਰ ਸਿੰਘ ਭੱਟੀ ਦੀ ਅਗਵਾਈ ਹੇਠ ‘ਨਸ਼ਾ ਵਿਰੋਧੀ’ ਮੁਹਿੰਮ ਤਹਿਤ ਨਸ਼ਿਆਂ ਦੇ ਖਾਤਮੇ ਅਤੇ ਨਸ਼ਾ ਪੀੜਤਾਂ ਲਈ ਕਾਨੂੰਨੀ ਸਹਾਇਤਾ ਸਬੰਧੀ ਸੈਮੀਨਾਰ ਕੀਤਾ ਗਿਆ।

ਮੁਖ ਵਕਤਾ ਦੇ ਤੌਰ ਤੇ ਪਹੁੰਚੇ ਪੈਨਲ ਐਡਵੋਕੇਟ ਸੰਦੀਪ ਦੱਤਾ ਨੇ ਇਸ ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਵੱਡੀ ਗਿਣਤੀ ਵਿੱਚ ਹਾਜ਼ਰ ਵਿਦਿਆਰਥੀਆਂ ਅਤੇ ਸਟਾਫ ਨਾਲ ਵਿਚਾਰ ਸਾਂਝੇ ਕੀਤੇ। ਉਹਨਾਂ ਕਿਹਾ ਕਿ ਨਸ਼ਿਆਂ ਦੇ ਖਿਲਾਫ ਵਿੱਢੀ ਗਈ ਮੁਹਿੰਮ ਦੇ ਅੰਤਰਗਤ ਵੱਖ-ਵੱਖ ਵਿਭਾਗਾਂ ਨਾਲ ਤਾਲਮੇਲ ਕਰਕੇ ਨਸ਼ਿਆਂ ਨੂੰ ਜੜ੍ਹ ਤੋਂ ਖ਼ਤਮ ਕਰਨ ਲਈ ਮੁਹਿੰਮ ਚਲਾਈ ਜਾਵੇਗੀ।

ਉਨ੍ਹਾਂ ਦੱਸਿਆ ਕਿ ਇਸ ਮੁਹਿੰਮ ਤਹਿਤ ਪੈਨਲ ਵਕੀਲਾਂ, ਪੈਰਾ ਲੀਗਲ ਵਲੰਟੀਅਰ, ਪਿੰਡਾਂ, ਸਕੂਲਾਂ, ਕਾਲਜਾਂ ਤੋਂ ਇਲਾਵਾ ਜਨਤਕ ਥਾਵਾਂ ਤੇ ਵੱਖ-ਵੱਖ ਸੈਮੀਨਾਰ ਲਗਾ ਕੇ ਆਮ ਜਨਤਾ ਨੂੰ ਨਸ਼ਿਆਂ ਦੇ ਖਿਲਾਫ ਜਾਗਰੂਕ ਕੀਤਾ ਜਾਵੇਗਾ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਨਾਲਸਾ ਸਕੀਮ ਬਾਰੇ ਵੀ ਜਾਣੂ ਕਰਵਾਇਆ।

ਉਨਾਂ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵ ਬਾਰੇ ਦੱਸਦਿਆਂ ਹੋਇਆਂ ਟੋਲ ਫਰੀ ਨੰਬਰਾਂ ਬਾਰੇ ਜਾਣਕਾਰੀ ਦਿੱਤੀ।

ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਦਵਿੰਦਰ ਸਿੰਘ ਭੱਟੀ ਨੇ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਨੁਕਸਾਨ ਤੋਂ ਜਾਣੂ ਕਰਵਾ ਕੇ ਉਹਨਾਂ ਨੂੰ ਕਿਹਾ ਕਿ ਨਸ਼ਾ ਘਰ ਅਤੇ ਸਿਹਤ ਨੂੰ ਜੜ੍ਹੋਂ ਖ਼ਤਮ ਕਰ ਦਿੰਦਾ ਹੈ। ਉਨ੍ਹਾਂ ਨੇ ਵਿਦਿਆਥੀਆਂ ਨੂੰ ਆਪਣਾ ਜੀਵਨ ਸੁਚੱਜੇ ਢੰਗ ਨਾਲ ਜਿਊਣ ਬਾਰੇ ਪ੍ਰੇਰਿਤ ਕੀਤਾ ਗਿਆ।

ਇਸ ਮੌਕੇ ਮੁਖੀ ਵਿਭਾਗ ਰਾਜਦੀਪ ਸਿੰਘ ਬੱਲ, ਸ਼ਿਵ ਰਾਜਨ ਪੁਰੀ, ਮੈਡਮ ਰੇਖਾ ਅਤੇ ਪਲੇਸਮੈਂਟ ਅਫਸਰ ਜਸਬੀਰ ਸਿੰਘ ਨੇ ਵੀ ਵਿਦਿਆਰਥੀਆਂ ਨਾਲ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਉਹ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਗੁਰਦਾਸਪੁਰ ਨਾਲ ਰਲ਼ ਕੇ ਵਿਦਿਆਰਥੀਆਂ ਅਤੇ ਆਮ ਜਨਤਾ ਨੂੰ ਨਸ਼ਿਆਂ ਤੋਂ ਦੂਰ ਰਹਿਣ ਬਾਰੇ ਕਾਊਂਸਲਿੰਗ ਕਰਕੇ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕਰਨਗੇ। ਉਨ੍ਹਾਂ ਕਿਹਾ ਕਿ ਸਾਨੂੰ ਉਮੀਦ ਹੈ ਕਿ ਇਹ ਮੁਹਿੰਮ ਨਸ਼ਿਆਂ ਦੀ ਰੋਕਥਾਮ ਲਈ ਇੱਕ ਵੱਡਾ ਕਦਮ ਸਾਬਿਤ ਹੋਵੇਗੀ।

# ਡੀ.ਏ.ਪੀ ਦੇ ਵਿਕਲਪ ਦੇ ਤੌਰ ’ਤੇ ਖੇਤੀਬਾੜੀ ਵਿਚ ਹੋਰ ਖਾਦਾਂ ਦੀ ਕੀਤੀ ਜਾਵੇ ਵਰਤੋਂ : ਡਿਪਟੀ ਕਮਿਸ਼ਨਰ

**ਹੁਸ਼ਿਆਰਪੁਰ, 2 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਅੱਜ ਕਿਸਾਨਾਂ ਨੂੰ ਖੇਤੀਬਾੜੀ ਵਿਚ ਖਾਦਾਂ ਦੀ ਸਹੀ ਚੋਣ ਅਤੇ ਡੀ.ਏ.ਪੀ (ਡਾਈ-ਅਮੋਨਿਅਮ ਫਾਸਫੇਟ) ਦੇ ਵਿਕਲਪ ਦੇ ਰੂਪ ਵਿਚ ਹੋਰ ਖਾਦਾਂ ਦੀ ਵਰਤੋਂ ਨੂੰ ਉਤਸ਼ਾਹਿਤ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਸਹੀ ਖਾਦਾਂ ਦੀ ਚੋਣ ਨਾ ਕੇਵਲ ਫ਼ਸ਼ਲਾਂ ਦੀ ਮਿਆਰੀ ਪੈਦਾਵਾਰ ਬਰਕਰਾਰ ਰਹਿੰਦੀ ਹੈ, ਬਲਕਿ ਮਿੱਟੀ ਦੀ ਸਿਹਤ ਨੂੰ ਵੀ ਬਣਾਏ ਰੱਖਦੀ ਹੈ। ਉਨ੍ਹਾਂ ਦੱਸਿਆ ਕਿ ਡੀ.ਏ.ਪੀ ਦੇ ਵਿਕਲਪ ਦੇ ਰੂਪ ਵਿਚ ਐਨ.ਪੀ 12:32:16, ਸਿੰਗਲ ਸੁਪਰ ਫਾਸਫੇਟ, ਐਨ.ਪੀ.ਕੇ. 16:16:16 ਅਤੇ ਐਨ.ਪੀ.ਕੇ 20:20:0:13 ਵਰਗੀ ਖਾਦ ਫ਼ਸ਼ਲਾਂ ਲਈ ਬਹੁਤ ਉਪਯੋਗੀ ਹੈ ਅਤੇ ਮਿੱਟੀ ਵਿਚ ਜ਼ਰੂਰੀ ਪੌਸ਼ਟਿਕ ਤੱਤ ਦੀ ਪੂਰਤੀ ਕਰਦੇ ਹਨ।

ਡਿਪਟੀ ਕਮਿਸ਼ਨਰ ਨੇ ਵੱਖ-ਵੱਖ ਖਾਦਾਂ ਦੇ ਮਹੱਤਵ ਨੂੰ ਦੱਸਦੇ ਹੋਏ ਕਿਹਾ ਕਿ ਐਨ.ਪੀ. ਕੇ 12:32:16 ਇਸ ਵਿਚ ਨਾਈਟਰੋਜਨ, ਫਾਸਫੋਰਸ ਅਤੇ ਪੋਟਾਸ਼ ਦਾ ਸੰਤੁਲਨ ਮਿਸ਼ਰਨ ਹੁੰਦਾ ਹੈ, ਜੋ ਕਿ ਫਸਲਾਂ ਦੇ ਸ਼ੁਰੂਆਤੀ ਵਿਕਾਸ ਅਤੇ ਫੁੱਲ ਆਉਣ ਸਮੇਂ ਲਈ ਆਦਰਸ਼ ਹੈ। ਇਹ ਡੀ.ਏ.ਪੀ ਦਾ ਚੰਗਾ ਵਿਕਲਪ ਹੈ ਅਤੇ ਮਿੱਟੀ ਦੀ ਗੁਣਵੱਤਾ ਨੂੰ ਬਣਾਏ ਰੱਖਣ ਵਿਚ ਸਹਾਇਕ ਹੈ। ਸਿੰਗਲ ਸੁਪਰ ਫਾਸਫੇਟ ਵਿਚ 16 ਫੀਸਦੀ ਫਾਸਫੋਰਸ ਹੁੰਦਾ ਹੈ, ਜੋ ਕਿ ਹੋਲੀ-ਹੋਲੀ ਪੌਦਿਆਂ ਨੂੰ ਉਪਲਬੱਧ ਹੁੰਦਾ ਹੈ। ਇਸ ਵਿਚ ਸਲਫਰ ਦੀ ਵੀ ਚੰਗੀ ਮਾਤਰਾ ਹੁੰਦੀ ਹੈ, ਜੋ ਪੌਦਿਆਂ ਦੇ ਪੌਸ਼ਣ ਸਮਰੱਥਾ ਵਿਚ ਸੁਧਾਰ ਕਰਦਾ ਹੈ।

# ਜਨਤਕ ਛੁੱਟੀਆਂ ਅਤੇ ਗਜਟਿਡ ਛੁੱਟੀਆਂ ਦੌਰਾਨ ਕੋਈ ਵੀ ਨਾਮਜ਼ਦਗੀ ਪੇਪਰ ਨਹੀਂ ਲਏ ਜਾਣਗੇ

**ਮਲੇਰਕੋਟਲਾ, 2 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਡਾ ਪੱਲਵੀ ਨੇ ਜਾਣਕਾਰੀ ਦਿੰਦਿਆ ਦੱਸਿਆ ਕਿ ਜ਼ਿਲ੍ਹਾ ਮਾਲੇਰਕੋਟਲਾ ਅਧੀਨ ਪੈਂਦੇ ਤਿੰਨ ਬਲਾਕਾਂ ਮਾਲੇਰਕੋਟਲਾ,ਅਮਰਗੜ੍ਹ ਅਤੇ ਅਹਿਮਦਗੜ੍ਹ ਅਧੀਨ ਕੁੱਲ 176 ਪੰਚਾਇਤਾਂ ਦੇ ਸਰਪੰਚਾਂ ਅਤੇ ਪੰਚਾਂ ਲਈ ਗ੍ਰਾਮ ਪੰਚਾਇਤਾਂ ਦੀਆਂ ਚੋਣਾਂ 15 ਅਕਤੂਬਰ ਨੂੰ ਹੋਣਗੀਆਂ। ਗ੍ਰਾਮ ਪੰਚਾਇਤਾਂ ਦੇ ਰਾਖਵੇਂਕਰਨ ਦੀਆਂ ਸੂਚੀਆਂ ਜ਼ਿਲ੍ਹੇ ਦੇ ਸਮੂਹ ਬੀ.ਡੀ.ਪੀ.ਓ ਦਫ਼ਤਰਾਂ ਕੋਲ ਉਪਲਬੱਧ ਹਨ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੀ ਵੈਬਸਾਈਟ https://malerkotla.nic.in/document/reservation-list-of-blocks-of-district-malerkotla/ ਤੋਂ ਡਾਊਨਲੋਡ ਵੀ ਕੀਤੀਆਂ ਜਾ ਸਕਦੀਆਂ ਹਨ। ਸਾਰੀਆਂ ਸੂਚੀਆਂ ਬੀ.ਡੀ.ਪੀ.ਓਜ ਦਫ਼ਤਰਾਂ ਵਿਖੇ ਚਸਪਾ ਕੀਤੀਆਂ ਗਈਆਂ ਹਨ ਅਤੇ ਇਹ ਸੂਚੀਆਂ ਡੀ.ਡੀ.ਪੀ.ਓ ਦਫ਼ਤਰ ਵਿਖੇ ਵੀ ਉਪਲੱਬਧ ਹਨ।ਉਨ੍ਹਾਂ ਹੋਰ ਜਾਣਕਾਰੀ ਸਾਂਝੀ ਕਰਦਿਆ ਕਿਹਾ ਕਿ ਚਾਹਵਾਨ ਉਮੀਦਵਾਰਆਪਣੀਆਂ ਨਾਮਜਦਗੀਆਂ 4 ਅਕਤੂਬਰ 2024 ਤੱਕ ਸਵੇਰੇ 11 ਵਜੇ ਤੋਂ ਬਾਅਦ ਦੁਪਹਿਰ 3 ਵਜੇ ਤੱਕ ਭਰ ਸਕਦੇ ਹਨ। ਉਨ੍ਹਾਂ ਅੱਗੇ ਕਿਹਾ ਕਿ 28 ਸਤੰਬਰ 2024 ਨੂੰ ਨੈਗੋਸ਼ੀਏਬਲ ਇਸਟਰੂਮੈਂਟਐਕਟ ਅਧੀਨ ਜਨਤਕ ਛੁੱਟੀ ਹੋਣ ਕਾਰਨ ਅਤੇ ਮਿਤੀ 02 ਅਕਤੂਬਰ ਅਤੇ 03 ਅਕਤੂਬਰ ਦੀ ਗਜਟਿਡ ਛੁੱਟੀ ਹੋਣ ਕਾਰਨ ਕੋਈ ਵੀ ਨਾਮਜ਼ਦਗੀ ਸਵੀਕਾਰ ਨਹੀਂ ਕੀਤੀ ਜਾਵੇਗੀ ।

# ਕਾਂਗਰਸ ਨੂੰ ਨੁਕਸਾਨ ਪਹੁੰਚਾਉਣ ਲਈ ਭਾਜਪਾ ਨੇ ਰਾਮ ਰਹੀਮ ਤੇ ਕੇਜਰੀਵਾਲ ਜੇਲ੍ਹ ਤੋਂ ਛੁਡਵਾਏ: ਵਾਡਰਾ

**ਨਵੀਂ ਦਿੱਲੀ, 2 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਂਗਰਸ ਦੀ ਸੀਨਅਰ ਆਗੂ ਪ੍ਰਿਯੰਕਾ ਗਾਂਧੀ ਵਾਡਰਾ ਦੇ ਪਤੀ ਰਾਬਰਟ ਵਾਡਰਾ ਨੇ ਮੰਗਲਵਾਰ ਨੂੰ ਦੋਸ਼ ਲਾਇਆ ਕਿ ਡੇਰਾ ਸਿਰਸਾ ਮੁਖੀ ਗੁਰੀਮਤ ਰਾਮ ਰਹੀਮ ਅਤੇ 'ਆਪ' ਕਨਵੀਨਰ ਅਰਵਿੰਦ ਕੇਜਰੀਵਾਲ ਦੀ ਜੇਲ੍ਹ ਤੋਂ ਰਿਹਾਈ ਪਿੱਛੇ ਭਾਜਪਾ ਦਾ ਹੱਥ ਹੈ, ਤਾਂ ਕਿ ਇਹ ਦੋਵੇਂ ਹਰਿਆਣਾ ਚੋਣਾਂ ਵਿਚ ਪ੍ਰਚਾਰ ਕਰ ਕੇ ਕਾਂਗਰਸ ਨੂੰ ਨੁਕਸਾਨ ਪਹੁੰਚਾ ਸਕਣ।



ਉਨ੍ਹਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਜਪਾ ਦੇ ਚੋਟੀ ਦੇ ਆਗੂਆਂ ਵੱਲੋਂ ਉਨ੍ਹਾਂ (ਵਾਡਰਾ) ਦਾ ਨਾਂ 'ਅਪਮਾਨਜਨਕ ਢੰਗ ਨਾਲ' ਲਏ ਜਾਣ ਲਈ ਉਨ੍ਹਾਂ ਦੀ ਸਖ਼ਤ ਨਿਖੇਧੀ ਕੀਤੀ।

ਪੀਟੀਆਈ ਵੀਡੀਓਜ਼ ਨੂੰ ਦਿੱਤੀ ਇੰਟਰਵਿਊ ਵਿਚ ਉਨ੍ਹਾਂ ਕਿਹਾ, "ਜਦੋਂ ਬਾਬਾ ਰਾਮ ਰਹੀਮ, ਜਿਸ ਉਤੇ ਕਤਲ ਤੇ ਬਲਾਤਕਾਰ ਦੇ ਦੋਸ਼ ਹਨ, ਨੂੰ ਚੋਣਾਂ ਤੋਂ 20 ਦਿਨ ਪਹਿਲਾਂ (ਜੇਲ੍ਹ ਤੋਂ) ਰਿਹਾਅ ਕੀਤਾ ਜਾਂਦਾ ਹੈ ਤਾਂ ਤੁਸੀਂ (ਭਾਜਪਾ) ਉਸ ਨੂੰ ਪ੍ਰਚਾਰ ਲਈ ਰਿਹਾਅ ਕਰਦੇ ਹੋ ਮੈਂ ਕਹਾਂਗਾ ਕਿ ਕੇਜਰੀਵਾਲ ਜੀ ਨੂੰ ਐਨ ਚੋਣਾਂ ਸਮੇਂ ਜੇਲ੍ਹ ਤੋਂ ਕੱਢਿਆ ਜਾਣਾ, ਤਾਂ ਕਿ ਉਹ ਹਰਿਆਣਾ ਵਿਚ ਪ੍ਰਚਾਰ ਕਰ ਸਕਣ, ਵੀ ਮੇਰੇ ਖ਼ਿਆਲ ਵਿਚ ਇਹ ਭਾਜਪਾ ਦੀ ਚਾਲ ਹੈ।"

ਉਨ੍ਹਾਂ ਕਿਹਾ ਕਿ ਭਾਜਪਾ ਨੂੰ ਜਾਪਦਾ ਹੈ ਕਿ ਇਹ ਵਿਅਕਤੀ ਹਰਿਆਣਾ ਚੋਣਾਂ ਜਿੱਤਣ ਦੀਆਂ ਕਾਂਗਰਸ ਦੀਆਂ ਸੰਭਾਵਨਾਵਾਂ ਨੂੰ ਨੁਕਸਾਨ ਪਹੁੰਚਾ ਸਕਦੇ ਹਨ।

# ਕੇਂਦਰ ਸਰਕਾਰ ਕੁਝ ਅਰਬਪਤੀਆਂ ਲਈ ਕੰਮ ਕਰ ਰਹੀ : ਰਾਹੁਲ ਗਾਂਧੀ

**ਸੋਨੀਪਤ, 2 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਮੰਗਲਵਾਰ ਨੂੰ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਅਗਵਾਈ ਵਾਲੀ ਕੇਂਦਰ ਸਰਕਾਰ 'ਤੇ ਨਿਸ਼ਾਨਾ ਵਿੰਨ੍ਹਿਆ ਅਤੇ ਗਰੀਬਾਂ ਤੇ ਦਲਿਤਾਂ ਦੀ ਅਣਦੇਖੀ ਕਰਦੇ ਹੋਏ ਦੇਸ਼ ਦੇ ਕੁਝ ਅਰਬਪਤੀਆਂ ਲਈ ਕੰਮ ਕਰਨ ਦਾ ਦੋਸ਼ ਲਗਾਇਆ। ਰਾਹੁਲ ਗਾਂਧੀ 5 ਅਕਤੂਬਰ ਨੂੰ ਹੋਣ ਵਾਲੀਆਂ ਹਰਿਆਣਾ ਵਿਧਾਨ ਸਭਾ ਚੋਣਾਂ ਤੋਂ ਪਹਿਲੇ ਸੋਨੀਪਤ 'ਚ ਇਕ ਜਨ ਸਭਾ ਨੂੰ ਸੰਬੋਧਨ ਕਰ ਰਹੇ ਸਨ। ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਨਿਸ਼ਾਨਾ ਵਿੰਨ੍ਹਦੇ ਹੋਏ ਦੋਸ਼ ਲਗਾਇਆ ਕਿ ਉਨ੍ਹਾਂ ਦੀ ਸਰਕਾਰ ਸਿਰਫ਼ 'ਕੁਝ ਵੱਡੇ ਉਦਯੋਗਪਤੀਆਂ ਦੇ ਹਿੱਤਾਂ ਦੀ ਸੇਵਾ ਕਰਨ ਲਈ ਕੰਮ ਕਰ ਰਹੀ ਹੈ' ਅਤੇ ਗਰੀਬਾਂ, ਦਲਿਤਾਂ, ਕਿਸਾਨਾਂ ਤੇ ਨੌਜਵਾਨਾਂ ਦੇ ਕਲਿਆਣ ਲਈ ਕੁਝ ਨਹੀਂ ਕਰ ਰਹੀ ਹੈ। "ਕਾਂਗਰਸ ਆਗੂ ਨੇ ਕਿਹਾ,"ਇੱਥੇ ਆਉਂਦੇ ਸਮੇਂ



ਇਕ ਵਿਅਕਤੀ ਨੇ ਮੈਨੂੰ ਰੋਕਿਆ। ਉਸ ਨੇ ਮੈਨੂੰ ਦੱਸਿਆ ਕਿ ਉਹ ਇਕ ਛੋਟਾ ਜਿਹਾ ਵਪਾਰ ਚਲਾਉਂਦਾ ਹੈ। ਉਸ ਨੇ ਕਿਹਾ ਕਿ ਮੋਦੀ ਅਤੇ ਹਰਿਆਣਾ ਸਰਕਾਰ ਨੇ ਉਸ ਨੂੰ ਬਰਬਾਦ ਕਰ ਦਿੱਤਾ।"

ਰਾਹੁਲ ਨੇ ਕਿਹਾ,"ਜਦੋਂ ਮੈਂ ਉਸ ਤੋਂ ਇਸ ਦਾ ਕਾਰਨ ਪੁੱਛਿਆ ਤਾਂ ਉਸ ਨੇ ਕਿਹਾ ਕਿ ਨੋਟਬੰਦੀ ਲਾਗੂ ਕੀਤੀ ਗਈ ਅਤੇ ਗਲਤ ਜੀ.ਐੱਸ.ਟੀ. ਲਾਗੂ ਕੀਤੀ ਗਈ। ਜਦੋਂ ਮੈਂ ਪੁੱਛਿਆ ਕਿ ਉਨ੍ਹਾਂ ਨੇ (ਸਰਕਾਰ ਨੇ) ਅਜਿਹਾ ਕਿਉਂ ਕੀਤਾ ਤਾਂ ਉਸ ਨੇ ਮੈਨੂੰ ਦੱਸਿਆ ਕਿ ਉਨ੍ਹਾਂ ਨੇ ਅਡਾਨੀ ਅਤੇ ਅੰਬਾਨੀ ਦੀ ਮਦਦ ਕਰਨ ਲਈ ਅਜਿਹਾ ਕੀਤਾ।" ਕਾਂਗਰਸ ਦੇ ਸਾਬਕਾ ਪ੍ਰਧਾਨ ਨੇ ਕਿਹਾ,"ਹਰ ਕੋਈ ਜਾਣਦਾ ਹੈ ਕਿ ਕੇਂਦਰ ਸਰਕਾਰ ਅਤੇ ਹਰਿਆਣਾ ਸਰਕਾਰ 2-3 ਅਰਬਪਤੀਆਂ ਦੀ ਮਦਦ ਕਰਨ ਲਈ ਚੱਲ ਰਹੀ ਹੈ। ਤੁਹਾਡੇ ਕੋਲ ਰੁਜ਼ਗਾਰ ਦੇ ਜੋ ਵੀ ਰਸਤੇ ਸਨ, ਉਹ ਬੰਦ ਕਰ ਦਿੱਤੇ ਗਏ ਹਨ।"

ਉਨ੍ਹਾਂ ਕਿਹਾ ਕਿ ਪਹਿਲੇ ਛੋਟੇ ਅਤੇ ਮੱਧਮ ਵਪਾਰ ਹਰਿਆਣਾ 'ਚ ਰੁਜ਼ਗਾਰ ਪੈਦਾ ਕਰਦੇ ਸਨ ਪਰ ਹੁਣ ਇਹ ਬੰਦ ਹੋ ਗਏ ਹਨ। ਰਾਹੁਲ ਨੇ ਦੋਸ਼ ਲਗਾਇਆ ਕਿ ਅਗਨੀਵੀਰ ਯੋਜਨਾ ਫ਼ੌਜੀਆਂ ਦੀ ਪੈਨਸ਼ਨ, ਕੰਟੀਨ ਦੀ ਸਹੂਲਤ ਅਤੇ ਉਨ੍ਹਾਂ ਨੂੰ ਮਿਲਣ ਵਾਲੇ ਸ਼ਹੀਦ ਦੇ ਦਰਜੇ ਨੂੰ ਚੋਰੀ ਕਰਨ ਦਾ ਇਕ ਤਰੀਕਾ ਹੈ। ਕਾਂਗਰਸ ਨੇਤਾ ਨੇ ਹਰਿਆਣਾ 'ਚ ਨਸ਼ੀਲੇ ਪਦਾਰਥ ਦਾ ਮੁੱਦਾ ਵੀ ਚੁੱਕਿਆ ਅਤੇ ਅਡਾਨੀ ਵਲੋਂ ਕੰਟਰੋਲ ਗੁਜਾਰਤ ਬੰਦਰਗਾਹ 'ਤੇ ਕਈ ਨਸ਼ੀਲੇ ਪਦਾਰਥਾਂ ਦੀ ਜ਼ਬਤੀ ਦਾ ਜ਼ਿਕਰ ਕੀਤਾ। ਉਨ੍ਹਾਂ ਕਿਹਾ,"ਮੈਂ ਮੋਦੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਤੁਹਾਡੇ ਦੋਸਤ ਅਡਾਨੀ ਦੇ ਬੰਦਰਗਾਹ ਤੋਂ ਹਜ਼ਾਰਾਂ ਕਿਲੋਗ੍ਰਾਮ ਹੈਰੋਇਨ ਜ਼ਬਤ ਕੀਤੀ ਗਈ ਸੀ ਤਾਂ ਤੁਸੀਂ ਕੀ ਕਾਰਵਾਈ ਕੀਤੀ। ਤੁਸੀਂ ਇਸ ਲਈ ਕਿੰਨੇ ਲੋਕਾਂ ਨੂੰ ਜੇਲ ਭੇਜਿਆ।" ਰਾਹੁਲ ਨੇ ਕਿਹਾ,"ਜਦੋਂ ਨਰਿੰਦਰ ਮੋਦੀ 25 ਅਰਬਪਤੀਆਂ ਦਾ 16 ਲੱਖ ਕਰੋੜ ਰੁਪਏ ਮੁਆਫ਼ ਕਰਦੇ ਹਨ ਅਤੇ ਕਿਸਾਨਾਂ, ਵਿਦਿਆਰਥੀਆਂ, ਮਾਵਾਂ ਅਤੇ ਭੈਣਾਂ ਦਾ ਕਰਜ਼ ਮੁਆਫ਼ ਨਹੀਂ ਕਰਦੇ ਹਨ ਤਾਂ ਉਹ ਇਸ ਸੰਵਿਧਾਨ 'ਤੇ ਹਮਲਾ ਕਰ ਰਹੇ ਹਨ।"

## ਕੋਲਕਾਤਾ ਕਾਂਡ 'ਚ ਜੂਨੀਅਰ ਡਾਕਟਰਾਂ ਨੇ ਮੁੜ ਸ਼ੁਰੂ ਕੀਤੀ ਹੜਤਾਲ

**ਕੋਲਕਾਤਾ, 2 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਪਰੀਮ ਕੋਰਟ ਵੱਲੋਂ ਇਹ ਟਿੱਪਣੀ ਕੀਤੇ ਜਾਣ ਦੇ ਇਕ ਦਿਨ ਬਾਅਦ ਕਿ ਡਾਕਟਰਾਂ ਨੂੰ ਇਨ-ਪੇਸ਼ੈਂਟ ਅਤੇ ਆਊਟ-ਪੇਸ਼ੈਂਟ ਦੋਵਾਂ ਵਿਭਾਗਾਂ ਵਿਚ ਡਿਊਟੀ ਸਮੇਤ ਜ਼ਰੂਰੀ ਕੰਮ ਕਰਨੇ ਚਾਹੀਦੇ ਹਨ, ਪੱਛਮੀ ਬੰਗਾਲ ਵਿਚ ਅੰਦੋਲਨਕਾਰੀ ਜੂਨੀਅਰ ਡਾਕਟਰਾਂ ਨੇ ਮੰਗਲਵਾਰ ਨੂੰ ਮੁਕੰਮਲ ਕੰਮ ਦੀ ਹੜਤਾਲ ਕੀਤੀ। ਧਰਨਾਕਾਰੀ ਡਾਕਟਰਾਂ ਨੇ ਮੰਗ ਕੀਤੀ ਕਿ ਸੂਬਾ ਸਰਕਾਰ ਹਸਪਤਾਲਾਂ ਵਿਚ ਸੁਰੱਖਿਆ ਵਧਾਉਣ ਸਮੇਤ ਹੋਰ ਕਈ ਮੁੱਦਿਆਂ ਵੱਲ ਧਿਆਨ ਦੇਵੇ। ਡਾਕਟਰਾਂ ਨੇ ਮੰਗਲਵਾਰ ਸਵੇਰ ਤੋਂ ਅਣਮਿੱਥੇ ਸਮੇਂ ਲਈ ਅਤੇ ਮੁਕੰਮਲ ਹੜਤਾਲ 'ਤੇ ਜਾਣ ਦਾ ਐਲਾਨ ਕਰਨ ਤੋਂ ਪਹਿਲਾਂ ਲਗਭਗ ਸਾਰੀ ਰਾਤ ਗਵਰਨਿੰਗ ਬਾਡੀ ਦੀ ਮੀਟਿੰਗ ਕੀਤੀ। ਦਰਅਸਲ, 42 ਦਿਨਾਂ ਦੇ ਧਰਨੇ ਤੋਂ ਬਾਅਦ 21 ਸਤੰਬਰ ਨੂੰ ਡਾਕਟਰ ਸਰਕਾਰੀ ਹਸਪਤਾਲਾਂ ਵਿਚ ਆਪਣੀ ਡਿਊਟੀ 'ਤੇ ਅੰਸ਼ਕ ਤੌਰ 'ਤੇ ਪਰਤ ਗਏ ਸਨ। ਉਹ 9 ਅਗਸਤ ਨੂੰ ਆਰ. ਜੀ. ਕਰ ਮੈਡੀਕਲ ਕਾਲਜ ਅਤੇ ਹਸਪਤਾਲ ਵਿਚ ਇਕ ਆਨ-ਡਿਊਟੀ ਮਹਿਲਾ ਡਾਕਟਰ ਨਾਲ ਜਬਰ-ਜ਼ਿਨਾਹ ਅਤੇ ਹੱਤਿਆ ਦੇ ਖਿਲਾਫ ਹੜਤਾਲ 'ਤੇ ਸਨ। ਮੰਗਲਵਾਰ ਨੂੰ ਅੰਦੋਲਨਕਾਰੀ ਜੂਨੀਅਰ ਡਾਕਟਰਾਂ ਨੇ ਬੰਗਾਲ ਸਰਕਾਰ 'ਤੇ ਉਨ੍ਹਾਂ ਦੀਆਂ ਮੰਗਾਂ ਨਾ ਮੰਨਣ ਦਾ ਦੋਸ਼ ਲਗਾਇਆ ਅਤੇ ਬੁੱਧਵਾਰ 2 ਅਕਤੂਬਰ ਨੂੰ ਵਿਸ਼ਾਲ ਰੈਲੀ ਕਰਨ ਦਾ ਐਲਾਨ ਕੀਤਾ।

# ਗੋਵਿੰਦਾ ਆਪਣੀ ਹੀ ਰਿਵਾਲਵਰ ਦੀ ਗੋਲੀ ਨਾਲ ਜ਼ਖ਼ਮੀ

**ਮੁੰਬਈ, 2 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਬਾਲੀਵੁੱਡ ਅਦਾਕਾਰ ਗੋਵਿੰਦਾ ਮੰਗਲਵਾਰ ਤੜਕੇ ਉਦੋਂ ਜ਼ਖ਼ਮੀ ਹੋ ਗਏ ਜਦੋਂ ਉਨ੍ਹਾਂ ਦੀ ਰਿਵਾਲਵਰ ਤੋਂ ਅਚਾਨਕ ਗੋਲੀ ਚੱਲ ਗਈ, ਜਿਹੜੀ ਉਨ੍ਹਾਂ ਦੀ ਲੱਤ ਵਿਚ ਲੱਗੀ। ਪੁਲੀਸ ਮੁਤਾਬਕ ਗੋਵਿੰਦਾ ਉਦੋਂ ਆਪਣੀ ਜੁਹੂ ਸਥਿਤ ਰਿਹਾਇਸ਼ ਤੋਂ ਮੁੰਬਈ ਹਵਾਈ ਅੱਡੇ ਲਈ ਰਵਾਨਾ ਹੋਣ ਵਾਲੇ ਸਨ ਜਦੋਂ ਇਹ ਘਟਨਾ ਵਾਪਰੀ।

ਬਾਅਦ ਵਿਚ ਗੋਵਿੰਦਾ (60) ਨੇ ਆਪਣੇ ਪ੍ਰਸੰਸਕਾਂ ਲਈ ਇਕ ਬਿਆਨ ਜਾਰੀ ਕਰ ਕੇ ਜਾਣਕਾਰੀ ਦਿੱਤੀ ਕਿ ਡਾਕਟਰਾਂ ਨੇ ਉਨ੍ਹਾਂ ਦੀ ਲੱਤ ਵਿਚੋਂ ਗੋਲੀ ਕੱਢ ਦਿੱਤੀ ਹੈ ਅਤੇ ਉਹ ਹੁਣ 'ਆਪਣੇ ਪ੍ਰਸੰਸਕਾਂ ਦੇ ਪਿਆਰ ਤੇ ਦੁਆਵਾਂ ਸਦਕਾ' ਬਿਲਕੁਲ ਠੀਕ ਹਨ।

ਆਪਣੇ ਆਡੀਓ ਸੁਨੇਹੇ ਵਿਚ ਗੋਵਿੰਦਾ ਨੇ ਕਿਹਾ, "ਮੈਂ ਆਪਣੇ



ਪ੍ਰਸੰਸਕਾਂ, ਮਾਪਿਆਂ ਦੀਆਂ ਦੁਆਵਾਂ ਅਤੇ ਭਗਵਾਨ ਦੀ ਮਿਹਰ ਸਦਕਾ ਹੁਣ ਠੀਕ ਹਾਂ। ਮੈਨੂੰ ਇਕ ਗੋਲੀ ਲੱਗ ਗਈ ਸੀ, ਜੋ ਹੁਣ ਕੱਢ ਦਿੱਤੀ ਗਈ ਹੈ। ਮੈਂ ਇਸ ਲਈ ਡਾ. ਅਗਰਵਾਲ ਜੀ ਦਾ ਧੰਨਵਾਦੀ ਹਾਂ। ਤੁਹਾਡੀਆਂ ਸਭਨਾਂ ਦੀਆਂ ਦੁਆਵਾਂ ਲਈ ਵੀ ਸ਼ੁਕਰੀਆ।"

# ਸਕੂਲ ਬੱਸ ਨੂੰ ਅੱਗ ਲੱਗੀ, 25 ਵਿਦਿਆਰਥੀਆਂ ਤੇ ਅਧਿਆਪਕਾਂ ਦੀ ਮੌਤ ਹੋਣ ਦਾ ਖ਼ਦਸ਼ਾ

**ਬੈਂਕਾਕ, 2 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਥਾਈਲੈਂਡ ਦੀ ਰਾਜਧਾਨੀ ਬੈਂਕਾਕ ਵਿਚ ਮੰਗਲਵਾਰ ਨੂੰ ਇਕ ਸਕੂਲ ਬੱਸ ਨੂੰ ਅੱਗ ਲੱਗ ਜਾਣ ਕਾਰਨ 25 ਵਿਦਿਆਰਥੀਆਂ ਅਤੇ ਅਧਿਆਪਕਾਂ ਦੇ ਮਾਰੇ ਜਾਣ ਦਾ ਖ਼ਦਸ਼ਾ ਹੈ, ਜਦੋਂਕਿ ਹੋਰ 16 ਨੂੰ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ ਹੈ। ਸਰਕਾਰੀ ਅਧਿਕਾਰੀਆਂ ਨੇ ਦੱਸਿਆ ਕਿ ਬੱਸ ਰਾਹੀਂ ਵਿਦਿਆਰਥੀਆਂ ਨੂੰ ਵਿੱਦਿਅਕ ਦੌਰੇ ਲਈ ਲਿਜਾਇਆ ਜਾ ਰਿਹਾ ਸੀ।



ਪੁਲੀਸ ਨੇ ਭਾਵੇਂ ਫ਼ੌਰੀ ਤੌਰ 'ਤੇ ਮੌਤਾਂ ਅਤੇ ਜ਼ਖ਼ਮੀਆਂ ਦੀ ਗਿਣਤੀ ਦੀ ਪੁਸ਼ਟੀ ਨਹੀਂ ਕੀਤੀ, ਪਰ ਗ੍ਰਹਿ ਮੰਤਰੀ ਅਨੁਤਿਨ ਚਾਰਨਵਰਾਕੁਲ ਨੇ ਕਿਹਾ ਕਿ ਹਾਦਸੇ ਵਿਚ 25 ਜਾਨਾਂ ਚਲੇ ਜਾਣ ਦਾ ਖ਼ਦਸ਼ਾ ਹੈ।

ਟਰਾਂਸਪੋਰਟ ਮੰਤਰੀ ਸੂਰਿਆ ਜੌਂਗਰੂੰਗਰੁਨਾਕਿਤ ਨੇ ਦੱਸਿਆ ਕਿ 16 ਹੋਰ ਮੁਸਾਫ਼ਰਾਂ ਨੂੰ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਘਟਨਾ ਦੇ ਕਾਰਨਾਂ ਦਾ ਪਤਾ ਲਾਇਆ ਜਾ ਰਿਹਾ ਹੈ।

# ਭਾਰਤ ਨੇ ਬੰਗਲਾਦੇਸ਼ ਨੂੰ 7 ਵਿਕਟਾਂ ਨਾਲ ਹਰਾ ਕੇ ਲੜੀ 2-0 ਨਾਲ ਜਿੱਤੀ

**ਕਾਨਪੁਰ, 2 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਨੇ ਅੱਜ ਇਥੇ ਦੂਜੇ ਤੇ ਆਖ਼ਰੀ ਕ੍ਰਿਕਟ ਟੈਸਟ ਮੈਚ ਵਿਚ ਬੰਗਲਾਦੇਸ਼ ਨੂੰ 7 ਵਿਕਟਾਂ ਨਾਲ ਹਰਾ ਕੇ ਦੋ ਟੈਸਟ ਮੈਚਾਂ ਦੀ ਲੜੀ 2-0 ਨਾਲ ਜਿੱਤ ਲਈ। ਰਵਿੰਦਰ ਜਡੇਜਾ ਦੀ ਅਗਵਾਈ ਹੇਠ ਭਾਰਤੀ ਗੇਂਦਬਾਜ਼ਾਂ ਵੱਲੋਂ ਸ਼ਾਨਦਾਰ ਕਾਰਗੁਜ਼ਾਰੀ ਦਿਖਾਉਂਦਿਆਂ ਬੰਗਲਾਦੇਸ਼ ਦੀ ਪਾਰੀ ਨੂੰ ਮਲੀਆਮੇਟ ਕੀਤੇ ਜਾਣ ਤੋਂ ਬਾਅਦ ਭਾਰਤ ਨੇ ਆਪਣੀ ਦੂਜੀ ਪਾਰੀ ਵਿਚ ਜਿੱਤ ਲਈ ਲੋੜੀਂਦੀਆਂ 95 ਦੌੜਾਂ ਤਿੰਨ ਵਿਕਟਾਂ ਗੁਆ ਕੇ ਬਣਾ ਲਈਆਂ ਅਤੇ ਮੈਚ ਤੇ ਲੜੀ ਆਪਣੇ ਨਾਂ ਕਰ ਲਈ।



ਇਸ ਜਿੱਤ ਸਦਕਾ ਭਾਰਤ ਨੇ ਸੰਸਾਰ ਟੈਸਟ ਚੈਂਪੀਅਨਸ਼ਿਪ (ਡਬਲਿਊਟੀਸੀ) ਸੂਚੀ ਦੀ ਚੋਟੀ ਉਤੇ ਆਪਣੀ ਸਥਿਤੀ ਹੋਰ ਮਜ਼ਬੂਤ ਕਰ ਲਈ ਹੈ। ਨਾਲ ਹੀ ਭਾਰਤ ਨੇ ਆਪਣੀ ਧਰਤੀ ਉਤੇ ਲਗਾਤਾਰ 18ਵੀਂ ਟੈਸਟ ਲੜੀ ਜਿੱਤ ਕੇ ਆਪਣੇ ਹੀ ਰਿਕਾਰਡ ਵਿਚ ਹੋਰ ਸੁਧਾਰ ਵੀ ਕਰ ਲਿਆ ਹੈ।

ਬੰਗਲਾਦੇਸ਼ ਖ਼ਿਲਾਫ਼ ਆਪਣੀ ਦੂਜੀ ਪਾਰੀ ਵਿਚ 95 ਦੌੜਾਂ ਦੇ ਟੀਚੇ ਦਾ ਪਿੱਛਾ ਕਰਦਿਆਂ ਭਾਰਤ ਨੇ ਯਸ਼ਸਵੀ ਜੈਸਵਾਲ (51) ਅਤੇ ਵਿਰਾਟ ਕੋਹਲੀ (ਨਾਬਾਦ 29) ਵੱਲੋਂ ਤੀਜੀ ਵਿਕਟ ਲਈ ਨਿਭਾਈ 58 ਦੌੜਾਂ ਦੀ ਭਾਈਵਾਲੀ ਸਦਕਾ 17.2 ਓਵਰਾਂ ਵਿਚ 3 ਵਿਕਟਾਂ ਉਤੇ 98 ਦੌੜਾਂ ਬਣਾ ਕੇ ਆਸਾਨ ਜਿੱਤ ਦਰਜ ਕੀਤੀ। ਇਸ ਦੌਰਾਨ ਭਾਰਤ ਨੇ ਕਪਤਾਨ ਰੋਹਿਤ ਸ਼ਰਮਾ (8) ਅਤੇ ਸ਼ੁਭਮਨ ਗਿੱਲ (6) ਦੀਆਂ ਵਿਕਟਾਂ ਛੇਤੀ ਹੀ ਗਵਾ ਲਈਆਂ।

# ਅਦਾਕਾਰ ਰਜਨੀਕਾਂਤ ਹਸਪਤਾਲ ਦਾਖ਼ਲ, ਹਾਲਤ ਸਥਿਰ

**ਚੇਨਈ, 2 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਤਾਮਿਲ ਫਿਲਮਾਂ ਦੇ ਸੁਪਰ ਸਟਾਰ ਰਜਨੀਕਾਂਤ ਨੂੰ ਸੋਮਵਾਰ ਰਾਤ ਇਥੇ ਇਕ ਕਾਰਪੋਰੇਟ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ ਹੈ, ਜਿਥੇ ਇਸ 73 ਸਾਲਾ ਅਦਾਕਾਰ ਦੀ ਹਾਲਤ ਸਥਿਰ ਦੱਸੀ ਜਾਂਦੀ ਹੈ। ਜਾਣਕਾਰੀ ਮੁਤਾਬਕ ਉਨ੍ਹਾਂ ਦੇ ਮੰਗਵਾਰ ਨੂੰ ਦਿਨੇ ਕੁਝ ਟੈਸਟ ਕੀਤੇ ਜਾਣਗੇ ਅਤੇ ਸ਼ਾਮ ਤੱਕ ਹਸਪਤਾਲ ਤੋਂ ਛੁੱਟੀ ਦੇ ਦਿੱਤੇ ਜਾਣ ਦੇ ਆਸਾਰ ਹਨ।

ਤਾਮਿਲਨਾਡੂ ਦੇ ਰਾਜਪਾਲ ਆਰਐੱਨ ਰਵੀ ਅਤੇ ਮੁੱਖ ਮੰਤਰੀ ਐੱਮ ਕੇ ਸਟਾਲਿਨ ਨੇ ਉਨ੍ਹਾਂ ਦੀ ਛੇਤੀ ਸਿਹਤਯਾਬੀ ਦੀ ਕਾਮਨਾ ਕੀਤੀ ਹੈ। ਉਨ੍ਹਾਂ ਦੇ ਅਣਗਿਣਤ ਪ੍ਰਸੰਸਕਾਂ ਨੇ ਵੀ ਉਨ੍ਹਾਂ ਲਈ ਦੁਆਵਾਂ ਤੇ ਸ਼ੁਭਕਾਨਾਵਾਂ ਦੇ ਸੰਦੇਸ਼ ਭੇਜੇ ਹਨ।

## ਹੁਣਤੱਕ ਸਰਪੰਚ ਲਈ 784 ਨਾਮਜ਼ਦਗੀਆਂ ਅਤੇ ਪੰਚਾਂ ਲਈ 1446 ਨਾਮਜ਼ਦਗੀਆਂ ਪ੍ਰਾਪਤ ਹੋਈਆਂ

**ਚੰਡੀਗੜ੍ਹ, 2 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਅੱਜ ਇੱਥੇ ਇਹ ਪ੍ਰਗਟਾਵਾ ਕਰਦਿਆਂ ਰਾਜ ਚੋਣ ਕਮਿਸ਼ਨ ਦੇ ਇੱਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ 30.09.2024 ਤੱਕ ਸਰਪੰਚਾਂ ਲਈ ਕੁੱਲ 784 ਅਤੇ ਪੰਚਾਂ ਲਈ ਕੁੱਲ 1446 ਨਾਮਜ਼ਦਗੀਆਂ ਰਿਟਰਨਿੰਗ ਅਫ਼ਸਰਾਂ ਨੂੰ ਪ੍ਰਾਪਤ ਹੋਈਆਂ ਹਨ।

## ਆਮ ਆਦਮੀ ਪਾਰਟੀ ਨੇ ਪੰਜਾਬ ਵਿੱਚ ਨਿਰਪੱਖ ਅਤੇ ਪਾਰਦਰਸ਼ੀ ਪੰਚਾਇਤੀ ਚੋਣਾਂ ਕਰਵਾਉਣ ਦੀ ਕੀਤੀ ਮੰਗ

# ਹਰਪਾਲ ਸਿੰਘ ਚੀਮਾ ਦੀ ਅਗਵਾਈ 'ਚ 'ਆਪ' ਦੇ ਵਫ਼ਦ ਨੇ ਚੋਣ ਕਮਿਸ਼ਨ ਕੋਲ ਬੋਲੀ ਜਾਂ ਹੋਰ ਗਲਤ ਕੰਮਾਂ 'ਚ ਸ਼ਾਮਲ ਲੋਕਾਂ ਖਿਲਾਫ ਕਾਰਵਾਈ ਦੀ ਕੀਤੀ ਮੰਗ

**ਚੰਡੀਗੜ੍ਹ, 2 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿੱਚ ਆਮ ਆਦਮੀ ਪਾਰਟੀ (ਆਪ) ਦੇ ਸੀਨੀਅਰ ਆਗੂ ਹਰਪਾਲ ਸਿੰਘ ਚੀਮਾ ਦੀ ਅਗਵਾਈ ਵਿੱਚ ਇੱਕ ਵਫ਼ਦ 15 ਅਕਤੂਬਰ, 2024 ਤੋਂ ਹੋਣ ਵਾਲੀਆਂ ਪੰਚਾਇਤੀ ਚੋਣਾਂ ਸਬੰਧੀ ਗੰਭੀਰ ਚਿੰਤਾਵਾਂ/ਸਮਸਿਆਵਾਂ ਨੂੰ ਦੂਰ ਕਰਨ ਲਈ ਮੰਗਲਵਾਰ ਨੂੰ ਰਾਜ ਚੋਣ ਕਮਿਸ਼ਨ ਨੂੰ ਮਿਲਿਆ। ਇਸ ਮੀਟਿੰਗ ਦੌਰਾਨ, ਵਫ਼ਦ ਨੇ ਲੋਕਤੰਤਰ ਨੂੰ ਢਾਹ ਲਾਉਣ ਵਾਲੀਆਂ ਗੈਰ-ਕਾਨੂੰਨੀ ਗਤੀਵਿਧੀਆਂ ਦੀਆਂ ਚਿੰਤਾਜਨਕ ਰਿਪੋਰਟਾਂ ਨੂੰ ਲੈਕੇ ਕਮਿਸ਼ਨ ਨੂੰ ਆਜ਼ਾਦ, ਨਿਰਪੱਖ ਅਤੇ ਪਾਰਦਰਸ਼ੀ ਚੋਣ ਪ੍ਰਕਿਰਿਆ ਨੂੰ ਯਕੀਨੀ ਬਣਾਉਣ ਲਈ ਮੰਗ ਪਤਰ ਵੀ ਸੌਂਪਿਆ।

ਇੱਕ ਬਿਆਨ ਵਿੱਚ, ਚੀਮਾ ਨੇ ਪੰਚਾਇਤੀ ਪ੍ਰਣਾਲੀ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਇਸ ਨੂੰ ਲੋਕਤੰਤਰ ਦੀ ਸਭ ਤੋਂ ਛੋਟੀ ਪਰ ਮਹੱਤਵਪੂਰਨ ਇਕਾਈ ਦੱਸਿਆ। ਉਨ੍ਹਾਂ ਕਿਹਾ ਕਿ ਹਰ ਪੰਜ ਸਾਲ ਬਾਅਦ ਸਰਪੰਚ ਅਤੇ ਪੰਚ ਦੀਆਂ ਚੋਣਾਂ ਸਥਾਨਕ ਪ੍ਰਸ਼ਾਸਨ ਨੂੰ ਸਸ਼ਕਤ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ। ਇਹ ਚੋਣ ਸਿਰਫ਼ ਅਹੁਦਿਆਂ ਦੀ ਨਹੀਂ ਹੈ, ਇਹ ਪੰਜਾਬ ਦੇ ਲੋਕਾਂ ਦੀ ਅਵਾਜ਼ ਅਤੇ ਅਧਿਕਾਰਾਂ ਦੀ ਹੈ÷। ਪੰਜਾਬ ਦੇ ਚੋਣ ਕਮਿਸ਼ਨਰ ਨਾਲ ਮੁਲਾਕਾਤ ਲਈ ਉਨ੍ਹਾਂ ਦੇ ਨਾਲ 'ਆਪ' ਆਗੂ ਨੀਲ ਗਰਗ, ਡਾ. ਸੰਨੀ ਆਹਲੂਵਾਲੀਆ ਅਤੇ ਬੱਬੀ ਬਾਦਲ ਵੀ ਮੌਜੂਦ ਸਨ।



ਚੀਮਾ ਨੇ ਅਜਿਹੀਆਂ ਰਿਪੋਰਟਾਂ 'ਤੇ ਚਿੰਤਾ ਜ਼ਾਹਰ ਕੀਤੀ ਕਿ ਕੁਝ ਵਿਅਕਤੀ ਸਰਪੰਚ ਅਤੇ ਪੰਚ ਦੇ ਅਹੁਦਿਆਂ ਦੀ ਨਿਲਾਮੀ/ਬੋਲੀ ਵਿਚ ਸ਼ਾਮਲ ਹੋ ਕੇ ਚੋਣ ਪ੍ਰਕਿਰਿਆ ਵਿਚ ਹੇਰਾਫੇਰੀ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ÷ਇਹ ਅਨੈਤਿਕ ਅਭਿਆਸ ਨਾ ਸਿਰਫ਼ ਸਾਡੇ ਲੋਕਤੰਤਰੀ ਢਾਂਚੇ ਦੀ ਪਵਿੱਤਰਤਾ ਨੂੰ ਗੰਧਲਾ ਕਰਦਾ ਹੈ, ਸਗੋਂ ਜਨਤਕ ਪ੍ਰਤੀਨਿਧਤਾ ਦੇ ਤੱਤ ਨੂੰ ਵੀ ਖ਼ਤਰੇ ਵਿੱਚ ਪਾਉਂਦਾ ਹੈ। ਚੀਮਾ ਦੀ ਟਿੱਪਣੀ ਨੇ ਚੋਣ ਢਾਂਚੇ ਦੇ ਅੰਦਰ ਭ੍ਰਿਸ਼ਟਾਚਾਰ ਅਤੇ ਸੱਤਾ ਦੀ ਦੁਰਵਰਤੋਂ ਵਿਰੁੱਧ ਪਾਰਟੀ ਦੇ ਦ੍ਰਿੜ ਰੁਖ ਨੂੰ ਰੇਖਾਂਕਿਤ ਕੀਤਾ।

ਮੀਟਿੰਗ ਦੌਰਾਨ 'ਆਪ' ਦੇ ਨੁਮਾਇੰਦਿਆਂ ਨੇ ਚੋਣ ਕਮਿਸ਼ਨ ਨੂੰ ਅਪੀਲ ਕੀਤੀ ਕਿ ਅਜਿਹੀਆਂ ਕਿਸੇ ਵੀ ਬੇਨਿਯਮੀਆਂ ਵਿਰੁੱਧ ਤੁਰੰਤ ਕਾਰਵਾਈ ਕੀਤੀ ਜਾਵੇ ਅਤੇ ਜਾਂਚ ਨੂੰ ਤੁਰੰਤ ਯਕੀਨੀ ਬਣਾਇਆ ਜਾਵੇ। ਚੀਮਾ ਨੇ ਕਿਹਾ, ਅਸੀਂ ਚੋਣ ਕਮਿਸ਼ਨ ਨੂੰ ਸੁਚੇਤ ਰਹਿਣ ਅਤੇ ਕਿਸੇ ਵੀ ਕਿਸਮ ਦੀ ਚੋਣ ਗੜਬੜੀ ਵਿਰੁੱਧ ਨਿਰਣਾਇਕ ਕਾਰਵਾਈ ਕਰਨ ਦੀ ਮੰਗ ਕਰਦੇ ਹਾਂ। ਲੋਕਤੰਤਰ ਵਿੱਚ ਭ੍ਰਿਸ਼ਟਾਚਾਰ ਲਈ ਕੋਈ ਥਾਂ ਨਹੀਂ ਹੈ, ਅਤੇ ਸਾਨੂੰ ਆਦਰਸ਼ ਚੋਣ ਜ਼ਾਬਤੇ ਨੂੰ ਪੂਰੀ ਤਰ੍ਹਾਂ ਬਰਕਰਾਰ ਰੱਖਣਾ ਚਾਹੀਦਾ ਹੈ।

ਇਸ ਤੋਂ ਇਲਾਵਾ, 'ਆਪ' ਵਫ਼ਦ ਨੇ ਪੋਲਿੰਗ ਬੂਥਾਂ, ਖਾਸ ਤੌਰ 'ਤੇ ਸੰਵੇਦਨਸ਼ੀਲ ਅਤੇ ਅਤਿ ਸੰਵੇਦਨਸ਼ੀਲ ਖੇਤਰਾਂ 'ਤੇ ਸੁਰੱਖਿਆ ਉਪਾਵਾਂ ਦੀ ਲੋੜ ਨੂੰ ਉਜਾਗਰ ਕੀਤਾ। ਚੀਮਾ ਨੇ ਜ਼ੋਰ ਦੇ ਕੇ ਕਿਹਾ, ਵੋਟਾਂ ਤੋਂ ਤੁਰੰਤ ਬਾਅਦ ਗਿਣਤੀ ਸ਼ੁਰੂ ਹੋ ਜਾਵੇਗੀ, ਇਸ ਲਈ ਇਹ ਯਕੀਨੀ ਬਣਾਉਣਾ ਬਹੁਤ ਜ਼ਰੂਰੀ ਹੈ ਕਿ ਨਤੀਜਿਆਂ ਦੀ ਕਿਸੇ ਵੀ ਸੰਭਾਵੀ ਦੁਰਵਰਤੋਂ ਜਾਂ ਹੇਰਾਫੇਰੀ ਨੂੰ ਰੋਕਣ ਲਈ ਲੋੜੀਂਦੀ ਸੁਰੱਖਿਆ ਕੀਤੀ ਜਾਵੇ। ਉਨ੍ਹਾਂ ਨੇ ਐਸਐਸਪੀ, ਡੀਸੀ, ਐਸਡੀਐਮ ਅਤੇ ਹੋਰ ਸਬੰਧਤ ਅਧਿਕਾਰੀਆਂ ਸਮੇਤ ਸਥਾਨਕ ਅਧਿਕਾਰੀਆਂ ਨੂੰ ਚੋਣ ਪ੍ਰਕਿਰਿਆ ਦੀ ਅਖੰਡਤਾ ਦੀ ਰੱਖਿਆ ਲਈ ਸੁਰੱਖਿਆ ਪ੍ਰੋਟੋਕੋਲ ਨੂੰ ਲਾਗੂ ਕਰਨ ਦਾ ਕੰਮ ਸੌਂਪਣ ਦੀ ਬੇਨਤੀ ਕੀਤੀ।

ਸੁਰੱਖਿਆ ਚਿੰਤਾਵਾਂ ਤੋਂ ਇਲਾਵਾ, ਚੀਮਾ ਨੇ ਵੋਟਰਾਂ ਨੂੰ ਉਨ੍ਹਾਂ ਦੇ ਅਧਿਕਾਰਾਂ ਅਤੇ ਉਨ੍ਹਾਂ ਦੀਆਂ ਵੋਟਾਂ ਦੀ ਮਹੱਤਤਾ ਬਾਰੇ ਜਾਗਰੂਕ ਕਰਨ ਲਈ ਵੋਟਰ ਜਾਗਰੂਕਤਾ ਪਹਿਲਕਦਮੀਆਂ ਦਾ ਸੱਦਾ ਦਿੱਤਾ।

## ਝੋਨੇ ਦੀ ਖਰੀਦ ਦੇ ਪਹਿਲੇ ਦਿਨ ਹੀ ਡਿਪਟੀ ਕਮਿਸ਼ਨਰ ਨੇ ਸਨੌਰ ਮੰਡੀ ਦਾ ਕੀਤਾ ਦੌਰਾ, ਖਰੀਦ ਪ੍ਰਬੰਧਾਂ ਦਾ ਲਿਆ ਜਾਇਜ਼ਾ

# ਮੰਡੀਆਂ 'ਚ ਆਏ ਝੋਨੇ ਦੀ ਨਾਲੋਂ ਨਾਲ ਖਰੀਦ ਯਕੀਨੀ ਬਣਾਉਣ ਖਰੀਦ ਏਜੰਸੀਆਂ : ਡਿਪਟੀ ਕਮਿਸ਼ਨਰ



**ਪਟਿਆਲਾ, 2 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਪਟਿਆਲਾ ਡਾ. ਪ੍ਰੀਤੀ ਯਾਦਵ ਨੇ ਸਨੌਰ ਅਨਾਜ ਮੰਡੀ ਦਾ ਅੱਜ ਬਾਅਦ ਦੁਪਹਿਰ ਦੌਰਾ ਕੀਤਾ। ਇਸ ਮੌਕੇ ਉਨ੍ਹਾਂ ਨੇ ਝੋਨੇ ਦੀ ਖਰੀਦ ਦਾ ਜਾਇਜ਼ਾ ਲੈਂਦਿਆਂ ਖਰੀਦ ਏਜੰਸੀਆਂ ਦੇ ਅਧਿਕਾਰੀਆਂ ਨੂੰ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਖਰੀਦ ਪ੍ਰਬੰਧਾਂ ਦਾ ਖੁਦ ਜਾਇਜ਼ਾ ਲੈ ਰਹੇ ਹਨ, ਇਸ ਲਈ ਕਿਸੇ ਵੀ ਤਰ੍ਹਾਂ ਦੀ ਅਣਗਹਿਲੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਹਦਾਇਤ ਕੀਤੀ ਕਿ ਮੰਡੀਆਂ 'ਚ ਆਏ ਝੋਨੇ ਦੀ ਨਾਲੋਂ ਨਾਲ ਖਰੀਦ ਕਰਨੀ ਯਕੀਨੀ ਬਣਾਈ ਜਾਵੇ।

ਇਸ ਮੌਕੇ ਡਿਪਟੀ ਕਮਿਸ਼ਨਰ ਨੇ ਮੰਡੀ ਬੋਰਡ, ਮਾਰਕਿਟ ਕਮੇਟੀ, ਖਰੀਦ ਏਜੰਸੀਆਂ ਦੇ ਨੁਮਾਇੰਦਿਆਂ ਤੇ ਆੜ੍ਹਤੀਆਂ ਨਾਲ ਮੀਟਿੰਗ ਕਰਕੇ ਝੋਨੇ ਦੇ ਖਰੀਦ ਪ੍ਰਬੰਧਾਂ ਦਾ ਜਾਇਜ਼ਾ ਲਿਆ ਅਤੇ ਹਦਾਇਤ ਕੀਤੀ ਕਿ ਮੰਡੀ ਵਿੱਚ ਆਏ ਝੋਨੇ ਦੀ ਜਲਦੀ ਤੋਂ ਜਲਦੀ ਖਰੀਦ ਕਰਕੇ ਲਿਫ਼ਟਿੰਗ ਕਰਵਾਈ ਜਾਵੇ। ਡਿਪਟੀ ਕਮਿਸ਼ਨਰ ਨੇ ਸਾਰੀਆਂ ਖਰੀਦ ਏਜੰਸੀਆਂ ਦੇ ਇੰਸਪੈਕਟਰਾਂ ਨੂੰ ਕਿਹਾ ਕਿ ਉਹ ਕਿਸੇ ਕਿਸਾਨ ਦੀ ਪ੍ਰੇਸ਼ਾਨੀ ਦਾ ਸਬੱਬ ਨਾ ਬਣਨ ਅਤੇ ਉਨ੍ਹਾਂ ਦੀ ਜਿਣਸ ਦੀ ਮੰਡੀ 'ਚ ਆਮਦ ਹੋਣ ਸਮੇਂ ਪੱਖਾ ਆਦਿ ਲਗਣ ਮਗਰੋਂ ਤੁਰੰਤ ਖਰੀਦ ਕਰਵਾਉਣ। ਡਾ. ਪ੍ਰੀਤੀ ਯਾਦਵ ਨੇ ਨਾਲ ਹੀ ਕਿਸਾਨਾਂ ਨੂੰ ਵੀ ਅਪੀਲ ਕੀਤੀ ਕਿ ਉਹ ਆਪਣੀ ਸੁੱਕੀ ਜਿਣਸ ਹੀ ਮੰਡੀ 'ਚ ਲਿਆਉਣ ਤਾਂ ਕਿ ਉਨ੍ਹਾਂ ਦੀ ਫ਼ਸਲ ਦਾ ਵਾਜਬ ਭਾਅ ਮਿਲ ਸਕੇ ਤੇ ਉਨ੍ਹਾਂ ਨੂੰ ਮੰਡੀ 'ਚ ਜਿਆਦਾ ਸਮਾਂ ਨਾ ਬੈਠਣਾ ਪਵੇ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਚੁਸਤ-ਦਰੁਸਤ ਹੈ ਤੇ ਉਨ੍ਹਾਂ ਨੇ ਇਹ ਯਕੀਨੀ ਬਣਾਇਆ ਹੈ ਕਿ ਮੰਡੀਆਂ 'ਚ ਆਪਣੀ ਜਿਣਸ ਲੈ ਕੇ ਆ ਰਹੇ ਕਿਸਾਨਾਂ ਨੂੰ ਕਿਸੇ ਕਿਸਮ ਦੀ ਦਿਕਤ ਨਾ ਆਵੇ। ਇਸ ਮੌਕੇ ਜ਼ਿਲ੍ਹਾ ਮੰਡੀ ਅਫ਼ਸਰ ਮਨਦੀਪ ਸਿੰਘ ਸਮੇਤ ਵੱਖ-ਵੱਖ ਖਰੀਦ ਏਜੰਸੀਆਂ ਦੇ ਅਧਿਕਾਰੀ, ਆੜ੍ਹਤੀਏ ਅਤੇ ਕਿਸਾਨ ਵੀ ਮੌਜੂਦ ਸਨ।

# ਮਾਲ ਮੰਤਰੀ ਹਰਦੀਪ ਸਿੰਘ ਮੁੰਡੀਆਂ ਵੱਲੋਂ ਪਾਰਦਰਸ਼ੀ ਅਤੇ ਭ੍ਰਿਸ਼ਟਾਚਾਰ ਮੁਕਤ ਪ੍ਰਸ਼ਾਸ਼ਨ ਦੇਣ ਦਾ ਸੱਦਾ

**ਚੰਡੀਗੜ੍ਹ, 2 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਮੂਹ ਮਾਲ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਪਾਰਦਰਸ਼ੀ ਅਤੇ ਭ੍ਰਿਸ਼ਟਾਚਾਰ ਮੁਕਤ ਪ੍ਰਸ਼ਾਸ਼ਨ ਦੇਣ ਦਾ ਸੱਦਾ ਦਿੰਦਿਆਂ ਪੰਜਾਬ ਦੇ ਨਵ-ਨਿਯੁਕਤ ਮਾਲ ਮੰਤਰੀ ਸ. ਹਰਦੀਪ ਸਿੰਘ ਮੁੰਡੀਆਂ ਨੇ ਆਮ ਲੋਕਾਂ ਦੀ ਖੱਜਲ ਖੁਆਰੀ ਨੂੰ ਰੋਕਣਾ ਅਤੇ ਸਾਫ ਸੁਥਰਾ ਪ੍ਰਸ਼ਾਸਨ ਮੁਹੱਈਆ ਕਰਵਾਉਣ ਦੇ ਹੁਕਮ ਦਿੱਤੇ ਹਨ।

ਅੱਜ ਪੰਜਾਬ ਭਰ ਦੇ ਮਾਲ ਅਧਿਕਾਰੀਆਂ ਨਾਲ ਕੀਤੀ ਆਨ ਲਾਈਨ ਸਮੀਖਿਆ ਮੀਟਿੰਗ ਦੌਰਾਨ ਮਾਲ ਮੰਤਰੀ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੂੰ ਸਾਫ ਸੁਥਰਾ, ਇਮਾਨਦਾਰ ਤੇ ਭ੍ਰਿਸ਼ਾਚਾਰ ਮੁਕਤ ਪ੍ਰਸ਼ਾਸਨ ਦੇਣਾ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਤਰਜੀਹ ਹੈ।

ਉਨ੍ਹਾਂ ਸਮੂਹ ਜ਼ਿਲ੍ਹਾ ਮਾਲ ਅਧਿਕਾਰੀਆਂ, ਤਹਿਸੀਲਦਾਰਾਂ ਤੇ ਨਾਇਬ ਤਹਿਸੀਲਦਾਰਾਂ ਨੂੰ ਹਦਾਇਤ ਦਿੰਦਿਆਂ ਕਿਹਾ ਕਿ ਉਹ ਆਮ ਲੋਕਾਂ ਦੀ ਖੱਜਲ-ਖੁਆਰੀ ਨੂੰ ਰੋਕਣਾ ਯਕੀਨੀ ਬਣਾਉਣ ਅਤੇ ਦਫਤਰਾਂ ਵਿਖੇ ਕੰਮ ਲਈ ਆਏ ਆਮ ਲੋਕਾਂ ਦੇ ਬੈਠਣ ਦਾ ਪ੍ਰਬੰਧ, ਪੱਖੇ, ਪੀਣ ਦਾ ਪਾਣੀ ਅਤੇ ਬਾਥਰੂਮ ਆਦਿ ਪ੍ਰਬੰਧ ਤੁਰੰਤ ਕਰਨੇ ਯਕੀਨੀ ਬਣਾਉਣ।



ਸ. ਮੁੰਡੀਆਂ ਨੇ ਸਪੱਸ਼ਟ ਆਦੇਸ਼ ਦਿੰਦਿਆਂ ਕਿਹਾ ਕਿ ਸਮੂਹ ਮਾਲ ਅਧਿਕਾਰੀ ਆਪਣੇ ਦਫਤਰਾਂ ਵਿਖੇ ਸਮੇਂ ਸਿਰ ਹਾਜ਼ਰ ਹੋਣ ਅਤੇ ਆਮ ਲੋਕਾਂ ਦੇ ਕੰਮਾਂ ਨੂੰ ਪਹਿਲ ਦੇ ਆਧਾਰ 'ਤੇ ਕਰਨਾ ਯਕੀਨੀ ਬਣਾਉਣ।

ਉਨ੍ਹਾਂ ਨੇ ਕਈ ਤਹਿਸੀਲਾਂ ਤੇ ਸਬ-ਤਹਿਸੀਲਾਂ ਵਿਖੇ ਰਜਿਸਟਰੀਆਂ ਕਰਨ ਦੇ ਇੱਕ ਜਾਂ ਦੋ ਦਿਨ ਨਿਰਧਾਰਿਤ ਕਰਨ ਨੂੰ ਰੱਦ ਕਰਦਿਆਂ ਹੁਕਮ ਦਿੱਤੇ ਕਿ ਹੁਣ ਪੰਜਾਬ ਭਰ 'ਚ ਰੋਜ਼ਾਨਾ ਰਜਿਸਟਰੀਆਂ ਕੀਤੀਆਂ ਜਾਣ ਤਾਂ ਜੋ ਆਮ ਲੋਕਾਂ ਨੂੰ ਖੱਜਲ ਖੁਆਰੀ ਨਾ ਹੋਵੇ।

ਮਾਲ ਮੰਤਰੀ ਨੇ ਸਖਤ ਚੇਤਾਵਨੀ ਦਿੰਦਿਆਂ ਕਿਹਾ ਕਿ ਆਮ ਲੋਕਾਂ ਤੋਂ ਸਰਕਾਰੀ ਫੀਸ ਤੋਂ ਬਿਨ੍ਹਾਂ ਕੋਈ ਵੀ ਵਾਧੂ ਪੈਸਾ ਨਾ ਲਿਆ ਜਾਵੇ। ਉਨ੍ਹਾਂ ਸਪੱਸ਼ਟ ਕਰਦਿਆਂ ਕਿਹਾ ਕਿ ਜੋ ਵੀ ਅਧਿਕਾਰੀ/ਕਰਮਚਾਰੀ ਰਿਸ਼ਵਤਖੋਰੀ ਜਾਂ ਨਿਯਮਾਂ ਦੀ ਅਣਦੇਖੀ ਆਦਿ ਮਾਮਲਿਆਂ 'ਚ ਸ਼ਾਮਲ ਪਾਇਆ ਗਿਆ ਉਸ ਵਿਰੁੱਧ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤਾਂ ਦਿੰਦਿਆਂ ਕਿਹਾ ਕਿ ਆਮ ਲੋਕਾਂ ਨੂੰ ਆਪਣੀ ਸ਼ਿਕਾਇਤ ਦਰਜ ਕਰਵਾਉਣ ਲਈ ਮਾਲ ਵਿਭਾਗ ਦੇ ਹਰ ਦਫਤਰ ਦੇ ਬਾਹਰ ਬੋਰਡ 'ਤੇ ਵੱਟਸਅੱਪ ਨੰ: 84276 90000 ਲਿਖਿਆ ਜਾਵੇ।

ਮਾਲ ਮੰਤਰੀ ਨੇ ਅੱਗੇ ਕਿਹਾ ਕਿ ਲੋਕਾਂ ਦੇ ਚੁਣੇ ਹੋਏ ਨੁਮਾਇੰਦਿਆਂ ਦਾ ਮਾਣ ਸਤਿਕਾਰ ਕੀਤਾ ਜਾਵੇ ਅਤੇ ਕਿਸੇ ਵੀ ਰਾਜਨੀਤਿਕ ਦਬਾਅ ਤੋਂ ਮੁਕਤ ਹੋ ਕੇ, ਕਾਨੂੰਨ ਤੇ ਨਿਯਮਾਂ 'ਚ ਰਹਿ ਕੇ ਮਾਲ ਵਿਭਾਗ ਨਾਲ ਸਬੰਧਤ ਜਾਇਜ਼ ਕੰਮ ਕੀਤੇ ਜਾਣ ਅਤੇ ਪੰਜਾਬ ਸਰਕਾਰ ਦੀਆਂ ਤਰਜੀਹਾਂ ਅਨੁਸਾਰ ਕੰਮ ਕੀਤਾ ਜਾਵੇ।

ਇਸ ਮੌਕੇ ਵਿਸ਼ੇਸ਼ ਮੁੱਖ ਸਕੱਤਰ ਮਾਲ ਸ੍ਰੀ ਕੇ.ਏ.ਪੀ. ਸਿਨਹਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਹਰ ਰੋਜ਼ ਸਮੂਹ ਮਾਲ ਅਧਿਕਾਰੀਆਂ ਦੀ ਹਾਜ਼ਰੀ ਲਾਗ ਇੰਨ ਪ੍ਰਣਾਲੀ ਰਾਹੀਂ ਚੈੱਕ ਕੀਤੀ ਜਾਵੇਗੀ ਤਾਂ ਜੋ ਸਮੂਹ ਅਧਿਕਾਰੀ ਸਮੇਂ ਸਿਰ ਦਫਤਰਾਂ ਵਿਖੇ ਹਾਜ਼ਰ ਹੋਣ ਅਤੇ ਲੋਕਾਂ ਦੇ ਕੰਮ ਪ੍ਰਮੁੱਖਤਾ ਨਾਲ ਕੀਤੇ ਜਾਣ। ਉਨ੍ਹਾਂ ਕਿਹਾ ਕਿ ਪਿਛਲੇ ਦੋ ਸਾਲਾਂ ਦੇ ਸਮੇਂ ਦੌਰਾਨ ਵਿਭਾਗ ਨੇ ਪੰਜਾਬ ਸਰਕਾਰ ਦੇ ਖ਼ਜ਼ਾਨੇ ਦੀ ਆਮਦਨ 3 ਹਜ਼ਾਰ ਕਰੋੜ ਤੋਂ ਵਧਾ ਕੇ 6 ਹਜ਼ਾਰ ਕਰੋੜ ਤੱਕ ਪਹੁੰਚਾ ਦਿੱਤੀ ਹੈ। ਇਸੇ ਤਰ੍ਹਾਂ 78 ਨਾਇਬ ਤਹਿਸੀਲਦਾਰਾਂ ਦੀ ਨਿਯੁਕਤੀ ਕਰਕੇ ਮਾਲ ਵਿਭਾਗ ਕੇ ਕੰਮਾਂ 'ਚ ਤੇਜ਼ੀ ਲਿਆਂਦੀ ਹੈ।ਉਨ੍ਹਾਂ ਮਾਲ ਮੰਤਰੀ ਨੂੰ ਭਰੋਸਾ ਦਿੰਦਿਆਂ ਕਿਹਾ ਕਿ ਸੂਬਾ ਸਰਕਾਰ ਦੀਆਂ ਪ੍ਰਮੁੱਖਤਾਵਾਂ ਅਨੁਸਾਰ ਮਾਲ ਵਿਭਾਗ ਲਗਾਤਾਰ ਕਾਰਜਸ਼ੀਲ ਹੈ ਅਤੇ ਪੂਰੀ ਮਿਹਨਤ ਨਾਲ ਲੋਕਾਂ ਨੂੰ ਸੇਵਾਂਵਾ ਅਤੇ ਸੁਵਿਧਾਵਾਂ ਮੁਹੱਈਆ ਕਰਵਾ ਰਿਹਾ ਹੈ। ਇਸ ਮੀਟਿੰਗ ਦੌਰਾਨ ਸਕੱਤਰ ਮਾਲ ਸ੍ਰੀਮਤੀ ਅਲਕ ਨੰਦਾ ਦਿਆਲ, ਵਿਸ਼ੇਸ਼ ਸਕੱਤਰ ਮਾਲ ਸ੍ਰੀ ਹਰਪ੍ਰੀਤ ਸਿੰਘ ਸੂਦਨ, ਵਿਸ਼ੇਸ਼ ਸਕੱਤਰ ਅਤੇ ਡਾਇਰੈਕਟਰ ਲੈਂਡ ਰਿਕਾਰਡ ਸ੍ਰੀ ਉਪਕਾਰ ਸਿੰਘ ਤੋਂ ਇਲਾਵਾ ਵਿਭਾਗ ਦੀਆਂ ਵੱਖ-ਵੱਖ ਬਰਾਂਚਾਂ ਦੇ ਅਧਿਕਾਰੀ ਤੇ ਕਰਮਚਾਰੀ ਹਾਜ਼ਰ ਸਨ।

## ਖੇਤੀਬਾੜੀ ਵਿਭਾਗ ਵੱਲੋਂ ਸਬਸਿਡੀ ਵਾਲੀਆਂ ਪਰਾਲੀ ਪ੍ਰਬੰਧਨ ਮਸ਼ੀਨਾਂ ਦੀ ਖਰੀਦ ਲਈ 16,205 ਮਨਜ਼ੂਰੀ ਪੱਤਰ ਜਾਰੀ: ਗੁਰਮੀਤ ਸਿੰਘ ਖੁੱਡੀਆਂ

**ਚੰਡੀਗੜ੍ਹ, 2 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਵਿੱਚ ਪਰਾਲੀ ਸਾੜਨ ਦੀਆਂ ਘਟਨਾਵਾਂ ਨੂੰ ਠੱਲ੍ਹ ਪਾਉਣ ਅਤੇ ਪਰਾਲੀ ਦੇ ਸੁਚੱਜੇ ਪ੍ਰਬੰਧਨ ਲਈ ਪੰਜਾਬ ਸਰਕਾਰ ਨੇ 8045 ਨੋਡਲ ਅਫ਼ਸਰ ਨਿਯੁਕਤ ਕੀਤੇ ਹਨ। ਇਹ ਨੋਡਲ ਅਫ਼ਸਰ ਸੂਬੇ ਵਿੱਚ ਪਰਾਲੀ ਸਾੜਨ ਦੀਆਂ ਘਟਨਾਵਾਂ ਵਿਸ਼ੇਸ਼ ਕਰਕੇ ਜਿਹੜੇ ਇਲਾਕਿਆਂ ਵਿੱਚੋਂ ਪਰਾਲੀ ਸਾੜਨ ਦੇ ਜ਼ਿਆਦਾ ਮਾਮਲੇ ਸਾਹਮਣੇ ਆਉਂਦੇ ਹਨ, ਉਤੇ ਲਗਾਤਾਰ ਨਜ਼ਰ ਰੱਖਣਗੇ।



ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਪੰਜਾਬ ਦੇ ਖੇਤੀਬਾੜੀ ਤੇ ਕਿਸਾਨ ਭਲਾਈ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ ਦੱਸਿਆ ਕਿ ਝੋਨੇ ਦੀ ਕਟਾਈ ਦੇ ਸੀਜ਼ਨ ਦੌਰਾਨ ਪਰਾਲੀ ਸਾੜਨ ਦੀਆਂ ਘਟਨਾਵਾਂ ਨੂੰ ਰੋਕਣ ਲਈ 79 ਐਸ.ਡੀ.ਐਮਜ਼, 108 ਤਹਿਸੀਲਦਾਰ, 108 ਡੀ.ਐਸ.ਪੀਜ਼, 1140 ਕਲੱਸਟਰ ਅਫ਼ਸਰ ਅਤੇ ਹੋਰ ਸਟਾਫ਼ ਦੀ ਡਿਊਟੀ ਲਗਾਈ ਗਈ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਨੋਡਲ ਅਫ਼ਸਰਾਂ ਨੂੰ ਵਾਢੀ ਤੋਂ ਬਾਅਦ ਦੀਆਂ ਗਤੀਵਿਧੀਆਂ ਦੀ ਨੇੜਿਓਂ ਨਿਗਰਾਨੀ ਕਰਨ ਦਾ ਕੰਮ ਸੌਂਪਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਉਕਤ ਅਧਿਕਾਰੀ ਤੇ ਸਟਾਫ ਜਾਣਕਾਰੀ, ਸਿੱਖਿਆ ਅਤੇ ਸੰਚਾਰ (ਆਈ.ਈ.ਸੀ.) ਸਬੰਧੀ ਵੱਖ-ਵੱਖ ਗਤੀਵਿਧੀਆਂ ਵਿੱਚ ਸ਼ਾਮਲ ਹੋਵੇਗਾ, ਜਿਸ ਵਿੱਚ ਕਿਸਾਨਾਂ ਨਾਲ ਮੀਟਿੰਗਾਂ ਕਰਕੇ ਉਨ੍ਹਾਂ ਨੂੰ ਪਰਾਲੀ ਪ੍ਰਬੰਧਨ (ਸੀ.ਆਰ.ਐਮ.) ਮਸ਼ੀਨਾਂ ਦੀ ਵਰਤੋਂ ਬਾਰੇ ਉਤਸ਼ਾਹਿਤ ਕਰਨਾ ਆਦਿ ਸ਼ਾਮਲ ਹੈ।

ਸੂਬੇ ਦੇ ਕਿਸਾਨਾਂ ਨੂੰ ਪਰਾਲੀ ਦੇ ਸੁਚਾਰੂ ਪ੍ਰਬੰਧਨ ਲਈ ਫ਼ਸਲੀ ਰਹਿੰਦ-ਖੂੰਹਦ ਪ੍ਰਬੰਧਨ (ਸੀ.ਆਰ.ਐਮ.) ਮਸ਼ੀਨਰੀ ਦੀ ਵਰਤੋਂ ਕਰਨ ਦੀ ਅਪੀਲ ਕਰਦਿਆਂ ਖੇਤੀਬਾੜੀ ਮੰਤਰੀ ਨੇ ਦੱਸਿਆ ਕਿ ਸੂਬਾ ਸਰਕਾਰ ਵੱਲੋਂ 'ਉੱਨਤ ਕਿਸਾਨ' ਮੋਬਾਈਲ ਐਪਲੀਕੇਸ਼ਨ ਦੀ ਸ਼ੁਰੂਆਤ ਕੀਤੀ ਗਈ ਹੈ, ਜਿਸ ਦਾ ਉਦੇਸ਼ ਕਿਸਾਨਾਂ ਖਾਸ ਕਰਕੇ ਛੋਟੇ ਅਤੇ ਸੀਮਾਂਤ ਕਿਸਾਨਾਂ ਦੀ ਸੀ.ਆਰ.ਐਮ. ਮਸ਼ੀਨਾਂ ਤੱਕ ਪਹੁੰਚ ਆਸਾਨ ਕਰਨਾ ਹੈ। ਉਨ੍ਹਾਂ ਦੱਸਿਆ ਕਿ ਇਸ ਐਪ 'ਤੇ 1.30 ਲੱਖ ਤੋਂ ਵੱਧ ਸੀ.ਆਰ.ਐਮ. ਮਸ਼ੀਨਾਂ ਸੂਚੀਬੱਧ ਹਨ, ਜਿਸ ਜ਼ਰੀਏ ਕਿਸਾਨ ਆਸਾਨੀ ਨਾਲ ਮਸ਼ੀਨ ਬੁੱਕ ਕਰ ਸਕਦੇ ਹਨ।

ਸ. ਗੁਰਮੀਤ ਸਿੰਘ ਖੁੱਡੀਆਂ ਨੇ ਦੱਸਿਆ ਕਿ ਕਿਸਾਨਾਂ ਨੇ ਹੁਣ ਤੱਕ ਕੁੱਲ 8635 ਸੀ.ਆਰ.ਐਮ ਮਸ਼ੀਨਾਂ ਖ਼ਰੀਦ ਲਈਆਂ ਹਨ ਅਤੇ ਖੇਤੀਬਾੜੀ ਵਿਭਾਗ ਵੱਲੋਂ ਸਬਸਿਡੀ 'ਤੇ ਸੀ.ਆਰ.ਐਮ. ਮਸ਼ੀਨਾਂ ਦੀ ਖਰੀਦ ਲਈ 16,205 ਮਨਜ਼ੂਰੀ ਪੱਤਰ ਜਾਰੀ ਕੀਤੇ ਜਾ ਚੁੱਕੇ ਹਨ।

# ਸਿਹਤ ਵਿਭਾਗ ਵੱਲੋਂ ਡਾ. ਤਰਸੇਮ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਵਿਸ਼ਵ ਦਿਲ ਦਿਵਸ ਮਨਾਇਆ ਗਿਆ

**ਰੂਪਨਗਰ, 2 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਵਲ ਸਰਜਨ ਰੂਪਨਗਰ ਡਾ.ਤਰਸੇਮ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅਤੇ ਜ਼ਿਲ੍ਹਾ ਪਰਿਵਾਰ ਭਲਾਈ ਅਫਸਰ ਡਾ. ਸਵਪਨਜੀਤ ਕੌਰ ਦੀ ਅਗਵਾਈ ਹੇਠ ਅੱਜ ਵਿਸ਼ਵ ਦਿਲ ਦਿਵਸ ਮਨਾਇਆ ਗਿਆ।

ਇਸ ਮੌਕੇ ਬੋਲਦਿਆਂ ਡਾ. ਸਵਪਨਜੀਤ ਕੌਰ ਨੇ ਕਿਹਾ ਕਿ ਲੋਕਾਂ ਨੂੰ ਦਿਲ ਦੀਆਂ ਬਿਮਾਰੀਆਂ ਤੋਂ ਜਾਗਰੂਕ ਕਰਨ ਲਈ ਹਰ ਸਾਲ ਪੂਰੀ ਦੁਨੀਆਂ 'ਚ 29 ਸਤੰਬਰ ਨੂੰ ਵਿਸ਼ਵ ਦਿਲ ਦਿਵਸ ਮਨਾਇਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਦਿਲ ਦੀਆਂ ਬਿਮਾਰੀਆਂ ਦੇ ਖਤਰੇ ਨੂੰ ਘੱਟ ਕਰਨ ਅਤੇ ਦਿਲ ਦੀਆਂ ਬਿਮਾਰੀਆਂ ਦੀ ਰੋਕਥਾਮ ਅਤੇ ਇਲਾਜ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਦੇ ਉਦੇਸ਼ ਨਾਲ ਵਿਸ਼ਵ ਦਿਲ ਦਿਵਸ ਦੇ ਮੌਕੇ 'ਤੇ ਅੱਜ ਸਾਰੀਆਂ ਸਿਹਤ ਸੰਸਥਾਵਾਂ ਵਿਖੇ ਕਈ ਤਰ੍ਹਾਂ ਦੇ ਜਾਗਰੂਕ ਪ੍ਰੋਗਰਾਮ ਆਯੋਜਿਤ ਕੀਤੇ ਗਏ।

ਡਾ. ਤਰਸੇਮ ਸਿੰਘ ਨੇ ਕਿਹਾ ਕਿ ਦਿਲ ਨਾਲ ਸਬੰਧਤ ਹੋਰ ਬਿਮਾਰੀਆਂ ਦੇ ਵੱਧਦੇ ਮਾਮਲਿਆਂ ਕਾਰਨ ਲੋਕ ਦਿਲ ਨਾਲ ਸਬੰਧਤ ਸਮੱਸਿਆਵਾਂ ਤੋਂ ਪ੍ਰਭਾਵਿਤ ਹੋ ਰਹੇ ਹਨ। ਇਸਦੇ ਮੁੱਖ ਕਾਰਕਾਂ ਗੈਰ-ਸਿਹਤਮੰਦ ਜੀਵਨ ਸ਼ੈਲੀ ਅਤੇ ਗਲਤ ਖਾਣ-ਪੀਣ ਦੀਆਂ ਆਦਤਾਂ। ਵਿਸ਼ਵ ਦਿਲ ਦਿਵਸ ਲੋਕਾਂ ਨੂੰ ਦਿਲ ਦੀ ਸਿਹਤ ਬਾਰੇ ਜਾਗਰੂਕ ਕਰਨ ਅਤੇ ਉਨ੍ਹਾਂ ਨੂੰ ਸਿਹਤ ਪ੍ਰਤੀ ਜਾਗਰੂਕ ਕਰਨ ਲਈ ਮਨਾਇਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਦਿਲ ਮਨੁੱਖੀ ਸਰੀਰ ਦੇ ਸਭ ਤੋਂ ਮਹੱਤਵਪੂਰਨ ਅੰਗਾਂ ਵਿੱਚੋਂ ਇੱਕ ਹੈ। ਅਜਿਹੇ ਵਿੱਚ ਦਿਲ ਦੀ ਸਿਹਤ ਦਾ ਧਿਆਨ ਰੱਖਣਾ ਬਹੁਤ ਜ਼ਰੂਰੀ ਹੈ। ਹਰ ਸਾਲ ਦੁਨੀਆ ਭਰ ਵਿੱਚ ਲੱਖਾਂ ਲੋਕਾਂ ਦੀ ਦਿਲ ਦੀਆਂ ਬਿਮਾਰੀਆਂ ਕਾਰਨ ਮੌਤ ਹੋ ਜਾਂਦੀ ਹੈ। ਅਜਿਹੀ ਸਥਿਤੀ ਵਿੱਚ, ਲੋਕਾਂ ਨੂੰ ਦਿਲ ਲਈ ਜਾਗਰੂਕ ਕਰਨ ਲਈ ਅਤੇ ਦਿਲ ਦੀ ਸਿਹਤ ਦੀ ਮਹੱਤਤਾ ਨੂੰ ਸਮਝਣ ਦੇ ਉਦੇਸ਼ ਨਾਲ ਪੂਰੀ ਦੁਨੀਆ 'ਚ ਵਿਸ਼ਵ ਦਿਲ ਦਿਵਸ ਮਨਾਇਆ ਜਾਂਦਾ ਹੈ ਤਾਂ ਜੋ ਲੋਕਾਂ ਨੂੰ ਦਿਲ ਦੀਆਂ ਬਿਮਾਰੀਆਂ ਤੋਂ ਬਚਾਇਆ ਜਾ ਸਕੇ ਅਤੇ ਇਸ ਕਾਰਨ ਹੋਣ ਵਾਲੀਆਂ ਮੌਤਾਂ ਦੀ ਦਰ ਨੂੰ ਘਟਾਇਆ ਜਾ ਸਕੇ।

ਉਨ੍ਹਾਂ ਦੱਸਿਆ ਕਿ ਦਿਲ ਦੀਆਂ ਬੀਮਾਰੀਆਂ ਤੋਂ ਬਚਾਅ ਲਈ ਬਲੱਡ ਪ੍ਰੈਸ਼ਰ ਅਤੇ ਸ਼ੂਗਰ ਨੂੰ ਕੰਟਰੋਲ ਰੱਖਣਾ, ਜ਼ਿਆਦਾ ਚਰਬੀ ਵਾਲੇ ਭੋਜਨ ਤੋਂ ਪ੍ਰਹੇਜ਼ ਕਰਨਾ, ਸਿਗਰਟਨੋਸ਼ੀ ਅਤੇ ਸ਼ਰਾਬ ਦਾ ਜ਼ਿਆਦਾ ਸੇਵਨ ਨਾ ਕਰਨਾ, ਜੰਕ ਫੂਡ ਦੀ ਜਗ੍ਹਾ ਪੌਸ਼ਟਿਕ ਖਾਣੇ ਦਾ ਸੇਵਨ ਕਰਨਾ, ਰੈਗੂਲਰ ਰੂਪ ਨਾਲ ਸੈਰ ਅਤੇ ਕਸਰਤ ਜ਼ਰੂਰ ਕਰਨਾ, ਤਣਾਅ ਰਹਿਤ ਜ਼ਿੰਦਗੀ ਜਿਊਣਾ, ਛਾਤੀ ਵਿਚ ਦਰਦ ਅਤੇ ਚੱਲਣ 'ਤੇ ਸਾਹ ਫੁੱਲਣ 'ਤੇ ਤੁਰੰਤ ਡਾਕਟਰ ਨਾਲ ਸੰਪਰਕ ਕਰਨਾ, ਆਦਿ ਗੱਲਾਂ ਦਾ ਧਿਆਨ ਰੱਖਣਾ ਅਤਿ ਜਰੂਰੀ ਹੈ।

ਇਸ ਮੌਕੇ ਜ਼ਿਲ੍ਹਾ ਮਾਸ ਮੀਡੀਆ ਅਫਸਰ ਰਾਜ ਰਾਣੀ, ਡਿਪਟੀ ਮਾਸ ਮੀਡੀਆ ਅਫਸਰ ਰਵਿੰਦਰ ਸਿੰਘ ਅਤੇ ਹੋਰ ਪੈਰਾਮੈਡੀਕਲ ਸਟਾਫ ਹਾਜ਼ਰ ਸੀ।

# ਫੋਰਟਿਸ ਲੁਧਿਆਣਾ ਦੀ ਸਾਈਕਲੋਥਾਨ 2.0 ਨੇ ਲੋਕਾਂ ਨੂੰ ਵਰਲਡ ਹਾਰਟ ਡੇ ’ਤੇ ਦਿਲ ਦੀ ਸਿਹਤ ਨੂੰ ਪ੍ਰਾਥਮਿਕਤਾ ਦੇਣ ਲਈ ਕੀਤਾ ਪ੍ਰੇਰਿਤ

**ਲੁਧਿਆਣਾ, 2 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿਲ ਦੀ ਸਿਹਤ ਨੂੰ ਉਤਸ਼ਾਹਿਤ ਕਰਨ ਦੇ ਮਕਸਦ ਨਾਲ, ਫੋਰਟਿਸ ਹਸਪਤਾਲ ਲੁਧਿਆਣਾ ਨੇ ਜ਼ਿਲ੍ਹਾ ਪ੍ਰਸ਼ਾਸਨ ਲੁਧਿਆਣਾ ਦੇ ਨਾਲ ਮਿਲ ਕੇ ਵਰਲਡ ਹਾਰਟ ਡੇ ਦੇ ਮੌਕੇ ’ਤੇ ਆਪਣੀ ਦੂਜੀ ਸਾਈਕਲੋਥਾਨ ਦਾ ਆਯੋਜਨ ਕੀਤਾ। ਇਸ ਪ੍ਰੋਗਰਾਮ ਵਿੱਚ 1000 ਤੋਂ ਵੱਧ ਸਾਈਕਲਿੰਗ ਪ੍ਰੇਮੀਆਂ ਨੇ ਉਤਸ਼ਾਹਪੂਰਵਕ ਹਿੱਸਾ ਲਿਆ, ਜਿੱਥੇ ਸਭ ਨੇ ਸਾਈਕਲਿੰਗ ਦੇ ਸਧਾਰਨ ਅਤੇ ਪ੍ਰਭਾਵਸ਼ਾਲੀ ਵਰਜ਼ਿਸ਼ ਰਾਹੀਂ ਦਿਲ ਦੀ ਸਿਹਤ ਪ੍ਰਤੀ ਜਾਗਰੂਕਤਾ ਵਧਾਉਣ ਦਾ ਸੁਨੇਹਾ ਦਿੱਤਾ। ਸਾਈਕਲੋਥਾਨ ਦੀ ਸ਼ੁਰੂਆਤ ਫੋਰਟਿਸ ਹਸਪਤਾਲ, ਮਾਲ ਰੋਡ, ਲੁਧਿਆਣਾ ਤੋਂ ਹੋਈ ਅਤੇ ਇਸ ਦਾ ਸਮਾਪਨ ਫੋਰਟਿਸ ਹਸਪਤਾਲ, ਚੰਡੀਗੜ੍ਹ ਰੋਡ, ਲੁਧਿਆਣਾ ’ਤੇ ਹੋਇਆ। ਪ੍ਰੋਗਰਾਮ ਦਾ ਉਦਘਾਟਨ ਮੁੱਖ ਮਹਿਮਾਨ ਸ਼੍ਰੀ ਜਿਤਿੰਦਰ ਜੌਰਵਾਲ (ਡਿਪਟੀ ਕਮਿਸ਼ਨਰ ਲੁਧਿਆਣਾ) ਨੇ ਕੀਤਾ।



ਉਨ੍ਹਾਂ ਦਾ ਸਵਾਗਤ ਫੋਰਟਿਸ ਹਸਪਤਾਲ ਅੰਮ੍ਰਿਤਸਰ ਅਤੇ ਲੁਧਿਆਣਾ ਦੇ ਜ਼ੋਨਲ ਹੈੱਡ ਡਾ. ਵਿਸ਼ਵਦੀਪ ਗੋਯਲ, ਫੋਰਟਿਸ ਹਸਪਤਾਲ ਮਾਲ ਰੋਡ ਲੁਧਿਆਣਾ ਦੇ ਯੂਨਿਟ ਹੈੱਡ ਸ਼੍ਰੀ ਗੁਰਦਰਸ਼ਨ ਮੰਗਟ, ਕਾਰਡੀਓਲੋਜੀ ਦੇ ਨਿਰਦੇਸ਼ਕ ਡਾ. ਪਰਮਦੀਪ ਸਿੰਘ ਸੰਧੂ, ਡਾ. ਸੰਦੀਪ ਚੋਪੜਾ (ਨਿਰਦੇਸ਼ਕ, ਕਾਰਡੀਓਲੋਜੀ), ਡਾ. ਮਨਿੰਦਰ ਸਿੰਗਲਾ (ਅਤਿਰਿਕਤ ਨਿਰਦੇਸ਼ਕ, ਕਾਰਡੀਅਕ ਐਨੇਸਥੀਸੀਆ), ਡਾ. ਨਿਖਿਲ ਬੰਸਲ (ਕੰਸਲਟੈਂਟ, ਕਾਰਡੀਓਥੋਰੇਸਿਕ ਅਤੇ ਵੈਸਕੁਲਰ ਸਰਜਰੀ) ਅਤੇ ਡਾ. ਮਨਵ ਵਧੇਰਾ (ਐਸੋਸੀਏਟ ਕੰਸਲਟੈਂਟ, ਕਾਰਡੀਓਲੋਜੀ) ਨੇ ਕੀਤਾ। ਪ੍ਰੋਗਰਾਮ ਸਵੇਰੇ 5:00 ਵਜੇ ਸ਼ੁਰੂ ਹੋਇਆ, ਜਿਸ ਵਿੱਚ ਹਿੱਸੇਦਾਰਾਂ ਨੇ ਦਿਲ ਦੀ ਸਿਹਤ ਨੂੰ ਬਿਹਤਰ ਬਣਾਉਣ ਲਈ ਨਿਯਮਿਤ ਸ਼ਾਰੀਰਿਕ ਗਤੀਵਿਧੀਆਂ ਨੂੰ ਉਤਸ਼ਾਹਿਤ ਕਰਨ ਲਈ ਆਪਣਾ ਸਾਈਕਲ ਸਫਰ ਸ਼ੁਰੂ ਕੀਤਾ। ਸਾਈਕਲ ਚਾਲਕਾਂ ਨੂੰ ਦਿਲ ਦੀ ਸਿਹਤ ਲਈ ਪੌਸ਼ਟਿਕ ਨਾਸ਼ਤਾ, ਪ੍ਰਮਾਣ ਪੱਤਰ ਅਤੇ ਤਗਮੇ ਦਿੱਤੇ ਗਏ ਤਾਂ ਜੋ ਉਨ੍ਹਾਂ ਦੀ ਭਾਗੀਦਾਰੀ ਅਤੇ ਸਮਰਪਣ ਦਾ ਸਨਮਾਨ ਕੀਤਾ ਜਾ ਸਕੇ।

ਲੁਧਿਆਣਾ ਦੇ ਡਿਪਟੀ ਕਮਿਸ਼ਨਰ ਨੇ ਕਿਹਾ, ਮੈਂ ਵਰਲਡ ਹਾਰਟ ਡੇ ’ਤੇ ਫੋਰਟਿਸ ਸਾਈਕਲੋਥਾਨ 2.0 ਦਾ ਹਿੱਸਾ ਬਣ ਕੇ ਖੁਸ਼ ਹਾਂ। ਸਾਈਕਲਿੰਗ ਇੱਕ ਸਿਹਤਮੰਦ ਦਿਲ ਬਣਾਈ ਰੱਖਣ ਦਾ ਸ਼ਾਨਦਾਰ ਤਰੀਕਾ ਹੈ। ਇਹ ਸਿਰਫ ਫਿਟਨੈੱਸ ਤੋਂ ਵੱਧ ਹੈ ਇਹ ਮਜ਼ਬੂਤ ਦਿਲ ਅਤੇ ਸਾਫ਼ ਸੋਚ ਬਨਾਉਣ ਬਾਰੇ ਹੈ। ਇਹ ਪਹਲ ਸਾਰੇ ਉਮਰ ਦੇ ਲੋਕਾਂ ਨੂੰ ਆਪਣੇ ਰੋਜ਼ਾਨਾ ਜੀਵਨ ਵਿੱਚ ਵਰਜ਼ਿਸ਼ ਨੂੰ ਸ਼ਾਮਲ ਕਰਨ ਲਈ ਪ੍ਰੇਰਿਤ ਕਰਨ ਦਾ ਇੱਕ ਸ਼ਾਨਦਾਰ ਤਰੀਕਾ ਸੀ। ਵੱਡੀ ਗਿਣਤੀ ਵਿੱਚ ਲੋਕਾਂ ਦੀ ਭਾਗੀਦਾਰੀ ਸਾਡੇ ਸਮਾਜ ਦੀ ਆਪਣੇ ਸਿਹਤ ਦੀ ਜ਼ਿੰਮੇਵਾਰੀ ਲੈਣ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ।

ਫੋਰਟਿਸ ਹਸਪਤਾਲ, ਲੁਧਿਆਣਾ ਅਤੇ ਅੰਮ੍ਰਿਤਸਰ ਦੇ ਜ਼ੋਨਲ ਹੈੱਡ ਡਾ. ਵਿਸ਼ਵਦੀਪ ਗੋਯਲ ਨੇ ਕਿਹਾ, ÷ਫੋਰਟਿਸ ਹੈਲਥਕੇਅਰ ਦੇ ਨਿਰੰਤਰ ਯਤਨਾਂ ਨੇ ਸਥਾਨਕ ਸਮੁਦਾਇਕਾਂ ਨੂੰ ਇੱਕਜੁਟ ਕਰਕੇ ਇਸ ਪ੍ਰੋਗਰਾਮ ਨੂੰ ਵੱਡੀ ਸਫਲਤਾ ਦਿੱਤੀ ਹੈ। ਇਹ ਪਹਲ ਸਾਡੇ ਮਰੀਜ਼ਾਂ ਅਤੇ ਵਿਆਪਕ ਸਮੁਦਾਇਕ ਦੀ ਸਿਹਤ ਅਤੇ ਤੰਦਰੁਸਤੀ ਨੂੰ ਬਿਹਤਰ ਬਣਾਉਣ ਦੀ ਸਾਡੀ ਵਚਨਬੱਧਤਾ ਨੂੰ ਦਰਸਾਉਂਦੀ ਹੈ। ਦਿਲ ਦੀ ਸਿਹਤ ਬਾਰੇ ਜਾਗਰੂਕਤਾ ਵਧਾਉਣਾ ਦਿਲ ਦੀ ਬਿਮਾਰੀਆਂ ਨੂੰ ਰੋਕਣ ਦਾ ਪਹਿਲਾ ਅਤੇ ਮਹੱਤਵਪੂਰਨ ਕਦਮ ਹੈ, ਅਤੇ ਅਸੀਂ ਇਸ ਯਤਨ ਨੂੰ ਅੱਗੇ ਵਧਾਉਣ ਲਈ ਵਚਨਬੱਧ ਹਾਂ।

# ਕੈਬਨਿਟ ਮੰਤਰੀ ਮਹਿੰਦਰ ਭਗਤ ਵਲੋਂ 100 ਤੋਂ ਵੱਧ ਲਾਭਪਾਤਰੀਆਂ ਨੂੰ ਪੈਨਸ਼ਨ ਮਨਜ਼ੂਰੀ ਪੱਤਰ ਤਕਸੀਮ

## ਪੰਜਾਬ ਸਰਕਾਰ ਭਲਾਈ ਸਕੀਮਾਂ ਰਾਹੀਂ ਵਰਗਾਂ ਨੂੰ ਮਜ਼ਬੂਤ ਕਰਨ ਲਈ ਵਚਨਬੱਧ



**ਚੰਡੀਗੜ੍ਹ, 2 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਰੱਖਿਆ ਭਲਾਈ, ਸੁਤੰਤਰਤਾ ਸੈਨਾਨੀ ਅਤੇ ਬਾਗਬਾਨੀ ਮੰਤਰੀ ਮਹਿੰਦਰ ਭਗਤ ਵਲੋਂ ਅੱਜ ਪੰਜਾਬ ਸਰਕਾਰ ਦੀ ਸਮਾਜਿਕ ਸੁਰੱਖਿਆ ਸਕੀਮ ਅਧੀਨ 100 ਤੋਂ ਲਾਭਪਾਤਰੀਆਂ ਨੂੰ ਪੈਨਸ਼ਨ ਮਨਜ਼ੂਰੀ ਦੇ ਪੱਤਰ ਵੰਡੇ ਗਏ। ਇਹ ਲਾਭਪਾਤਰੀ ਇਸ ਪਹਿਲਕਦਮੀ ਸਦਕਾ ਜਲਦ ਹੀ ਮਹੀਨਾਵਾਰ ਵਿੱਤੀ ਸਹਾਇਤਾ ਪ੍ਰਾਪਤ ਕਰ ਸਕਣਗੇ।

ਇਸ ਮੌਕੇ ਲੋਕਾਂ ਨਾਲ ਰੂਬਰੂ ਹੁੰਦਿਆਂ ਕੈਬਨਿਟ ਮੰਤਰੀ ਨੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵਲੋਂ ਸਮਾਜ ਦੇ ਹਰ ਵਰਗ ਨੂੰ ਉੱਚਾ ਚੁੱਕਣ ਦੀ ਵਚਨਬੱਧਤਾ ’ਤੇ ਜ਼ੋਰ ਦਿੱਤਾ। ਉਨ੍ਹਾਂ ਭਰੋਸਾ ਦੁਆਇਆ ਕਿ ਸਾਰੇ ਵਰਗਾਂ ਦੇ 100 ਤੋਂ ਵੱਧ ਲਾਭਪਾਤਰੀਆਂ ਦੀਆਂ ਪੈਨਸ਼ਨ ਅਰਜ਼ੀਆਂ ਮਨਜ਼ੂਰ ਕੀਤੀਆਂ ਗਈਆਂ ਹਨ ਅਤੇ ਜਲਦ ਹੀ ਹੋਰ ਬਕਾਇਆ ਪਏ ਪੈਨਸ਼ਨ ਬਿਨੈਪੱਤਰਾਂ ਨੂੰ ਮਨਜ਼ੂਰ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਆਉਂਦੇ ਦਿਨਾਂ ਵਿੱਚ ਹੋਰ ਪੈਨਸ਼ਨ ਮਨਜ਼ੂਰੀ ਪੱਤਰ ਵੰਡੇ ਜਾਣਗੇ ਤੇ ਸਾਰੇ ਲਾਭਪਾਤਰੀ ਬੁਢਾਪਾ, ਵਿਧਵਾ, ਦਿਵਿਆਂਗ ਅਤੇ ਹੋਰ ਸ੍ਰੇਣੀਆਂ ਤਹਿਤ ਮਹੀਨਾਵਾਰ ਪੈਨਸ਼ਨ ਮੁਹੱਈਆ ਕਰਵਾਈ ਜਾਵੇਗੀ।

ਕੈਬਨਿਟ ਮੰਤਰੀ ਨੇ ‘ਸਰਕਾਰ ਆਪ ਦੇ ਦੁਆਰ’ ਦੀ ਸਫ਼ਲਤਾ ਬਾਰੇ ਦੱਸਦਿਆਂ ਕਿਹਾ ਕਿ ਪੰਜਾਬ ਸਰਕਾਰ ਦੀ ਇਸ ਪਹਿਲਕਦਮੀ ਦਾ ਉਦੇਸ਼ ਸਰਕਾਰੀ ਸੇਵਾਵਾਂ ਨੂੰ ਸਿੱਧੇ ਤੌਰ ’ਤੇ ਲੋਕਾਂ ਦੇ ਵਿੱਚ ਜਾ ਕੇ ਮੁਹੱਈਆ ਕਰਵਾਉਣਾ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਭਰ ਵਿੱਚ ਵੱਡੇ ਪੱਧਰ ’ਤੇ ਇਹ ਕੈਂਪ ਲਗਾਏ ਜਾ ਰਹੇ ਹਨ, ਤਾਂ ਕਿ ਜ਼ਿਲ੍ਹਾ ਵਾਸੀ ਵੱਧ ਤੋਂ ਵੱਧ ਭਲਾਈ ਸਕੀਮਾਂ ਦਾ ਲਾਭ ਲੈ ਸਕਣ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਲੋਕ ਭਲਾਈ ਸਕੀਮਾਂ ਨੂੰ ਹੇਠਲੇ ਪੱਧਰ ਤੱਕ ਪਹੁੰਚਾਉਣ ਨੂੰ ਯਕੀਨੀ ਬਣਾਉਣ ਲਈ ਵਿਸ਼ੇਸ਼ ਤਵੱਜੋਂ ਦਿੱਤੀ ਜਾ ਰਹੀ ਹੈ।

ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਸਮਾਜਿਕ ਸੁਰੱਖਿਆ ਪ੍ਰੋਗਰਾਮਾਂ ਤਹਿਤ ਲੋੜਵੰਦਾਂ ਨੂੰ ਵਿੱਤੀ ਸਹਾਇਤਾ ਮੁਹੱਈਆ ਕਰਵਾਉਣ ਨੂੰ ਹਮੇਸ਼ਾਂ ਪਹਿਲ ਦਿੱਤੀ ਜਾਂਦੀ ਰਹੇਗੀ। ਉਨ੍ਹਾਂ ਕਿਹਾ ਕਿ ਸਾਰੇ ਵਰਗਾਂ ਦੀ ਭਲਾਈ ਲਈ ਕੀਤੇ ਜਾ ਰਹੇ ਸੰਜੀਦਾ ਯਤਨ ਸੂਬਾ ਸਰਕਾਰ ਦੀ ਦ੍ਰਿੜਤਾ ਨੂੰ ਦਰਸਾਉਂਦੇ ਹਨ।

# ਰਾਜ ਚੋਣ ਕਮਿਸ਼ਨ ਵੱਲੋਂ ਸਾਰੇ ਜ਼ਿਲ੍ਹਾ ਚੋਣ ਅ.ਫਸਰਾਂ ਅਤੇ ਰਿਟਰਨਿੰਗ ਅ.ਫਸਰਾਂ ਨੂੰ ‘ਨੋ ਡਿਊ ਸਰਟੀਫਿਕੇਟ’ ਜਾਂ ‘ਨੋ ਆਬਜੈਕਸ਼ਨ ਸਰਟੀਫਿਕੇਟ’ ਸਬੰਧੀ ਹਦਾਇਤਾਂ ਜਾਰੀ

**ਚੰਡੀਗੜ੍ਹ, 2 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਵਿੱਚ ਗ੍ਰਾਮ ਪੰਚਾਇਤਾਂ ਦੀਆਂ ਆਮ ਚੋਣਾਂ 15 ਅਕਤੂਬਰ, 2024 ਨੂੰ ਹੋਣ ਜਾ ਰਹੀਆਂ ਹਨ ਅਤੇ ਚਾਹਵਾਨ ਉਮੀਦਵਾਰੀ 4 ਅਕਤੂਬਰ, 2024 ਸ਼ਾਮ 3 ਵਜੇ ਤੱਕ ਆਪਣੇ ਨਾਮਜ਼ਦਗੀ ਫਾਰਮ ਸਬੰਧਤ ਰਿਟਰਨਿੰਗ ਅਫ਼ਸਰ ਦੇ ਦਫ਼ਤਰ ਵਿੱਚ ਜਮ੍ਹਾ ਕਰਵਾ ਸਕਦੇ ਹਨ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਚੋਣ ਕਮਿਸ਼ਨਰ ਰਾਜ ਕਮਲ ਚੌਧਰੀ ਨੇ ਦੱਸਿਆ ਕਿ ਨਾਮਜ਼ਦਗੀ ਪੱਤਰ ਦਾਖਲ ਕਰਨ ਵਾਸਤੇ ਉਮੀਦਵਾਰਾਂ ਦੀ ਸਹੂਲਤ ਲਈ ਕਮਿਸ਼ਨ ਵੱਲੋਂ ਸਮੂਹ ਜ਼ਿਲ੍ਹਾ ਚੋਣ ਅਫ਼ਸਰਾਂ ਅਤੇ ਰਿਟਰਨਿੰਗ ਅਫ਼ਸਰਾਂ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਕਿ ਨਾਮਜ਼ਦਗੀ ਪੱਤਰ ਦਾਖ਼ਲ ਕਰਨ ਵਾਲੇ ਉਮੀਦਵਾਰਾਂ ਵੱਲੋਂ ਸਬੰਧਤ ਅਥਾਰਟੀਆਂ ਦੇ ਨਿਯਮਾਂ ਜਾਂ ਪ੍ਰਕਿਰਿਆਵਾਂ ਅਨੁਸਾਰ ਨਾਮਜ਼ਦਗੀ ਪੱਤਰਾਂ ਦੇ ਨਾਲ ਨੋ ਡਿਊ ਸਰਟੀਫ਼ਿਕੇਟ ਜਾਂ ਨੋ ਆਬਜੈਕਸ਼ਨ ਸਰਟੀਫ਼ਿਕੇਟ ਨੱਥੀ ਕਰਨਾ ਜ਼ਰੂਰੀ ਹੈ ਅਤੇ ਜੇਕਰ ਕਿਸੇ ਉਮੀਦਵਾਰ ਨੂੰ ਕੋਸ਼ਿਸ਼ਾਂ ਦੇ ਬਾਵਜੂਦ ਉਕਤ ਸਰਟੀਫ਼ਿਕੇਟ ਪ੍ਰਾਪਤ ਨਹੀਂ ਹੁੰਦਾ ਤਾਂ ਉਹ ਇੱਕ ਹਲਫ਼ਨਾਮਾ, ਜਿਸ ਵਿੱਚ ਸਪਸ਼ਟ ਕੀਤਾ ਹੋਵੇ ਕਿ ਉਹ ਸਬੰਧਤ ਅਥਾਰਟੀ ਦੇ ਕਿਸੇ ਟੈਕਸ ਜਾਂ ਹੋਰ ਬਕਾਏ ਦਾ ਦੇਣਦਾਰ ਨਹੀਂ ਹੈ ਅਤੇ ਪੰਜਾਬ ਰਾਜ ਚੋਣ ਕਮਿਸ਼ਨ ਐਕਟ, 1994 ਦੀ ਧਾਰਾ 11 ਦੇ ਅਨੁਸਾਰ ਉਸ ਕੋਲ ਕਿਸੇ ਵੀ ਸਥਾਨਕ ਅਥਾਰਟੀ ਨਾਲ ਸਬੰਧਤ ਜਾਇਦਾਦ ਦਾ ਅਣਅਧਿਕਾਰਤ ਕਬਜ਼ਾ ਨਹੀਂ ਹੈ। ਉਨ੍ਹਾਂ ਅੱਗੇ ਦੱਸਿਆ ਕਿ ਹਲਫ਼ੀਆ ਬਿਆਨ (ਐਫੀਡੇਵਿਡ) ਤਿਆਰ ਕਰਨ ਦੀ ਪ੍ਰਕਿਰਿਆ ਨੂੰ ਹੋਰ ਸਰਲ ਬਣਾਉਣ ਲਈ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਕਿ ਕਾਰਜਕਾਰੀ ਮੈਜਿਸਟ੍ਰੇਟ/ਓਥ ਕਮਿਸ਼ਨਰ ਵੱਲੋਂ ਤਸਦੀਕ ਉਪਰੰਤ ਜਾਰੀ ਕੀਤੇ ਜਾਂ ਨੋਟਰੀ ਤੋਂ ਤਸਦੀਕਸ਼ੁਦਾ ਐਫੀਡੇਵਿਟ ਹੀ ਪ੍ਰਵਾਨ ਕੀਤੇ ਜਾਣਗੇ। ਰਿਟਰਨਿੰਗ ਅਫ਼ਸਰ ਸਬੰਧਤ ਨਾਮਜ਼ਦਗੀ ਪੱਤਰਾਂ ਨੂੰ ਸਵੀਕਾਰ ਕਰੇਗਾ ਅਤੇ ਹਲਫ਼ੀਆ ਬਿਆਨ ਸਬੰਧਤ ਅਥਾਰਟੀ ਨੂੰ ਭੇਜਣ ਦੇ ਨਾਲ ਹੀ ਇਸ ਸਬੰਧੀ 24 ਘੰਟਿਆਂ ਦੇ ਅੰਦਰ-ਅੰਦਰ ਰਿਪੋਰਟ ਜਮ੍ਹਾਂ ਕਰਵਾਉਣ ਲਈ ਨਿਰਦੇਸ਼ ਜਾਰੀ ਕਰੇਗਾ ਅਤੇ ਕੋਈ ਰਿਪੋਰਟ ਨਾ ਆਉਣ ਦੀ ਸੂਰਤ ਵਿੱਚ ਇਹ ਮੰਨਿਆ ਜਾਵੇਗਾ ਕਿ ਪੰਜਾਬ ਰਾਜ ਚੋਣ ਕਮਿਸ਼ਨ ਐਕਟ, 1994 ਦੇ ਅਨੁਸਾਰ ਸਬੰਧਤ ਉਮੀਦਵਾਰ ਡਿਫਾਲਟਰ ਜਾਂ ਅਣਅਧਿਕਾਰਤ ਕਬਜ਼ਾਧਾਰੀ ਨਹੀਂ ਹੈ।

ਉਨ੍ਹਾਂ ਅੱਗੇ ਕਿਹਾ ਕਿ ਉਪਰੋਕਤ ਤੋਂ ਇਲਾਵਾ ਕਮਿਸ਼ਨ ਵੱਲੋਂ ਇਹ ਹਦਾਇਤਾਂ ਵੀ ਜਾਰੀ ਕੀਤੀਆਂ ਗਈਆਂ ਹਨ ਕਿ ਬੀ.ਡੀ.ਪੀ.ਓ. ਦਫ਼ਤਰ ਦੇ ਰਿਕਾਰਡ ਅਨੁਸਾਰ ਜੇਕਰ ਗ੍ਰਾਮ ਪੰਚਾਇਤ ਜਾਂ ਸਬੰਧਤ ਅਥਾਰਟੀ ਵੱਲੋਂ ਕਿਸੇ ਤਰ੍ਹਾਂ ਦਾ ਕੋਈ ਬਕਾਇਆ ਵਸੂਲੀ ਯੋਗ ਹੈ ਤਾਂ ਇਸਦੀ ਪੰਚਾਇਤ-ਵਾਰ ਸੂਚੀ ਬੀ.ਡੀ.ਪੀ.ਓ. ਦਫ਼ਤਰ ਵੱਲੋਂ ਤਿਆਰ ਕਰਨ ਉਪਰੰਤ ਸਬੰਧਤ ਰਿਟਰਨਿੰਗ ਅਫ਼ਸਰ ਨੂੰ ਮੁਹੱਈਆ ਕਰਵਾਈ ਜਾਵੇ, ਜੋ ਨਾਮਜ਼ਦਗੀਆਂ ਸਵੀਕਾਰ ਕਰਨ ਸਮੇਂ ਉਕਤ ਸੂਚੀ ਨੂੰ ਹਵਾਲੇ ਲਈ ਆਪਣੇ ਕੋਲ ਰੱਖੇਗਾ। ਜੇਕਰ ਸੂਚੀ ਵਿੱਚ ਕਿਸੇ ਉਮੀਦਵਾਰ ਵਿਰੁੱਧ ਕੋਈ ਬਕਾਇਆ ਦਰਜ ਹੈ ਤਾਂ ਸਬੰਧਤ ਉਮੀਦਵਾਰ ਬਕਾਏ ਦੀ ਅਦਾਇਗੀ ਸਬੰਧੀ ਸਬੂਤ ਜਮ੍ਹਾ ਕਰਵਾ ਸਕਦਾ ਹੈ।

ਹੋਰ ਵੇਰਵੇ ਸਾਂਝੇ ਕਰਦਿਆਂ ਉਨ੍ਹਾਂ ਕਿਹਾ ਕਿ ਜੇਕਰ ਉਮੀਦਵਾਰ ਵੱਲੋਂ ਬਕਾਇਆ ਦੀ ਅਦਾਇਗੀ ਨਹੀਂ ਕੀਤੀ ਗਈ ਤਾਂ ਉਸ ਨੂੰ ਸਬੰਧਤ ਅਥਾਰਟੀ ਅੱਗੇ ਬਕਾਇਆ ਜਮ੍ਹਾਂ ਕਰਵਾਉਣ ਦਾ ਉਚਿਤ ਮੌਕਾ ਦਿੱਤਾ ਜਾਵੇਗਾ ਅਤੇ ਉਸਨੂੰ ਬਕਾਏ ਦੀ ਅਦਾਇਗੀ ਦਾ ਸਬੂਤ ਪੇਸ਼ ਕਰਨ ਲਈ ਨਾਮਜ਼ਦਗੀ ਪੱਤਰਾਂ ਦੀ ਪੜਤਾਲ ਸ਼ੁਰੂ ਹੋਣ ਭਾਵ 5 ਅਕਤੂਬਰ, 2024 ਸਵੇਰੇ 11 ਵਜੇ ਤੱਕ ਦਾ ਸਮਾਂ ਦਿੱਤਾ ਜਾਵੇਗਾ। ।ਜ਼ਿਕਰਯੋਗ ਹੈ ਕਿ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰਾਂ ਨੂੰ ਜਾਰੀ ਕੀਤੀਆਂ ਉਪਰੋਕਤ ਹਦਾਇਤਾਂ ਦੀ ਕਾਪੀ ਰਾਜ ਚੋਣ ਕਮਿਸ਼ਨ ਦੀ ਵੈੱਬਸਾਈਟ @ਤੇ ਅਪਲੋਡ ਕਰ ਦਿੱਤੀ ਗਈ ਹੈ।

# ਹਸਨਪੁਰ ਪ੍ਰੋਹਤਾਂ ਦੀ ਪੰਚਾਇਤ ਸਰਬਸੰਮਤੀ ਨਾਲ ਚੁਣੀ

## ਹਰਜੀਤ ਸਿੰਘ ਥਿੰਦ ਸਰਪੰਚ ਬਣੇ; ਪਠਾਣਮਾਜਰਾ ਵੱਲੋਂ ਨਵੀਂ ਪੰਚਾਇਤ ਨੂੰ ਵਧਾਈ



**ਪਟਿਆਲਾ, 2 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿੱਚ 15 ਅਕਤੂਬਰ ਨੂੰ ਹੋਣ ਵਾਲੀਆਂ ਪੰਚਾਇਤੀ ਚੋਣਾਂ ਦੀਆਂ ਸਰਗਰਮੀਆਂ ਜ਼ੋਰਾਂ ’ਤੇ ਹਨ। ਸਰਪੰਚ ਬਣਨ ਦੇ ਚਾਹਵਾਨ ਉਮੀਦਵਾਰਾਂ ਵੱਲੋਂ ਜਿੱਥੇ ਆਪਣੇ ਨਾਮਜ਼ਦਗੀ ਪੱਤਰ ਦਾਖਲ ਕਰਨ ਲਈ ਚੁੱਲ੍ਹਾ ਟੈਕਸ ਅਤੇ ਐੱਨਓਸੀ ਸਮੇਤ ਹੋਰ ਲੋੜੀਂਦੇ ਦਸਤਾਵੇਜ਼ਾਂ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ, ਉਥੇ ਹੀ ਪਿੰਡਾਂ ਵਿੱਚ ਸਰਬਸੰਮਤੀ ਨਾਲ ਪੰਚਾਇਤਾਂ ਚੁਣਨ ਦਾ ਰੁਝਾਨ ਵਧਿਆ ਹੈ। ਜਾਣਕਾਰੀ ਅਨੁਸਾਰ ਅੱਜ ਸਰਹਿੰਦ ਰੋਡ ਸਥਿਤ ਪਿੰਡ ਹਸਨਪੁਰ ਪ੍ਰੋਹਤਾਂ ਦੀ ਪੰਚਾਇਤ ਸਰਬਸੰਮਤੀ ਨਾਲ ਚੁਣੀ ਗਈ। ਇਸ ਦੌਰਾਨ ਹਰਜੀਤ ਸਿੰਘ ਥਿੰਦ ਪਿੰਡ ਦੇ ਸਰਪੰਚ ਚੁਣੇ ਗਏ। ਜਦੋਂਕਿ ਸਾਰੇ ਪੰਚਾਂ ਦੀ ਚੋਣ ਵੀ ਸਰਬਸੰਮਤੀ ਨਾਲ ਹੀ ਹੋਈ।

ਪੰਚਾਂ ’ਚ ਚਰਨਜੀਤ ਕੌਰ, ਸਰਬਜੀਤ ਕੌਰ, ਕੁਲਵਿੰਦਰ ਕੌਰ, ਬਲਜਿੰਦਰ ਸਿੰਘ, ਹਰਕੇਸ਼ ਸਿੰਘ ਅਤੇ ਸੁਖਜੀਤ ਸਿੰਘ ਦੇ ਨਾਮ ਸ਼ਾਮਲ ਹਨ। ਪਿੰਡ ਦੇ ਸਾਬਕਾ ਸਰਪੰਚ ਠੇਕੇਦਾਰ ਸੁਰਜੀਤ ਸਿੰਘ ਹਸਨਪੁਰ ਅਤੇ ਅਮਰੀਕ ਸਿੰਘ ਥਿੰਦ ਸਮੇਤ ਕੁਝ ਹੋਰ ਮੋਹਤਬਰਾਂ ਨੇ ਵੀ ਪਿੰਡ ਦੀ ਪੰਚਾਇਤ ਸਰਬਸੰਮਤੀ ਨਾਲ ਚੁਣੇ ਜਾਣ ਦੀ ਪੁਸ਼ਟੀ ਕੀਤੀ ਹੈ। ਇਸੇ ਦੌਰਾਨ ਨਵੇਂ ਬਣੇ ਸਰਪੰਚ ਹਰਜੀਤ ਸਿੰਘ ਦੇ ਪੁੱਤਰ ਗੁਰਕੀਰਤ ਸਿੰਘ ਥਿੰਦ ਦਾ ਕਹਿਣਾ ਸੀ ਕਿ ਉਨ੍ਹਾਂ ਦੇ ਪਿੰਡ ’ਚ 1500 ਕੇ ਕਰੀਬ ਵੋਟਰ ਹਨ। ਇਹ ਪਿੰਡ ਵਿਧਾਨ ਸਭਾ ਹਲਕਾ ਸਨੌਰ ਦੇ ਅਧੀਨ ਆਉਂਦਾ ਹੈ ਜਿਸ ਦੇ ਚੱਲਦਿਆਂ ਸਨੌਰ ਤੋਂ ‘ਆਪ’ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਨੇ ਹਸਨਪੁਰ ਪ੍ਰੋਹਤਾਂ ਦੀ ਨਵੀਂ ਚੁਣੀ ਗਈ ਇਸ ਪੰਚਾਇਤ ਸਮੇਤ ਪਿੰਡ ਵਾਸੀਆਂ ਨੂੰ ਵੀ ਵਧਾਈ ਦਿੱਤੀ। ਜ਼ਿਲ੍ਹੇ ਦੇ ਪਿੰਡ ਧਾਰੋਕੀ, ਸੰਗਤਪੁਰਾ ਅਤੇ ਭਾਲੋਵਾਨ ਆਦਿ ’ਚ ਵੀ ਪੰਚਾਇਤਾਂ ਦੀ ਚੋਣ ਸਰਬਸੰਮਤੀ ਨਾਲ ਹੋਣ ਦੀ ਜਾਣਕਾਰੀ ਹੈ।

# ਰਾਜ ਚੋਣ ਕਮਿਸ਼ਨ ਨੇ ਆਮ ਜਨਤਾ ਦੀ ਸਹੂਲਤ ਲਈ ਆਪਣੇ ਦਫ਼ਤਰ ਵਿੱਚ ਕੀਤਾ ਕੰਟਰੋਲ ਰੂਮ ਸਥਾਪਤ

**ਚੰਡੀਗੜ੍ਹ, 2 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਜ ਵਿੱਚ ਗਰਾਮ ਪੰਚਾਇਤ ਚੋਣਾਂ ਦੇ ਸਬੰਧ ਵਿੱਚ ਆਮ ਜਨਤਾ ਅਤੇ ਸਮੂਹ ਸਬੰਧਤਾਂ ਦੀ ਸਹੂਲਤ ਲਈ ਕਮਿਸ਼ਨ ਵੱਲੋਂ ਆਪਣੇ ਦਫਤਰ ਐਸ. ਸੀ .ਓ. ਨੰ: 49, ਸੈਕਟਰ 17 ਈ. ਚੰਡੀਗੜ੍ਹ, ਵਿਖੇ ਇੱਕ ਕੰਟਰੋਲ ਰੂਮ ਦੀ ਸਥਾਪਨਾ ਕੀਤੀ ਗਈ ਹੈ ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਚੋਣ ਕਮਿਸ਼ਨ ਦੇ ਬੁਲਾਰੇ ਨੇ ਦੱਸਿਆ ਕਿ ਲੈਂਡਲਾਈਨ ਨੰ. 0172-2771326 ਚੋਣਾਂ ਦੀ ਪ੍ਰਕ੍ਰਿਆ ਖਤਮ ਹੋਣ ਤੱਕ ਸਵੇਰੇ 8.30 a.m. ਤੋਂ ਸ਼ਾਮ 9.00 pm ਤੱਕ ਕੰਮ ਕਰੇਗਾ । ਉਸਨੇ ਅੱਗੇ ਕਿਹਾ ਕਿ ਗਰਾਮ ਪੰਚਾਇਤ ਚੋਣਾਂ ਸਬੰਧੀ ਅਪ-ਡੇਟਿਡ ਸੂਚਨਾਂ ਅਤੇ ਹਦਾਇਤਾਂ ਕਮਿਸ਼ਨ ਦੀ ਵੈਬਸਾਇਟ https://sec.punjab.gov.in ਤੇ ਵੇਖੀਆਂ ਜਾ ਸਕਦੀਆਂ ਹਨ ਅਤੇ ਕਮਿਸ਼ਨ ਦੀ ਈ-ਮੇਲ ਆਈ.ਡੀ secpb@punjab.gov.in ਹੈ ।

# ਕਿਸਾਨਾਂ ਨੂੰ ਪਰਾਲੀ ਸਾੜਨ ਤੋਂ ਰੋਕਣ ਲਈ ਜਾਗਰੂਕ ਕਰਨ ਲਈ ਐਸ.ਡੀ.ਐਮ ਦੂਧਨਸਾਧਾਂ ਪਿੰਡਾਂ ’ਚ ਕਿਸਾਨਾਂ ਨੂੰ ਮਿਲੇ



**ਦੇਵੀਗੜ੍ਹ, 2 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕਿਸਾਨਾਂ ਨੂੰ ਪਰਾਲੀ ਸਾੜਨ ਤੋਂ ਰੋਕਣ ਲਈ ਅਤੇ ਪਰਾਲੀ ਨੂੰ ਅੱਗ ਲਾਉਣ ਦੇ ਨੁਕਸਾਨ ਤੋਂ ਜਾਣੂ ਕਰਵਾਉਣ ਲਈ ਦੁੱਧਨਸਾਧਾਂ ਦੇ ਉਪ ਮੰਡਲ ਮੈਜਿਸਟਰੇਟ, ਕਿਰਪਾਲ ਵੀਰ ਸਿੰਘ ਨੇ ਉਪ ਕਪਤਾਨ ਪੁਲਿਸ (ਰੂਰਲ) ਰਾਜੇਸ਼ ਛਿੱਬੜ ਨੂੰ ਨਾਲ ਲੈ ਕੇ ਤਹਿਸੀਲ ਦੁੱਧਨਸਾਧਾਂ ਅਧੀਨ ਆਉਂਦੇ ਪਿੰਡਾਂ ਸਾਹਨੀਪੁਰ ਟਾਂਡਾ, ਅਲੀਪੁਰ ਵਜੀਰ ਸਾਹਿਬ, ਤਾਜਲਪੁਰ, ਐਹਰੂ ਕਲਾਂ, ਖਾਂਸਾ ਦਾ ਦੌਰਾ ਕੀਤਾ। ਇਸ ਦੌਰਾਨ ਐਸ.ਡੀ.ਐਮ ਕਿਰਪਾਲ ਵੀਰ ਸਿੰਘ ਨੇ ਕਿਸਾਨਾਂ ਤੇ ਪਿੰਡਾਂ ਦੇ ਹੋਰਨਾਂ ਵਸਨੀਕਾਂ ਨੂੰ ਪਰਾਲੀ ਨੂੰ ਅੱਗ ਲਾਏ ਜਾਣ ਕਾਰਨ ਕਿਸਾਨਾਂ ਦਾ ਖੁਦ ਦਾ ਅਤੇ ਧਰਤੀ ਸਮੇਤ ਪੌਣ-ਪਾਣੀ ਤੇ ਵਾਤਾਵਰਣ ਨੂੰ ਹੋ ਰਹੇ ਨੁਕਸਾਨ ਬਾਰੇ ਜਾਣੂ ਕਰਵਾਇਆ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਕਿਸਾਨਾਂ ਦੀ ਭਲਾਈ ਅਤੇ ਪਰਾਲੀ ਨੂੰ ਅੱਗ ਲਾਉਣ ਤੋਂ ਰੋਕਣ ਲਈ ਪੂਰੀ ਤਰ੍ਹਾਂ ਮਦਦ ਕਰੇਗੀ। ਉਨ੍ਹਾਂ ਦੱਸਿਆ ਕਿ ਕਿਸਾਨਾਂ ਨੂੰ ਪਰਾਲੀ ਪ੍ਰਬੰਧਨ ਦੀ ਮਸ਼ੀਨਰੀ ਉਪਲਬਧ ਕਰਵਾਉਣ ਲਈ ਪੰਜਾਬ ਸਰਕਾਰ ਵੱਲੋਂ ‘ਉੱਨਤ ਕਿਸਾਨ’ ਮੋਬਾਇਲ ਐਪ ਬਣਾਈ ਗਈ ਹੈ ਤਾਂ ਜੋ ਕਿਸਾਨਾਂ ਨੂੰ ਫਸਲੀ ਰਹਿੰਦ-ਖੂੰਹਦ ਪ੍ਰਬੰਧਨ (ਸੀ.ਆਰ.ਐਮ.) ਮਸ਼ੀਨਾਂ ਆਸਾਨੀ ਨਾਲ ਉਪਲਬਧ ਕਰਵਾਈਆਂ ਜਾ ਸਕਣ।

ਉਨ੍ਹਾਂ ਨੇ ਦੱਸਿਆ ਕਿ ਕਿਸਾਨਾਂ ਦੀ ਸਹਾਇਤਾ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪੂਰੀ ਤਨਦੇਹੀ ਨਾਲ ਯਤਨ ਕੀਤੇ ਜਾ ਰਹੇ ਹਨ, ਇਸ ਲਈ ਕਿਸਾਨਾਂ ਨੂੰ ਅਪੀਲ ਹੈ ਕਿ ਉਹ ਪਰਾਲੀ ਨਾ ਸਾੜਨ ਅਤੇ ਇਸ ਨੂੰ ਜਮੀਨ ਵਿੱਚ ਹੀ ਵਾਹ ਕੇ ਆਪਣੀ ਜਮੀਨ ਦੀ ਉਪਜਾਊ ਸ਼ਕਤੀ ਵਧਾਉਣ।

ਇਸ ਤੋਂ ਇਲਾਵਾ ਐਸ.ਡੀ.ਐਮ ਨੇ ਮੰਡੀਆਂ ਦਾ ਵੀ ਦੌਰਾ ਕੀਤਾ ਅਤੇ ਖਰੀਦ ਪ੍ਰਬੰਧਾਂ ਦਾ ਜਾਇਜਾ ਲੈਂਦਿਆਂ ਕਿਹਾ ਕਿ ਮੰਡੀਆਂ ਵਿੱਚ ਕਿਸਾਨਾਂ ਨੂੰ ਕੋਈ ਮੁਸ਼ਕਿਲ ਨਹੀਂ ਆਉਣ ਦਿੱਤੀ ਜਾਵੇਗੀ।

# ਜ਼ਿਲ੍ਹਾ ਪੱਧਰੀ ਜੂਡੋ ਟੂਰਨਾਮੈਂਟ ਵਿੱਚ ਪਰਮਜੀਤ ਕੌਰ ਪੰਜਾਬੀ ਯੂਨੀਵਰਸਿਟੀ ਨੇ ਜਿੱਤਿਆ ਗੋਲਡ ਮੈਡਲ




**ਪਟਿਆਲਾ, 2 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਜ਼ਿਲ੍ਹਾ ਖੇਡ ਅਫਸਰ ਪਟਿਆਲਾ ਸ੍ਰੀ ਹਰਪਿੰਦਰ ਸਿੰਘ ਜੀ ਦੀ ਅਗਵਾਈ ਵਿੱਚ ਖੇਡਾਂ ਵਤਨ ਪੰਜਾਬ ਦੀਆਂ-2024 ਦੇ ਜ਼ਿਲ੍ਹਾ ਪੱਧਰੀ ਟੂਰਨਾਮੈਂਟ ਕਰਵਾਏ ਜਾ ਰਹੇ ਹਨ। ਖੇਡਾਂ ਵਤਨ ਪੰਜਾਬ ਦੀਆਂ-2024 ਦਾ ਜੂਡੋ ਦਾ ਜ਼ਿਲ੍ਹਾ ਪੱਧਰੀ ਟੂਰਨਾਮੈਂਟ ਕਨਵੀਨਰ ਸ੍ਰੀ ਸੁਰਜੀਤ ਸਿੰਘ ਵਾਲੀਆ ਜੀ ਅਤੇ ਕੋ ਕਨਵੀਨਰ ਸ੍ਰੀ ਮਨਦੀਪ ਕੁਮਾਰ ਜੀ ਦੀ ਅਗਵਾਈ ਵਿੱਚ ਪੋਲੋ ਗਰਾਊਂਡ ਪਟਿਆਲਾ ਵਿਖੇ ਕਰਵਾਇਆ ਗਿਆ। ਜ਼ਿਲ੍ਹਾ ਪੱਧਰੀ ਜੂਡੋ ਟੂਰਨਾਮੈਂਟ ਵਿੱਚ ਹਰ ਉਮਰ ਵਰਗ ਵਿੱਚ ਵੱਡੀ ਗਿਣਤੀ ਵਿੱਚ ਖਿਡਾਰੀਆਂ ਨੇ ਭਾਗ ਲਿਆ। ਹਰ ਖਿਡਾਰੀ ਨੇ ਇਸ ਟੂਰਨਾਮੈਂਟ ਵਿੱਚ ਆਪਣੇ ਸਰਵੋਤਮ ਖੇਡ ਦਾ ਪ੍ਰਦਰਸ਼ਨ ਕੀਤਾ। ਜਿੱਥੇ ਇੱਕ ਪਾਸੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਿਦਿਆਰਥੀ ਖੇਡਾਂ ਵਿੱਚ ਚੰਗਾ ਪ੍ਰਦਰਸ਼ਨ ਕਰ ਰਹੇ ਹਨ, ਉੱਥੇ ਦੂਜੇ ਪਾਸੇ ਯੂਨੀਵਰਸਿਟੀ ਦੇ ਕਰਮਚਾਰੀ ਵੀ ਖੇਡਾਂ ਵਿੱਚ ਆਪਣਾ ਲੋਹਾ ਮਨਵਾ ਰਹੇ ਹਨ। ਸ੍ਰੀਮਤੀ ਪਰਮਜੀਤ ਕੌਰ ਜੋ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਪੰਜਾਬ ਦਾ ਵਣ ਤ੍ਰਿਣ ਜੀਵ ਜੰਤ ਮੁੜ ਬਹਾਲੀ ਕੇਂਦਰ ਵਿਭਾਗ ਵਿੱਚ ਬਤੌਰ ਸੀਨੀਅਰ ਸਹਾਇਕ ਕੰਮ ਕਰ ਰਹੇ ਹਨ, ਨੇ ਵੀ ਇਸ ਟੂਰਨਾਮੈਂਟ ਵਿੱਚ ਭਾਗ ਲਿਆ। ਸ੍ਰੀਮਤੀ ਪਰਮਜੀਤ ਕੌਰ ਨੇ ਆਪਣੇ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕਰਦੇ ਹੋਏ ਜੂਡੋ ਦੇ 21+ ਸਾਲ ਉਮਰ ਵਰਗ ਵਿੱਚ ਗੋਲਡ ਮੈਡਲ ਹਾਸਲ ਕੀਤਾ। ਸ੍ਰੀਮਤੀ ਪਰਮਜੀਤ ਕੌਰ ਦੇ ਕੋਚ ਸ੍ਰੀਮਤੀ ਮਮਤਾ ਰਾਣੀ ਜੀ ਨੇ ਕਿਹਾ ਕਿ ਉਹ ਪਿਛਲੇ ਕੁੱਝ ਮਹੀਨਿਆਂ ਤੋਂ ਇਸ ਈਵੈਂਟ ਦੀ ਤਿਆਰੀ ਕਰ ਰਹੀ ਸੀ ਅਤੇ ਇਸ ਦੇ ਨਤੀਜੇ ਵੱਜੋ ਇਹ ਸ਼ਾਨਦਾਰ ਸਫਲਤਾ ਪ੍ਰਾਪਤ ਹੋਈ ਹੈ। ਇੱਥੇ ਇਹ ਵੀ ਗੱਲ ਜ਼ਿਕਰਯੋਗ ਹੈ ਕਿ ਸ੍ਰੀਮਤੀ ਪਰਮਜੀਤ ਕੌਰ ਨੇ ਪਿਛਲੇ ਸਾਲ ਵੀ ਖੇਡਾਂ ਵਤਨ ਪੰਜਾਬ ਦੀਆਂ-2023 ਵਿੱਚ ਜ਼ਿਲ੍ਹਾ ਪੱਧਰ ਤੇ ਗੋਲਡ ਮੈਡਲ ਹਾਸਲ ਕੀਤਾ ਸੀ। ਸ੍ਰੀਮਤੀ ਮਮਤਾ ਰਾਣੀ ਜੀ ਨੇ ਕਿਹਾ ਕਿ ਉਹਨਾਂ ਨੂੰ ਪੂਰਾ ਯਕੀਨ ਹੈ ਕਿ ਇਸ ਸਾਲ ਸ੍ਰੀਮਤੀ ਪਰਮਜੀਤ ਕੌਰ ਸਟੇਟ ਪੱਧਰ ਤੇ ਵੀ ਚੰਗਾ ਪ੍ਰਦਰਸ਼ਨ ਕਰੇਗੀ। ਇਸ ਟੂਰਨਾਮੈਂਟ ਮੌਕੇ ਸ੍ਰੀ ਮਲਕੀਤ ਸਿੰਘ, ਸ੍ਰੀ ਮਨਪ੍ਰੀਤ ਸਿੰਘ, ਸ੍ਰੀ ਮਨਦੀਪ ਸਿੰਘ, ਸ੍ਰੀ ਅਰੁਣ ਕੁਮਾਰ, ਸ੍ਰੀਮਤੀ ਬਨੀਤਾ ਰਾਣੀ, ਸ੍ਰੀਮਤੀ ਰਜਨੀ ਠਾਕੁਰ ਅਤੇ ਹੋਰ ਕੋਚ ਮੌਜੂਦ ਸਨ।

# ਦੋ ਰੋਜ਼ਾ ਮੇਲਾ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਯਾਦਗਾਰੀ ਸਮਾਗਮ ‘ਸ਼ਹੀਦ’ ਨਾਟਕ ਨਾਲ ਸਫਲਤਾ ਪੂਰਵਕ ਸੰਪਨ



**ਪਟਿਆਲਾ, 2 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਉੱਤਰੀ ਖੇਤਰ ਸੱਭਿਆਚਾਰਕ ਕੇਂਦਰ (NZCC), ਪਟਿਆਲਾ (ਸੱਭਿਆਚਾਰ ਮੰਤਰਾਲਾ, ਭਾਰਤ ਸਰਕਾਰ) ਵੱਲੋਂ ਸ਼ਹੀਦ ਭਗਤ ਸਿੰਘ ਦੇ ਜਨਮ ਦਿਹਾੜੇ ਮੌਕੇ ਦੋ ਰੋਜ਼ਾ ਪ੍ਰੋਗਰਾਮ ਵਿਰਸਾ ਵਿਹਾਰ ਕੇਂਦਰ ਦੇ ਕਾਲੀਦਾਸਾ ਆਡੀਟੋਰੀਅਮ ਪਟਿਆਲਾ (ਪੰਜਾਬ) ਵਿਖੇ ਨਾਟਕ ਸ਼ਹੀਦ ਨਾਲ ਸਮਾਪਤ ਹੋਇਆ ।

ਇਸ ਨਾਟਕ ਦਾ ਮੰਚਨ ਸਾਂਝ ਕਲਾ ਮੰਚ, ਕਪੂਰਥਲਾ ਵੱਲੋਂ ਕੀਤਾ ਗਿਆ ਅਤੇ ਦੇਵ (ਕਰਨ ਦੇਵ) ਦੁਆਰਾ ਨਿਰਦੇਸ਼ਨ ਅਤੇ ਲੇਖਣ ਕੀਤਾ ਗਿਆ । ਨਾਟਕ ਵਿੱਚ ਅੱਜ ਦੇ ਸਮੇਂ ਵਿੱਚ ਭਗਤ ਸਿੰਘ ਦੀ ਲੋੜ ਨੂੰ ਬਹੁਤ ਪ੍ਰਭਾਵਸ਼ਾਲੀ ਢੰਗ ਨਾਲ ਦਰਸਾਇਆ ਗਿਆ ਹੈ। ਨਾਟਕ ਅੰਤ ਵਿਚ ਇਹ ਸੰਦੇਸ਼ ਦੇ ਕਿ ਸਮਾਪਤ ਹੋਇਆ ਕਿ ਭਗਤ ਸਿੰਘ ਦੇ ਬੁੱਤ ਬਣਾਉਣ ਜਾਂ ਏਅਰਪੋਰਟ, ਬੱਸ ਟਰਮੀਨਲ ਆਦਿ ਬਣਾਉਣ ਦੀ ਬਜਾਏ ਸਰਦਾਰ ਭਗਤ ਸਿੰਘ ਦੀ ਸੋਚ ਨੂੰ ਅਪਣਾਉਣਾ ਚਾਹੀਦਾ ਹੈ ਅਤੇ ਉਨ੍ਹਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ਨਾਟਕ ਦੇ ਪਾਤਰਾਂ ਵਿੱਚ ਅਦਿਤੀ ਪ੍ਰਗਿਆ ਸਿੰਘ, ਖੁਸ਼ਮੀਤ ਕੌਰ, ਯੋਗਿਤਾ, ਵੈਭਵ ਕੁਮਾਰ, ਸ਼ਿਵੇਸ਼ ਕੁਮਾਰ, ਰਾਜ ਰੋਸ਼ਨ ਰਾਏ, ਅਦਿੱਤਿਆ ਪ੍ਰਤਾਪ ਸਿੰਘ, ਅਨੁਰਾਗ ਠਾਕੁਰ, ਲਵਪ੍ਰੀਤ, ਸਨਯਮ, ਕਰਮਵੀਰ, ਆਰੀਅਨ, ਪਰਤ ਅਤੇ ਅਨੂਪ ਧੀਮਾਨ ਸਹਾਇਕ ਵਜੋਂ ਸ਼ਾਮਲ ਹੋਏ। ਇਹ ਪ੍ਰੋਗਰਾਮ ਉੱਤਰੀ ਖੇਤਰ ਸੱਭਿਆਚਾਰਕ ਕੇਂਦਰ ਦੇ ਡਾਇਰੈਕਟਰ ਐਮ. ਫੁਰਕਾਨ ਖਾਨ ਦੀ ਯੋਗ ਅਗਵਾਈ ਹੇਠ ਕਰਵਾਇਆ ਗਿਆ। ਨਾਟਕ ਦੀ ਸਫਲ ਪੇਸ਼ਕਾਰੀ ਤੋਂ ਬਾਅਦ, ਆਡੀਟੋਰੀਅਮ ਵਿੱਚ ਹਾਜ਼ਰ ਦਰਸ਼ਕਾਂ ਨੇ ਅਜਿਹਾ ਪ੍ਰੋਗਰਾਮ ਆਯੋਜਿਤ ਕਰਨ ਲਈ ਨਾਰਥ ਜ਼ੋਨ ਕਲਚਰਲ ਸੈਂਟਰ (ਐਨ.ਜ਼ੈਡ.ਸੀ.ਸੀ.), ਪਟਿਆਲਾ ਦੀ ਸ਼ਲਾਘਾ ਕੀਤੀ।

# ਵਧੀਕ ਜ਼ਿਲ੍ਹਾ ਮੈਜਿਸਟਰੇਟ ਵੱਲੋਂ ਝੋਨੇ ਦੀ ਰਹਿੰਦ ਖੂੰਹਦ ਨੂੰ ਅੱਗ ਲਗਾਉਣ ’ਤੇ ਪੂਰਨ ਤੌਰ ’ਤੇ ਪਾਬੰਦੀ ਦੇ ਹੁਕਮ

**ਪਟਿਆਲਾ, 2 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਧੀਕ ਜ਼ਿਲ੍ਹਾ ਮੈਜਿਸਟਰੇਟ ਇਸ਼ਾ ਸਿੰਗਲ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਪਟਿਆਲਾ ਵਿੱਚ ਝੋਨੇ ਦੀ ਰਹਿੰਦ ਖੂੰਹਦ ਨੂੰ ਅੱਗ ਲਗਾਉਣ ’ਤੇ ਪੂਰਨ ਤੌਰ ’ਤੇ ਪਾਬੰਦੀ ਲਗਾਈ ਹੈ।

ਵਧੀਕ ਜ਼ਿਲ੍ਹਾ ਮੈਜਿਸਟਰੇਟ ਵੱਲੋਂ ਜਾਰੀ ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਝੋਨੇ ਦੀ ਫ਼ਸਲ ਕੱਟਣ ਉਪਰੰਤ ਜ਼ਮੀਨ ਮਾਲਕਾਂ ਵੱਲੋਂ ਝੋਨੇ ਦੀ ਰਹਿੰਦ ਖੂੰਹਦ ਨੂੰ ਅੱਗ ਲਗਾ ਦਿੱਤੀ ਜਾਂਦੀ ਹੈ ਜਿਸ ਨਾਲ ਹਵਾ ਵਿੱਚ ਧੂੰਏ ਨਾਲ ਬਹੁਤ ਪ੍ਰਦੂਸ਼ਣ ਫੈਲਦਾ ਹੈ ਅਤੇ ਵਾਤਾਵਰਣ ’ਤੇ ਮਾੜਾ ਅਸਰ ਪੈਂਦਾ ਹੈ। ਇਸ ਧੂੰਏ ਕਾਰਨ ਆਮ ਪਬਲਿਕ/ਬੱਚਿਆਂ ਦੀ ਸਿਹਤ ’ਤੇ ਮਾੜਾ ਅਸਰ ਪੈਣ ਦਾ ਅਤੇ ਬਿਮਾਰੀਆਂ ਲੱਗਣ ਦਾ ਡਰ ਬਣਿਆ ਰਹਿੰਦਾ ਹੈ। ਅੱਗ ਨਾਲ ਆਲੇ-ਦੁਆਲੇ ਖੜ੍ਹੀ ਫ਼ਸਲ ਦਾ ਵੀ ਨੁਕਸਾਨ ਹੋਣ ਦਾ ਡਰ ਰਹਿੰਦਾ ਹੈ। ਇਸ ਤੋਂ ਇਲਾਵਾ ਦੁਰਲਭ ਅਤੇ ਲਾਭਦਾਇਕ ਜੀਵ-ਜੰਤੂਆਂ ਦੀ ਵਿਰਾਸਤ ਦਾ ਸਰਮਾਇਆ ਖ਼ਤਮ ਹੋ ਜਾਂਦਾ ਹੈ। ਸੜਕ ਦੇ ਨਾਲ ਲਗਦੇ ਖੇਤਾਂ ਵਿੱਚ ਅੱਗ ਲਾਉਣ ਕਾਰਨ ਸੜਕ ਉਪਰ ਸੰਘਣਾ ਧੂੰਆ ਹੋਣ ਕਾਰਨ ਆਵਾਜਾਈ ਵਿੱਚ ਵਿਘਨ ਪੈਂਦਾ ਹੈ ਅਤੇ ਵੱਡੀ ਦੁਰਘਟਨਾ ਹੋ ਸਕਦੀ ਹੈ, ਜਿਸ ਨਾਲ ਜਾਨੀ ਤੇ ਮਾਲੀ ਨੁਕਸਾਨ ਹੋਣ ਦਾ ਖ਼ਤਰਾ ਰਹਿੰਦਾ ਹੈ। ਇਸ ਤੋਂ ਇਲਾਵਾ ਪਟਿਆਲਾ ਜ਼ਿਲ੍ਹੇ ਵਿੱਚ ਵੱਖ-ਵੱਖ ਸਥਾਨਾਂ ’ਤੇ ਅਹਿਮ ਪਲਾਂਟ, ਜਿਸ ਵਿੱਚ ਬਹੁਤ ਹੀ ਬਲਣਸ਼ੀਲ ਪਦਾਰਥ ਜਿਵੇਂ ਕਿ ਗੈਸ/ਪੈਟਰੋਲ ਆਦਿ ਦਾ ਭੰਡਾਰ ਹੈ, ਸਥਿਤ ਹਨ ਅਤੇ ਜ਼ਿਲ੍ਹੇ ਵਿੱਚ ਕਈ ਥਾਵਾਂ ਤੋਂ ਗੈਸ ਪਾਈਪ ਲਾਈਨ ਵੀ ਲੰਘਦੀ ਹੈ ਅਤੇ ਇਨ੍ਹਾਂ ਪਲਾਂਟਾਂ ਦੇ ਆਸ-ਪਾਸ ਝੋਨੇ ਆਦਿ ਦੀ ਰਹਿੰਦ-ਖੂੰਹਦ ਨੂੰ ਅੱਗ ਲਗਾਉਣ ਕਾਰਨ ਕੋਈ ਵੱਡੀ ਘਟਨਾ ਵਾਪਰ ਸਕਦੀ ਹੈ। ਇਸ ਤਰ੍ਹਾਂ ਨਾਲ ਲੋਕਾਂ ਦੀ ਸੁਰੱਖਿਆ ਅਤੇ ਅਮਨ-ਕਾਨੂੰਨ ਦੀ ਸਥਿਤੀ ਨੂੰ ਖਤਰਾ ਪੈਦਾ ਹੋ ਸਕਦਾ ਹੈ। ਇਹ ਹੁਕਮ ਜ਼ਿਲ੍ਹੇ ਵਿੱਚ 25 ਨਵੰਬਰ 2024 ਤੱਕ ਲਾਗੂ ਰਹਿਣਗੇ।

# ਕੁਰਾਨ ਸ਼ਰੀਫ ਦੀ ਤਿਲਾਵਤ ਦੇ ਮੁਕਾਬਲੇ 2 ਨਵੰਬਰ ਨੂੰ ਕਰਵਾਉਣ ਦਾ ਲਿਆ ਗਿਆ ਫੈਸਲਾ

**ਮਾਲੇਰਕੋਟਲਾ, 2 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਯੂਸਫ ਮੈਮੋਰੀਅਲ ਵੈਲਫੇਅਰ ਸੋਸਾਇਟੀ ਦੀ ਇੱਕ ਮਹੱਤਵਪੂਰਨ ਮੀਟਿੰਗ ਨਗਰ ਕੌਂਸਲ ਮਾਲੇਰਕੋਟਲਾ ਦੀ ਪ੍ਰਧਾਨ ਮੈਡਮ ਨਸਰੀਨ ਅਸ਼ਰਫ ਅਬਦੁਲਾ ਦੀ ਰਿਹਾਇਸ਼ ਤੇ ਆਯੋਜਿਤ ਹੋਈ ।ਜਿਸ ਦੀ ਪ੍ਰਧਾਨਗੀ ਮੁਫਤੀ ਏ ਆਜਮ ਪੰਜਾਬ ਸ੍ਰੀ ਇਰਤਕਾ ਉਲ ਹਸਨ ਕਾਂਦਲਵੀ ਨੇ ਕੀਤੀ ਅਤੇ ਮੀਟਿੰਗ ਦੀ ਕਾਰਵਾਈ ਸੁਸਾਇਟੀ ਦੇ ਸਕੱਤਰ ਮੁਫਤੀ ਅਬਦੁਲ ਮਲਿਕ ਵੱਲੋਂ ਚਲਾਈ ਗਈ। ਯੂਸਫ ਮੈਮੋਰੀਅਲ ਵੈਲਫੇਅਰ ਸੋਸਾਇਟੀ ਵੱਲੋਂ ਬੀਤੇ ਸਮੇਂ ਵਿੱਚ ਵੱਖ-ਵੱਖ ਤਰ੍ਹਾਂ ਦੇ ਮੁਕਾਬਲੇ ਆਯੋਜਿਤ ਕਰਵਾ ਕੇ ਚੰਗਾ ਨਾ ਕਮਾਇਆ ਹੈ ਅਤੇ ਇਹ ਸੁਸਾਇਟੀ ਵਿਦਿਆਰਥੀਆਂ ਨੂੰ ਕੁਰਾਨ ਸ਼ਰੀਫ ਦੀਆਂ ਸਿੱਖਿਆਵਾਂ ਨਾਲ ਜੁੜਨ ਦੇ ਲਈ ਪ੍ਰੇਰਿਤ ਕਰ ਰਹੀ ਹੈ।

ਇਸ ਮੀਟਿੰਗ ਦੇ ਸਬੰਧ ਵਿੱਚ ਜਾਣਕਾਰੀ ਦਿੰਦੇ ਹੋਏ ਸੋਸਾਇਟੀ ਦੇ ਪ੍ਰਧਾਨ ਮੁਫਤੀ ਮੁਹੰਮਦ ਦਿਲਸ਼ਾਦ ਜਮਾਲਪੁਰਾ ਨੇ ਕਿਹਾ ਕਿ ਆਉਣ ਵਾਲੀ ਦੋ ਨਵੰਬਰ ਨੂੰ ਮਸਜਿਦ ਹਮਜਾ, ਨਿਸ਼ਾਤ ਕਲੋਨੀ ਵਿੱਚ ਕੁਰਾਨ ਸ਼ਰੀਫ ਦੀ ਤਿਲਾਵਤ ਦੇ ਮੁਕਾਬਲੇ ਆਯੋਜਿਤ ਕੀਤੇ ਜਾਣਗੇ ।

# ਪ੍ਰਨੀਤ ਕੌਰ ਅਤੇ ਜੈ ਇੰਦਰ ਕੌਰ ਨੇ ਗੈਸਟ ਫੈਕਲਟੀ ਅਧਿਆਪਕਾਂ ਨੂੰ ਹਟਾਉਣ ਦੀ ਅੱਧੀ ਰਾਤ ਦੀ ਕੋਸ਼ਿਸ਼ ਲਈ ਪੰਜਾਬ ਸਰਕਾਰ ਦੀ ਨਿੰਦਾ ਕੀਤੀ



**ਪਟਿਆਲਾ, 2 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਜਨਤਾ ਪਾਰਟੀ ਦੀ ਸੀਨੀਅਰ ਆਗੂ ਪ੍ਰਨੀਤ ਕੌਰ ਅਤੇ ਮਹਿਲਾ ਮੋਰਚਾ ਦੀ ਪ੍ਰਧਾਨ ਜੈ ਇੰਦਰ ਕੌਰ ਨੇ ਅੱਜ ਪੰਜਾਬ ਸਰਕਾਰ ਅਤੇ ਸਿੱਖਿਆ ਵਿਭਾਗ ਵੱਲੋਂ ਗੈਸਟ ਫੈਕਲਟੀ ਵਾਲੇ ਪ੍ਰੋਫੈਸਰਾਂ ਨੂੰ ਹਟਾਉਣ ਅਤੇ 1158 ਸਹਾਇਕ ਪ੍ਰੋਫੈਸਰਾਂ ਦੇ ਗਰੁੱਪ ਵਿੱਚੋਂ ਨਵੇਂ ਅਧਿਆਪਕਾਂ ਨੂੰ ਭਰਤੀ ਕਰਨ ਦੀ ਅੱਧੀ ਰਾਤ ਨੂੰ ਕੀਤੀ ਜਾ ਰਹੀ ਕੋਝੀ ਕੋਸ਼ਿਸ਼ ਦੀ ਨਿਖੇਧੀ ਕੀਤੀ ਹੈ।

ਪਟਿਆਲਾ ਵਿੱਚ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਜੈ ਇੰਦਰ ਕੌਰ ਨੇ ਕਿਹਾ, ਅਸੀਂ ਮਾਨਯੋਗ ਹਾਈ ਕੋਰਟ ਵੱਲੋਂ 1158 ਸਹਾਇਕ ਪ੍ਰੋਫੈਸਰਾਂ ਦੀ ਭਰਤੀ ਦੀ ਆਗਿਆ ਦੇਣ ਦੇ ਫੈਸਲੇ ਦਾ ਸਵਾਗਤ ਕਰਦੇ ਹਾਂ, ਪਰ ਇਹ ਨੌਕਰੀਆਂ ਇਨ੍ਹਾਂ ਕਾਲਜਾਂ ਵਿੱਚ 20 ਸਾਲਾਂ ਤੋਂ ਕੰਮ ਕਰ ਰਹੇ ਠੇਕੇ ’ਤੇ ਰੱਖੇ ਅਧਿਆਪਕਾਂ ਦੀ ਕੀਮਤ ’ਤੇ ਨਹੀਂ ਆਉਣਾ ਚਾਹੀਦਾ।

ਪੰਜਾਬ ਦੇ ਕਾਲਜਾਂ ਵਿੱਚ ਲਗਪਗ 850 ਗੈਸਟ ਫੈਕਲਟੀ ’ਤੇ ਰੱਖੇ ਪ੍ਰੋਫੈਸਰ ਕੰਮ ਕਰ ਰਹੇ ਹਨ। ਕਈ ਸਾਲਾਂ ਤੋਂ ਬਿਨਾਂ ਰੈਗੂਲਰ ਪੋਸਟਿੰਗ ਦੇ ਕੰਮ ਕਰਨ ਦੇ ਬਾਵਜੂਦ, ਉਨ੍ਹਾਂ ਨੇ ਆਪਣੀ ਡਿਊਟੀ ਤਨਦੇਹੀ ਨਾਲ ਨਿਭਾਈ ਹੈ। ਹਾਲਾਂਕਿ, ਬੀਤੀ ਰਾਤ ਸਿੱਖਿਆ ਵਿਭਾਗ ਦੇ ਹੁਕਮਾਂ ਨੇ ਨਵੇਂ ਅਧਿਆਪਕਾਂ ਨੂੰ ਰੱਖਣ ਲਈ ਉਨ੍ਹਾਂ ਦੀਆਂ ਅਸਾਮੀਆਂ ਖਾਲੀ ਕਰ ਦਿੱਤੀਆਂ ਹਨ।

ਪਟਿਆਲਾ ਦੀ ਸਾਬਕਾ ਸੰਸਦ ਮੈਂਬਰ ਪ੍ਰਨੀਤ ਕੌਰ ਨੇ ਕਿਹਾ, ਦੂਜਿਆਂ ਨੂੰ ਰੁਜ਼ਗਾਰ ਦੇਣ ਲਈ ਇਨ੍ਹਾਂ ਅਧਿਆਪਕਾਂ ਤੋਂ ਰੁਜ਼ਗਾਰ ਖੋਹਣਾ ਬੇਤੁਕਾ ਹੈ। ਇਹ ਕਿਹੋ ਜਿਹਾ ਸਿੱਖਿਆ ਮਾਡਲ ਹੈ? ਸਰਕਾਰ ਨੂੰ ਇਨ੍ਹਾਂ ਅਧਿਆਪਕਾਂ ਦਾ ਭਵਿੱਖ ਸੁਰੱਖਿਅਤ ਕਰਨਾ ਚਾਹੀਦਾ ਹੈ ਜੋ ਸਾਲਾਂ ਤੋਂ ਸਾਡੇ ਬੱਚਿਆਂ ਨੂੰ ਪੜ੍ਹਾ ਰਹੇ ਹਨ। ਉਨ੍ਹਾਂ ਨੂੰ ਨਵੀਆਂ ਅਸਾਮੀਆਂ ਬਣਾਉਣੀਆਂ ਚਾਹੀਦੀਆਂ ਹਨ ਜਾਂ ਇੱਕ ਡੈਥ ਕੇਡਰ ਸਥਾਪਤ ਕਰਨਾ ਚਾਹੀਦਾ ਹੈ, ਜਿਵੇਂ ਕਿ ਹਰਿਆਣਾ ਵਿੱਚ ਕੀਤਾ ਗਿਆ ਹੈ।

ਪ੍ਰਨੀਤ ਕੌਰ ਨੇ ਅੱਗੇ ਆਲੋਚਨਾ ਕੀਤੀ, ਇਹ ਪ੍ਰਕਿਰਿਆ ਪੂਰੀ ਤਰ੍ਹਾਂ ਸੰਕੋਚਿਤ ਹੈ। ਸਿੱਖਿਆ ਵਿਭਾਗ ਨੇ ਮਹਿੰਦਰਾ ਕਾਲਜ ਦੇ ਲੜਕੀਆਂ ਦੇ ਹੋਸਟਲ ਵਿੱਚ ਇੱਕ ਅੱਧੀ ਰਾਤ ਦਾ ਕੈਂਪ ਲਗਾਇਆ, ਨਵੇਂ ਅਧਿਆਪਕਾਂ ਨੂੰ ਰਾਤ 12 ਅਤੇ 1 ਵਜੇ ਜੁਆਇਨ ਕਰਨ ਲਈ ਕਿਹਾ। ਅਸੀਂ ਪਹਿਲਾਂ ਹੀ ਰਾਜੀਵ ਗਾਂਧੀ ਲਾਅ ਯੂਨੀਵਰਸਿਟੀ ਵਿਚ ਅਜਿਹੀ ਸਮੱਸਿਆ ਤੋਂ ਜੂਝ ਰਹੇ ਹਾਂ ਅਤੇ ਹੁਣ ਇਹ ਉਹੀ ਗਲਤੀ ਮੋਹਿੰਦਰ ਕਾਲਜ ਵਿਖੇ ਦੁਹਰਾ ਰਹੇ ਹਨ।

ਆਗੂਆਂ ਦੇ ਨਾਲ ਮਹਿੰਦਰਾ ਕਾਲਜ ਦੇ ਅਧਿਆਪਕ ਵੀ ਸਨ, ਜਿਨ੍ਹਾਂ ਵਿੱਚ ਪ੍ਰੋਫੈਸਰ ਮੀਨਾ ਗੋਇਲ ਵੀ ਸ਼ਾਮਲ ਸਨ, ਜਿਨ੍ਹਾਂ ਨੇ ਆਪਣੀ ਕਹਾਣੀ ਸਾਂਝੀ ਕੀਤੀ: ÷ਮੈਂ 19 ਸਾਲਾਂ ਤੋਂ ਸਮਾਜ ਸ਼ਾਸਤਰ ਦੇ ਪ੍ਰੋਫੈਸਰ ਵਜੋਂ ਕੰਮ ਕੀਤਾ ਹੈ, ਬਹੁਤ ਸਾਰੇ ਵਿਦਿਆਰਥੀਆਂ ਨੂੰ ਸਿੱਖਿਆ ਪ੍ਰਦਾਨ ਕੀਤੀ ਹੈ। ਸਾਡੀ ਸਖ਼ਤ ਮਿਹਨਤ ਦੇ ਬਾਵਜੂਦ, ਸਾਡੀਆਂ ਸੇਵਾਵਾਂ ਨੂੰ ਨਿਯਮਤ ਨਹੀਂ ਕੀਤਾ ਗਿਆ ਹੈ। ਇਸ ਦੀ ਬਜਾਏ, ਸਰਕਾਰ ਨੇ ਸਾਨੂੰ ਕੱਢਕੇ ਇਹ ਇਨਾਮ ਦਿੱਤਾ ਹੈ।

ਅਗਲੇ ਕਦਮਾਂ ਬਾਰੇ ਜੈ ਇੰਦਰ ਕੌਰ ਨੇ ਕਿਹਾ, ਅਸੀਂ ਇਹਨਾਂ ਅਧਿਆਪਕਾਂ ਦੇ ਹੱਕਾਂ ਲਈ ਹਰ ਥਾਂ ਲੜਾਂਗੇ। ਅਸੀਂ ਸਿੱਖਿਆ ਮੰਤਰਾਲੇ ਨਾਲ ਸਲਾਹ ਕਰਾਂਗੇ ਅਤੇ ਇਹਨਾਂ ਪ੍ਰੋਫੈਸਰਾਂ ਦੀਆਂ ਮੰਗਾਂ ਦੇ ਹੱਲ ਲਈ ਪੰਜਾਬ ਸਰਕਾਰ ਵਿਰੁੱਧ ਰੋਸ ਪ੍ਰਦਰਸ਼ਨ ਕਰਾਂਗੇ।

# ਗੁਰਸ਼ਰਨ ਕੌਰ ਰੰਧਾਵਾ ਦੀ ਕਾਂਗਰਸ ਵੱਲੋਂ ਹਰਿਆਣਾ ਦੇ 7 ਹਲਕਿਆਂ ਵਿੱਚ ਪ੍ਰਚਾਰਕ ਵਜੋਂ ਡਿਊਟੀ



**ਸਮਾਣਾ, 2 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਮਹਿਲਾ ਕਾਂਗਰਸ ਦੀ ਪ੍ਰਧਾਨ ਗੁਰਸ਼ਰਨ ਕੌਰ ਰੰਧਾਵਾ ਨੂੰ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲੋਂ ਹਰਿਆਣਾ ਵਿਧਾਨ ਸਭਾ ਚੋਣਾਂ ਲਈ ਪੰਜਾਬੀ ਬੋਲਦੇ 7 ਹਲਕਿਆਂ ਵਿੱਚ ਚੋਣ ਪ੍ਰਚਾਰ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਰੰਧਾਵਾ ਨੂੰ ਹਰਿਆਣਾ ਦੇ ਹਲਕਿਆਂ ਪਿਹੋਵਾ, ਪੰਚਕੂਲਾ, ਅੰਬਾਲਾ ਸਿਟੀ, ਅੰਬਾਲਾ ਕੈਂਟ, ਨਰਾਇਣਗੜ੍ਹ, ਕਾਲਕਾ, ਅਤੇ ਗੂਹਲਾ ਵਿੱਚ ਕਾਂਗਰਸ ਦੇ ਉਮੀਦਵਾਰਾਂ ਲਈ ਪ੍ਰਚਾਰਕ ਨਿਯੁਕਤ ਕੀਤਾ ਗਿਆ ਹੈ।

ਇਸ ਤੋਂ ਪਹਿਲਾਂ, ਰੰਧਾਵਾ ਨੇ ਟੋਹਾਣਾ, ਗੂਹਲਾ, ਸਿਰਸਾ ਆਦਿ ਹਲਕਿਆਂ ਵਿੱਚ ਕਾਂਗਰਸ ਦੇ ਉਮੀਦਵਾਰਾਂ ਲਈ ਪ੍ਰਚਾਰ ਕੀਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਹਰਿਆਣਾ ਦੇ ਲੋਕ ਭਾਜਪਾ ਸਰਕਾਰ ਤੋਂ ਨਿਰਾਸ਼ ਹਨ ਅਤੇ ਸਿਰਫ ਕਾਂਗਰਸ ਨੂੰ ਹੀ ਆਪਣੀ ਆਵਾਜ਼ ਦੇਣ ਦੀ ਚਾਹਤ ਰੱਖਦੇ ਹਨ। ਉਨ੍ਹਾਂ ਕਿਹਾ, ਕਿਸਾਨਾਂ, ਮਜ਼ਦੂਰਾਂ, ਅਤੇ ਕਾਰੋਬਾਰੀਆਂ ਸਮੇਤ ਹਰ ਵਰਗ ਭਾਜਪਾ ਸਰਕਾਰ ਦੀਆਂ ਨੀਤੀਆਂ ਨਾਲ ਦੁਖੀ ਹੈ। ਲੋਕ ਰਾਹੁਲ ਗਾਂਧੀ ਨੂੰ ਦੇਸ਼ ਦੇ ਪ੍ਰਧਾਨ ਮੰਤਰੀ ਦੇ ਰੂਪ ਵਿੱਚ ਦੇਖਣਾ ਚਾਹੁੰਦੇ ਹਨ।

# ਜਾਨਵਰਾਂ ਕਾਰਨ ਵਾਪਰੇ ਹਾਦਸਿਆਂ ਦੇ ਪੀੜਤਾਂ ਨੂੰ ਨਗਰ ਨਿਗਮ ਵੱਲੋਂ ਮੁਆਵਜਾ ਮਿਲਣਾ ਸ਼ੁਰੂ

**ਏਜੰਸੀਆਂ**

ਚੰਡੀਗੜ੍ਹ 2 ਅਕਤੂਬਰ। ਪੰਜਾਬ 'ਚ ਅਵਾਰਾ ਕੁੱਤਿਆਂ ਅਤੇ ਜੰਗਲੀ ਜਾਨਵਰਾਂ ਦੇ ਹਮਲੇ ਦਿਨੋਂ-ਦਿਨ ਵਧਦੇ ਹੀ ਜਾ ਰਹੇ ਹਨ। ਇਸੇ ਤਹਿਤ ਚੰਡੀਗੜ੍ਹ 'ਚ ਅਵਾਰਾ ਕੁੱਤਿਆਂ ਅਤੇ ਜੰਗਲੀ ਜਾਵਨਰਾਂ ਕਾਰਨ ਵਾਪਰਦੇ ਹਾਦਸਿਆਂ ਲਈ



ਮੁਆਵਜਾ ਦੇਣ ਦੀ ਪ੍ਰਕਿਰਿਆ ਸ਼ੁਰੂ ਹੋ ਗਈ ਹੈ। ਨਗਰ ਨਿਗਮ ਵੱਲੋਂ ਪਹਿਲੀ ਵਾਰ ਆਵਾਰਾ ਪਸ਼ੂਆਂ ਕਾਰਨ ਜਾਨ ਗੁਆਉਣ ਵਾਲੇ ਵਿਅਕਤੀਆਂ ਦੇ ਪਰਿਵਾਰ ਨੂੰ 5 ਲੱਖ ਰੁਪਏ ਅਤੇ ਕੁੱਤਿਆਂ ਦੇ ਵੱਢਣ ਦੇ ਮਾਮਲੇ 'ਚ ਪੀੜਤ ਨੂੰ 30 ਹਜਾਰ ਰੁਪਏ ਦਾ ਮੁਆਵਜਾ ਜਾਰੀ ਕੀਤਾ ਗਿਆ ਹੈ। ਆਉਣ ਵਾਲੇ ਦਿਨਾਂ 'ਚ ਕਈ ਹੋਰ ਪੀੜਤਾਂ ਨੂੰ ਵੀ ਮੁਆਵਜਾ ਜਾਰੀ ਕੀਤਾ ਜਾਵੇਗਾ। ਪੰਜਾਬ-ਹਰਿਆਣਾ ਹਾਈ ਕੋਰਟ ਦੇ ਹੁਕਮਾਂ 'ਤੇ ਅਵਾਰਾ ਪਸ਼ੂਆਂ ਜਿਵੇਂ-ਗਾਵਾਂ, ਬਲਦ, ਖੋਤੇ, ਕੁੱਤਿਾਂ, ਨੀਲਗਾਵਾਂ, ਮੱਝਾਂ ਅਤੇ ਹੋਰ ਜੰਗਲੀ ਜਾਨਵਰਾਂ ਕਾਰਨ ਹੋਣ ਵਾਲੇ ਮਨੁੱਖੀ ਨੁਕਸਾਨ ਦਾ ਮੁਆਵਜਾ ਦੇਣ ਲਈ ਡੀਸੀ ਵਿਨੈ ਪ੍ਰਤਾਪ ਸਿੰਘ ਦੀ ਪ੍ਰਧਾਨਗੀ ਹੇਠ ਇਕ ਕਮੇਟੀ ਦਾ ਗਠਨ ਕੀਤਾ ਗਿਆ ਹੈ। ਕਮੇਟੀ 'ਚ ਨਗਰ ਨਿਗਮ, ਸਿਹਮ ਵਿਭਾਗ, ਜੰਗਲਾਤ ਵਿਭਾਗ ਅਤੇ ਕਈ ਹੋਰ ਵਿਭਾਗਾਂ ਦੇ ਅਧਿਕਾਰੀ ਵੀ ਸ਼ਾਮਲ ਹਨ। ਹੁਣ ਤਕ ਮੇਟੀ ਦੀ 3 ਵਾਰ ਮੀਟਿੰਗ ਹੋ ਚੁੱਕੀ ਹੈ। ਕਮੇਟੀ ਕੋਲ ਕਈ ਅਰਜੀਆਂ ਵੀ ਆਈਆਂ ਹਨ। ਅਰਜੀਆਂ ਦੀ ਪੜਚੋਲ ਕਰਨ ਤੋਂ ਬਾਅਦ ਹੁਣ ਉਨ੍ਹਾਂ ਨੂੰ ਮੁਆਵਜਾ ਜਾਰੀ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਹੈ। ਡੀਸੀ ਵਿਨੈ ਪ੍ਰਤਾਪ ਸਿੰਘ ਨੇ ਦੱਸਿਆ ਕਿ ਦੋ ਮਾਮਲਿਆਂ 'ਚ ਮੁਆਵਜਾ ਜਾਰੀ ਕੀਤਾ ਗਿਆ ਹੈ। ਜੰਗਲੀ ਜਾਨਵਰ ਕਾਰਨ ਵਾਪਰੇ ਹਾਦਸੇ 'ਚ ਇਕ ਵਿਅਕਤੀ ਦੀ ਮੌਤ ਹੋ ਗਈ। ਇਸ ਮਾਮਲੇ 'ਚ ਹਾਈ ਕੋਰਟ ਵੱਲੋਂ ਤੈਅ ਕੀਤੀ ਗਈ ਰਾਸ਼ੀ ਅਨੁਸਾਰ 5 ਲੱਖ ਰੁਪਏ ਦਾ ਮੁਆਵਜਾ ਜਾਰੀ ਕੀਤਾ ਗਿਆ ਹੈ। ਦੂਜੇ ਮਾਮਲੇ 'ਚ ਇਕ ਹੀ ਵਿਅਕਤੀ ਨੂੰ ਕੁੱਤੇ ਨੇ 3 ਵਾਰ ਵੱਢ ਲਿਆ। ਜਿਸ ਨੂੰ 30 ਹਜਾਰ ਰੁਪਏ ਦੇ ਹਿਸਾਬ ਨਾਲ 3 ਵਾਰ ਮੁਆਵਜਾ ਦਿੱਤਾ ਗਿਆ। ਹਾਈ ਕੋਰਟ ਦੇ ਫੈਸਲੇ ਅਨੁਸਾਰ ਕੁੱਤੇ ਦੇ ਵੱਢਣ ਨਾਲ ਦੰਦਾ ਦੇ ਨਿਸ਼ਾਨ ਲੱਗਣ 'ਤੇ 10,000 ਰੁਪਏ ਦਾ ਮੁਆਵਜਾ ਦਿੱਤਾ ਜਾਵੇਗਾ।

# 'ਪੰਜਾਬ 95' 'ਚ 120 ਕੱਟ ਲਗਾਉਣਾ ਦੇ ਫੈਸਲੇ ਨੂੰ ਸੈਂਸਰ ਬੋਰਡ ਤੁਰੰਤ ਵਾਪਸ ਲਵੇ : ਹਰਮੀਤ ਸਿੰਘ ਕਾਲਕਾ

**ਸਰਦੂਲ ਸਿੰਘ**

ਅੰਮ੍ਰਿਤਸਰ 2 ਅਕਤੂਬਰ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਕਿਹਾ ਕਿ ਭਾਰਤ ਦੇ ਸੈਂਟਰਲ ਬੋਰਡ ਆਫ ਫਿਲਮ ਸਰਟੀਫਿਕੇਸਨ (ਸੈਂਸਰ ਬੋਰਡ) ਵੱਲੋਂ ਮਰਹੂਮ ਮਨੁੱਖੀ ਅਧਿਕਾਰ ਕਾਰਕੁੰਨ ਜਸਵੰਤ ਸਿੰਘ ਖਾਲੜਾ ਦੇ ਜੀਵਨ 'ਤੇ ਬਣੀ ਫਿਲਮ ਵਿਚ 120 ਕੱਟ ਲਗਾਉਣਾ, ਫਿਲਮ ਦਾ ਨਾਂ ਬਦਲਣਾ ਅਤੇ ਖਾਲੜਾ ਦਾ ਨਾਂ ਕਟਵਾਉਣਾ ਸਿੱਖਾਂ ਨਾਲ ਵੱਡੀ ਬੇਇਨਸਾਫੀ ਹੈ। ਉਹਨਾਂ ਨੇ ਸੈਂਸਰ ਬੋਰਡ ਨੂੰ ਅਪੀਲ ਕੀਤੀ ਕਿ ਉਹ ਆਪਣਾ ਫੈਸਲਾ ਤੁਰੰਤ ਵਾਪਸ ਲਵੇ। ਪ੍ਰਧਾਨ ਕਾਲਕਾ ਨੇ ਕਿਹਾ ਕਿ 1984 ਤੋਂ 1994 ਤੱਕ ਪੰਜਾਬ 'ਚ ਹਜਾਰਾਂ ਦੀ ਗਿਣਤੀ ਵਿਚ ਲਾਪਤਾ ਹੋਏ ਸਿੱਖ ਨੌਜਵਾਨਾਂ ਦੀ ਸਨਾਖਤ ਕਰਨ ਵਾਲੇ ਮਨੁੱਖੀ ਅਧਿਕਾਰ ਕਾਰਕੁੰਨ ਜਸਵੰਤ ਸਿੰਘ ਖਾਲੜਾ ਦਾ ਸਿੱਖ ਕੌਮ ਵਿਚ ਵੱਡਾ ਸਤਿਕਾਰ ਹੈ। ਉਨ੍ਹਾਂ ਕਿਹਾ ਕਿ ਖਾਲੜਾ ਦੇ ਜੀਵਨ 'ਤੇ ਆਧਾਰਿਤ ਫਿਲਮ ਪ੍ਰਤੀ ਸਿੱਖ ਭਾਈਚਾਰੇ ਵਿਚ ਬਹੁਤ ਉਤਸੁਕਤਾ ਬਣੀ ਹੋਈ ਸੀ। ਹੁਣ ਇਹ ਸਾਹਮਣੇ ਆਇਆ ਹੈ ਕਿ ਸੈਂਸਰ ਬੋਰਡ ਨੇ ਫ਼ਿਲਮ ਵਿਚ 120 ਕੱਟ ਹੀ ਨਹੀਂ ਲਗਾਏ ਸਗੋਂ ਫਿਲਮ ਦਾ ਨਾਂ ਬਦਲ ਕੇ 'ਸਤਲੁਜ' ਕਰ ਦਿੱਤਾ ਹੈ ਅਤੇ ਮੁੱਖ ਕਿਰਦਾਰ ਦਾ ਨਾਂ ਵੀ ਜਸਵੰਤ ਸਿੰਘ ਤੋਂ ਬਦਲਣ ਦੇ ਹੁਕਮ ਦਿੱਤੇ ਹਨ। ਉਨ੍ਹਾਂ ਕਿਹਾ ਕਿ ਜਦੋਂ ਜਸਵੰਤ ਸਿੰਘ ਖਾਲੜਾ ਦੀ ਪਛਾਣ ਹੀ ਫਿਲਮ ਵਿਚੋਂ ਖਤਮ ਕਰ ਦੇਣੀ ਹੈ ਤਾਂ ਫਿਰ ਫਿਲਮ ਵਿਚ ਬਾਕੀ ਕੀ ਰਹਿ ਜਾਣਾ ਹੈ। 120 ਕੱਟ ਲਗਾਉਣਾ ਵੀ ਆਪਣੇ ਆਪ ਵਿਚ ਪਹਿਲੀ ਵਾਰ ਦਾ ਬਣਿਆ ਰਿਕਾਰਡ ਹੈ।



ਉਨ੍ਹਾਂ ਕਿਹਾ ਕਿ ਜੇਕਰ ਭਾਰਤੀ ਫਿਲਮਾਂ ਦੇ ਇਤਿਹਾਸ 'ਤੇ ਝਾਤ ਮਾਰੀ ਜਾਵੇ ਤਾਂ ਅਨੇਕਾਂ ਫਿਲਮਾਂ ਹਨ ਜਿਹਨਾਂ ਦੇ ਵਿਵਾਦ ਖੜ੍ਹੇ ਹੋਣ ਦੇ ਬਾਵਜੂਦ ਵੀ ਫਿਲਮਾਂ ਸੈਂਸਰ ਬੋਰਡ ਨੇ ਪਾਸ ਕੀਤੀਆਂ ਤੇ ਉਹ ਰਿਲੀਜ ਵੀ ਹੋਈਆਂ। ਉਹਨਾਂ ਕਿਹਾ ਕਿ ਤਾਜਾ ਮਾਮਲਾ ਕੰਗਣਾ ਰਣੌਤ ਦੀ ਫਿਲਮ 'ਐਮਰਜੰਸੀ' ਵਿਵਾਦਾਂ ਦੇ ਬਾਵਜੂਦ ਰਿਲੀਜ ਹੋ ਰਹੀ ਹੈ। ਇਸੇ ਤਰੀਕੇ 'ਦਾ ਕਸਮੀਰ ਫਾਈਲਜ', 'ਫਾਇਰ' ਸਮੇਤ ਅਨੇਕਾਂ ਹੋਰ ਫਿਲਮਾਂ ਹਨ, ਜਿਹਨਾਂ ਨੂੰ ਰਿਲੀਜ ਕੀਤਾ ਗਿਆ। ਉਨ੍ਹਾਂ ਕਿਹਾ ਕਿ ਫ਼ਿਲਮ 'ਪੰਜਾਬ 95' ਸਿੱਖ ਕੌਮ ਦੀਆਂ ਭਾਵਨਾਵਾਂ ਨਾਲ ਜੁੜੀ ਹੋਈ ਹੈ, ਇਸ ਲਈ ਇਸਨੂੰ ਖਾਲੜਾ ਦੇ ਅਸਲ ਜੀਵਨ ਅਨੁਸਾਰ ਪੇਸ ਕੀਤਾ ਜਾਣਾ ਬਹੁਤ ਜਰੂਰੀ ਹੈ। ਉਨ੍ਹਾਂ ਕਿਹਾ ਕਿ ਦਿੱਲੀ ਗੁਰਦੁਆਰਾ ਕਮੇਟੀ ਇਸ ਮਾਮਲੇ ਵਿਚ ਸੈਂਸਰ ਬੋਰਡ ਤੱਕ ਵੀ ਪਹੁੰਚ ਕਰੇਗੀ ਤੇ ਉਨ੍ਹਾਂ ਨੂੰ ਆਪਣੇ ਫੈਸਲੇ 'ਤੇ ਮੁੜ ਵਿਚਾਰ ਕਰਨ ਲਈ ਅਪੀਲ ਕਰੇਗੀ।

## ਹਾਈ ਲੈਵਲ ਮੀਟਿੰਗ ਤੋਂ ਬਾਅਦ ਪੰਜਾਬ ਸਰਕਾਰ ਵਲੋਂ ਵੱਡਾ ਐਲਾਨ

ਚੰਡੀਗੜ੍ਹ 2 ਅਕਤੂਬਰ। ਮੰਡੀਆਂ ਵਿਚ ਕਿਸਾਨਾਂ ਦੀ ਖੱਜਲ-ਖੁਆਰੀ ਰੋਕਣ ਲਈ ਮੁੱਖ ਮੰਤਰੀ ਭਗਵੰਤ ਮਾਨ ਨੇ ਸਖਤ ਹਦਾਇਤਾਂ ਜਾਰੀ ਕੀਤੀਆਂ ਹਨ। ਇਸ ਸੰਬੰਧ ਜਾਣਕਾਰੀ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਅੱਜ ਸੂਬੇ ਦੀਆਂ ਮੰਡੀਆਂ 'ਚ ਝੋਨੇ ਦੀ ਨਿਰਵਿਘਨ ਖਰੀਦ ਨੂੰ ਲੈ ਕੇ ਮੰਤਰੀਆਂ, ਵਿਧਾਇਕਾਂ ਅਤੇ ਅਫਸਰ ਸਾਹਿਬਾਨਾਂ ਨਾਲ ਮੀਟਿੰਗ ਕੀਤੀ। ਨਾਲ ਹੀ ਉਨ੍ਹਾਂ ਨੂੰ ਮੰਡੀਆਂ ਦੇ ਦੌਰੇ ਕਰਨ ਲਈ ਨਿਰਦੇਸ ਜਾਰੀ ਕੀਤੇ ਹਨ। ਮੁੱਖ ਮੰਤਰੀ ਨੇ ਆਖਿਆ ਕਿ ਮੰਡੀਆਂ 'ਚ ਝੋਨੇ ਦੀ ਫਸਲ ਦੀ ਖਰੀਦ, ਲਿਫਟਿੰਗ ਦੇ ਪ੍ਰਬੰਧਾਂ ਨੂੰ ਯਕੀਨੀ ਬਣਾਉਣ ਨੂੰ ਕਿਹਾ ਗਿਆ ਹੈ ਤਾਂ ਜੋ ਸਾਡੇ ਕਿਸਾਨ ਭਰਾਵਾਂ ਨੂੰ ਕਿਸੇ ਤਰ੍ਹਾਂ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਨਾਲ ਹੀ ਅਸੀਂ ਸੈਲਰ ਮਾਲਕਾਂ ਦੀਆਂ ਅਸਲ ਮੰਗਾਂ ਨੂੰ ਵੀ ਕੇਂਦਰ ਸਰਕਾਰ ਮੂਹਰੇ ਚੁੱਕ ਰਹੇ ਹਾਂ। ਸੂਬਾ ਸਰਕਾਰ ਵੱਲੋਂ ਮਜਦੂਰਾਂ ਨੂੰ ਲਾਭ ਪਹੁੰਚਾਉਣ ਲਈ ਮੰਡੀ ਲੇਬਰ ਚਾਰਜ 'ਚ ਵੀ ਬੇਮਿਸਾਲ ਵਾਧਾ ਕੀਤਾ ਗਿਆ ਹੈ।

# ਸਕੂਲੀ ਬੱਚਿਆਂ ਲਈ ਵੱਡੀ ਰਾਹਤ, ਅੱਧੇ ਮਹੀਨੇ ਤੋਂ ਜਿਆਦਾ ਦਿਨ ਸਕੂਲ 'ਚ ਰਹੇਗਾ ਤਾਲਾ

ਨੈਸਨਲ ਡੈਸਕ 2 ਅਕਤੂਬਰ। ਅਕਤੂਬਰ ਮਹੀਨੇ ਦੇ ਨਾਲ ਹੀ ਤਿਉਹਾਰਾਂ ਦਾ ਸੀਜਨ ਵੀ ਸੁਰੂ ਹੋਣ ਜਾ ਰਿਹਾ ਹੈ। ਇਸ ਮਹੀਨੇ 'ਚ ਕਈ ਵੱਡੇ ਤਿਉਹਾਰ ਹਨ, ਜਿਸ ਕਾਰਨ ਸਕੂਲਾਂ-ਕਾਲਜਾਂ 'ਚ ਛੁੱਟੀਆਂ ਹੋਣ ਦੀ ਕਾਫੀ ਸੰਭਾਵਨਾ ਹੈ। ਇਸ ਮਹੀਨੇ ਨਰਾਤੇ, ਦੁਸਹਿਰਾ ਅਤੇ ਦੀਵਾਲੀ ਵਰਗੇ ਤਿਉਹਾਰਾਂ ਕਾਰਨ ਸਕੂਲ ਅਤੇ ਕਾਲਜ ਬੰਦ ਰਹਿਣਗੇ। ਜੇਕਰ ਤੁਸੀਂ ਇਸ ਮਹੀਨੇ ਯਾਤਰਾ ਕਰਨ ਦੀ ਯੋਜਨਾ ਬਣਾ ਰਹੇ ਹੋ ਤਾਂ ਅਕਤੂਬਰ ਵਿਚ ਛੁੱਟੀਆਂ ਦੀ ਪੂਰੀ ਸੂਚੀ ਇੱਥੇ ਹੈ। ਇਹ ਛੁੱਟੀਆਂ ਤਿਉਹਾਰਾਂ ਦੇ ਮੱਦੇਨਜਰ ਤਿਆਰ ਕੀਤੀਆਂ ਗਈਆਂ ਹਨ। ਜੇਕਰ ਸਕੂਲ ਕਿਸੇ ਹੋਰ ਕਾਰਨ ਕਰਕੇ ਛੁੱਟੀਆਂ ਦਾ ਐਲਾਨ ਕਰਦੇ ਹਨ ਤਾਂ ਤੁਸੀਂ




ਪਹਿਲਾਂ ਇੱਥੇ ਇਸ ਬਾਰੇ ਜਾਣਕਾਰੀ ਪ੍ਰਾਪਤ ਕਰੋਗੇ। ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਆਪਣੇ ਸਕੂਲ ਦੇ ਕੈਲੰਡਰ ਦੀ ਵੀ ਜਾਂਚ ਕਰਨ। ਜੇਕਰ ਮਿਤੀਆਂ ਵਿਚ ਕੋਈ ਉਲਝਣ ਹੈ ਤਾਂ ਸਬੰਧਤ ਸਕੂਲ ਨਾਲ ਸੰਪਰਕ ਕਰਨ ਦੀ ਸਲਾਹ ਦਿੱਤੀ ਜਾਵੇਗੀ। ਇਸ ਸਾਲ ਦੀਵਾਲੀ 31 ਅਕਤੂਬਰ ਨੂੰ ਹੈ ਅਤੇ ਇਸ ਸੁਭ ਤਿਉਹਾਰ ਨੂੰ ਮਨਾਉਣ ਲਈ ਸਕੂਲ ਬੰਦ ਰਹਿਣਗੇ। ਨੋਟ ਕਰੋ ਕਿ ਛੁੱਟੀਆਂ ਦੀਆਂ ਤਾਰੀਖਾਂ ਰਾਜ ਤੋਂ ਵੱਖਰੀਆਂ ਹੋ ਸਕਦੀਆਂ ਹਨ, ਇਸ ਲਈ ਸਬੰਧਤ ਸਕੂਲ ਤੋਂ ਪਤਾ ਕਰਨਾ ਯਕੀਨੀ ਬਣਾਓ।

## ਪਸ਼ੂਆਂ ਦੀ ਖੁਰਾਕ ਫੈਕਟਰੀ 'ਚ ਵੱਡਾ ਹਾਦਸਾ, ਡੀਜਲ ਟੈਂਕੀ 'ਚ 3 ਮਜਦੂਰਾਂ ਦੀ ਇੰਝ ਹੋਈ ਮੌਤ

ਬਾਰਾਬੰਕੀ ਨਿਊਜ 2 ਅਕਤੂਬਰ। ਬਾਰਾਬੰਕੀ ਜਿ਼ਲ੍ਹੇ ਦੇ ਜਹਾਂਗੀਰਾਬਾਦ ਥਾਣਾ ਖੇਤਰ ਦੇ ਇਕ ਪਿੰਡ 'ਚ ਸੋਮਵਾਰ ਸਾਮ ਨੂੰ ਪਸੂਆਂ ਦੀ ਖੁਰਾਕ ਬਣਾਉਣ ਵਾਲੀ ਫੈਕਟਰੀ ਦੇ ਡੀਜਲ ਚੈਂਬਰ 'ਚ ਦਾਖਲ ਹੋਏ ਤਿੰਨ ਮਜਦੂਰਾਂ ਦੀ ਦਮ ਘੁੱਟਣ ਨਾਲ ਮੌਤ ਹੋ ਗਈ। ਇਸ ਘਟਨਾ ਦੀ ਜਾਣਕਾਰੀ ਇੱਕ ਪੁਲਸ ਅਧਿਕਾਰੀ ਵਲੋਂ ਦੇਰ ਸਾਮ ਨੂੰ ਦਿੱਤੀ ਗਈ। ਪੁਲਸ ਮੁਤਾਬਕ ਪ੍ਰਸਾਸਨ ਨੂੰ ਘਟਨਾ ਦਾ ਕਰੀਬ 45 ਮਿੰਟ ਬਾਅਦ ਪਤਾ ਲੱਗਾ। ਕਈ ਥਾਣਿਆਂ ਦੀ ਪੁਲਸ ਅਤੇ ਅਧਿਕਾਰੀ ਮੌਕੇ 'ਤੇ ਮੌਜੂਦ ਹਨ। ਤਿੰਨੋਂ ਲਾਸਾਂ ਨੂੰ ਬਾਹਰ ਕੱਢ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ ਹੈ ਅਤੇ ਉਨ੍ਹਾਂ ਦੀ ਪਛਾਣ ਕਰਨ ਦੀ ਕੋਸਿ਼ਸ ਕੀਤੀ ਜਾ ਰਹੀ ਹੈ। ਵਧੀਕ ਪੁਲਸ ਸੁਪਰਡੈਂਟ (ਏਐੱਸਪੀ) ਚਿਰੰਜੀਵੀ ਨਾਥ ਸਿਨਹਾ ਨੇ ਦੱਸਿਆ ਕਿ ਸਾਮ ਕਰੀਬ 4:30 ਵਜੇ ਇੱਕ ਕਰਮਚਾਰੀ ਪਿੰਡ ਭਟੇਹਾਟਾ ਨੇੜੇ ਗਣਪਤੀ ਐਗਰੀ ਵਿਖੇ ਪਸੂ ਚਾਰਾ ਬਣਾਉਣ ਵਾਲੀ ਇੱਕ ਫੈਕਟਰੀ ਦੇ ਅੰਦਰ ਡੀਜਲ ਚੈਂਬਰ ਦੇ ਅੰਦਰ ਟੈਂਕੀ ਦੀ ਸਫਾਈ ਕਰਨ ਗਿਆ ਅਤੇ ਵਾਪਸ ਨਹੀਂ ਆਇਆ। ਇਸ ਤੋਂ ਬਾਅਦ ਦੂਜਾ ਅਤੇ ਫਿਰ ਤੀਜਾ ਕਰਮਚਾਰੀ ਵੀ ਅੰਦਰ ਚਲਾ ਗਿਆ ਪਰ ਜਦੋਂ ਤਿੰਨੋਂ ਵਾਪਸ ਨਾ ਆਏ ਤਾਂ ਹੋਰ ਮਜਦੂਰਾਂ ਨੇ ਅੰਦਰ ਜਾਣ ਦੀ ਕੋਸਿ਼ਸ ਕੀਤੀ ਤਾਂ ਉਨ੍ਹਾਂ ਦਾ ਦਮ ਘੁੱਟਣ ਲੱਗਾ। ਪੁਲਸ ਅਨੁਸਾਰ ਸੂਚਨਾ ਮਿਲਣ ਤੋਂ ਬਾਅਦ ਫੈਕਟਰੀ ਦਾ ਪ੍ਰਬੰਧਕੀ ਪ੍ਰਬੰਧ ਸਰਗਰਮ ਹੋ ਗਿਆ ਅਤੇ ਕਿਸੇ ਤਰ੍ਹਾਂ ਤਿੰਨਾਂ ਮਜਦੂਰਾਂ ਨੂੰ ਤੁਰੰਤ ਬਾਹਰ ਕੱਢ ਕੇ ਦੇਵਾ ਦੇ ਕਮਿਊਨਿਟੀ ਹੈਲਥ ਸੈਂਟਰ ਭੇਜਿਆ ਗਿਆ ਜਿੱਥੇ ਡਾਕਟਰਾਂ ਨੇ ਤਿੰਨਾਂ ਨੂੰ ਮ੍ਰਿਤਕ ਐਲਾਨ ਦਿੱਤਾ। ਸਿਟੀ ਪੁਲਸ ਅਫਸਰ (ਸੀਓ) ਸੁਮਿਤ ਕੁਮਾਰ ਤ੍ਰਿਪਾਠੀ ਨੇ ਦੱਸਿਆ ਕਿ ਪੁਲਸ ਪ੍ਰਸਾਸਨ ਦੇ ਅਧਿਕਾਰੀ ਮੌਕੇ 'ਤੇ ਮੌਜੂਦ ਹਨ। ਮ੍ਰਿਤਕ ਦੀ ਪਛਾਣ ਕਰਨ ਦੇ ਯਤਨ ਕੀਤੇ ਜਾ ਰਹੇ ਹਨ।

# ਪੰਚਾਇਤੀ ਚੋਣਾਂ ਲਈ ਨਾਮਜਦਗੀ ਪੱਤਰ ਭਰਨ ਦੀ ਪ੍ਰਕਿਰਿਆ ਹੋਈ ਸ਼ੁਰੂ

**ਕਿਸ਼ਨ ਪਾਲ**

ਲੁਧਿਆਣਾ 2 ਅਕਤੂਬਰ। ਪੰਜਾਬ 'ਚ 15 ਅਕਤੂਬਰ ਨੂੰ ਹੋਣ ਵਾਲੀਆਂ ਪੰਚਾਇਤੀ ਚੋਣਾਂ ਕਾਰਨ ਸੂਬੇ 'ਚ ਸਿਆਸੀ ਤਾਪਮਾਨ ਤੇਜ਼ੀ ਨਾਲ ਵਧਣਾ ਸ਼ੁਰੂ ਹੋ ਗਿਆ ਹੈ, ਅਜਿਹੇ 'ਚ ਪੰਚਾਇਤੀ ਚੋਣਾਂ ਲਈ ਨਾਮਜ਼ਦਗੀ ਪੱਤਰ ਭਰਨ ਦੀ ਪ੍ਰਕਿਰਿਆ ਸ਼ੁਰੂ ਹੋ ਗਈ ਹੈ, ਜਿਸ 'ਚ ਚੋਣ ਲੜਨ ਦੇ ਇੱਛੁਕ ਉਮੀਦਵਾਰ ਆਪਣੀ ਨਾਮਜ਼ਦਗੀ ਫਾਰਮ ਭਰਨ ਲਈ ਜ਼ਿਲ੍ਹਾ ਬਲਾਕ ਵਿਕਾਸ ਅਤੇ ਪੰਚਾਇਤ ਵਿਭਾਗ ਦੇ ਦਫ਼ਤਰਾਂ 'ਚ ਪਹੁੰਚ ਰਹੇ ਹਨ। ਬਲਾਕ ਵਿਕਾਸ ਤੇ ਪੰਚਾਇਤ ਵਿਭਾਗ ਲੁਧਿਆਣਾ-2 ਦੇ ਦਫ਼ਤਰ 'ਚ ਤਾਇਨਾਤ ਬੀ.ਡੀ.ਪੀ.ਓ. ਬਲਜੀਤ ਸਿੰਘ ਬੱਗਾ ਨੇ ਦੱਸਿਆ ਕਿ ਉਨ੍ਹਾਂ ਦੇ ਅਧਿਕਾਰ ਖੇਤਰ ਬਲਾਕ-2 'ਚ ਕੁੱਲ 160 ਪੰਚਾਇਤਾਂ ਹਨ, ਜਿਨ੍ਹਾਂ 'ਚੋਂ ਜ਼ਿਆਦਾਤਰ ਪੰਚਾਇਤਾਂ ਚੋਣਾਂ ਲੜ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਵਿਭਾਗ ਵੱਲੋਂ ਨਾਮਜ਼ਦਗੀ ਫਾਰਮਾਂ ਦੀ ਪੜਤਾਲ ਉਪਰੰਤ 75 ਉਮੀਦਵਾਰਾਂ ਨੂੰ ਨਾਮਜ਼ਦਗੀ ਪੱਤਰ ਜਾਰੀ ਕੀਤੇ ਗਏ ਹਨ, ਪੰਜਾਬ ਸਰਕਾਰ ਨੇ ਪੰਚਾਇਤੀ ਚੋਣਾਂ ਲੜਨ ਵਾਲੇ ਬਿਨੈਕਾਰਾਂ ਲਈ ਨਾਮਜ਼ਦਗੀ ਪੱਤਰ ਦਾਖਲ ਕਰਨ ਦੀ ਆਖ਼ਰੀ ਤਰੀਕ 4 ਅਕਤੂਬਰ




ਨਿਸ਼ਚਿਤ ਕੀਤੀ ਹੈ ਅਤੇ ਇਸ ਦੌਰਾਨ ਬਿਨੈਕਾਰ 7 ਅਕਤੂਬਰ ਤੱਕ ਆਪਣੇ ਨਾਮਜ਼ਦਗੀ ਪੱਤਰ ਵਾਪਸ ਲੈ ਸਕਦੇ ਹਨ, ਜਦਕਿ ਚੋਣਾਂ 15 ਅਕਤੂਬਰ ਦੀ ਸਵੇਰ ਨੂੰ ਹੋਣਗੀਆਂ ਅਤੇ ਨਤੀਜੇ ਦੇਰ ਸ਼ਾਮ ਤੱਕ ਐਲਾਨ ਕੀਤੇ ਜਾਣਗੇ। 121 ਕਰੋੜ ਰੁਪਏ ਘਪਲੇ ਦੇ ਮਾਮਲੇ ਨੂੰ ਲੈ ਕੇ ਸ਼ੱਕ ਦੇ ਘੇਰੇ 'ਚ ਆਏ ਸਰਪੰਚਾਂ-ਪੰਚਾਂ ਦੀਆਂ ਮੁਸ਼ਕਿਲਾਂ ਵਧੀਆਂ ਇਸ ਸਮੇਂ ਦੌਰਾਨ 121 ਕਰੋੜ ਰੁਪਏ ਇਸ ਮੈਗਾ ਘਪਲੇ ਦੇ ਮਾਮਲੇ 'ਚ ਸ਼ੱਕ ਦੇ ਘੇਰੇ 'ਚ ਆਈਆਂ ਅੱਧੀ ਦਰਜਨ ਗ੍ਰਾਮ ਪੰਚਾਇਤਾਂ ਧਨਨਾਸੂ, ਬੌਂਕੜ ਗੁੱਜਰਾਂ, ਸੇਲਕੀਆਣਾ, ਸੇਖੇਵਾਲ, ਕਟਿਆਣਾ ਖੁਰਦ, ਦੇ ਸਰਪੰਚਾਂ/ਪੰਚਾਂ ਦੇ ਨਾਮਜ਼ਦਗੀ ਪੱਤਰ ਬੀ.ਡੀ.ਪੀ.ਓ. ਬਲਜੀਤ ਵੱਲੋਂ ਦਾਖਲ ਨਹੀਂ ਕੀਤੇ ਗਏ। ਬੀ.ਡੀ.ਪੀ.ਓ. ਬਲਜੀਤ ਸਿੰਘ ਬੱਗਾ ਨੇ ਦੱਸਿਆ ਕਿ ਸਰਕਾਰ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਅਜਿਹੀਆਂ ਸਾਰੀਆਂ ਪੰਚਾਇਤਾਂ ਜਿਨ੍ਹਾਂ ਖਿਲਾਫ ਵਿਜੀਲੈਂਸ, ਵਿਭਾਗੀ ਜਾਂ ਧਾਰਾ 216, ਪੰਚਾਇਤ ਵੱਲੋਂ ਸ਼ਾਮਲਾਟ ਜ਼ਮੀਨਾਂ 'ਤੇ ਨਾਜਾਇਜ਼ ਕਬਜ਼ੇ ਕਰਨ ਅਤੇ ਸਰਕਾਰੀ ਗ੍ਰਾਂਟ ਦੀ ਦੁਰਵਰਤੋਂ ਕਰਨ ਵਰਗੇ ਗੰਭੀਰ ਕੇਸ ਚੱਲ ਰਹੇ ਹਨ, ਦੇ ਨਾਮਜ਼ਦਗੀ ਪੱਤਰ ਦਰਜ ਨਹੀਂ ਕੀਤੇ ਜਾਣਗੇ।

## ਦੀਵਾਲੀ-ਛੱਠ ਪੂਜਾ ਦੌਰਾਨ ਰੇਲ ਗੱਡੀ 'ਚ ਸਫਰ ਕਰਨ ਵਾਲੇ ਯਾਤਰੀ ਜਰੂਰ ਪੜ੍ਹਨ ਇਹ ਖਬਰ

ਨੈਸਨਲ ਡੈਸਕ 2 ਅਕਤੂਬਰ। ਦੀਵਾਲੀ ਅਤੇ ਛਠ ਪੂਜਾ ਕਾਰਨ ਰੇਲ ਗੱਡੀਆਂ ਖਾਸ ਕਰਕੇ ਉੱਤਰ ਪ੍ਰਦੇਸ ਅਤੇ ਬਿਹਾਰ ਜਾਣ ਵਾਲੀਆਂ ਟਰੇਨਾਂ ਵਿੱਚ ਭਾਰੀ ਭੀੜ ਦੇਖਣ ਨੂੰ ਮਿਲ ਰਹੀ ਹੈ। ਤਿਉਹਾਰਾਂ ਵਾਲਾ ਮਹੀਨਾ ਹੋਣ ਕਾਰਨ ਫਿਲਹਾਲ ਟਿਕਟਾਂ ਮਿਲਣੀਆਂ ਬਹੁਤ ਮੁਸਕਿਲ ਹੋ ਗਈਆਂ ਹਨ, ਜਿਸ ਕਾਰਨ ਯਾਤਰੀਆਂ ਵਿਚ ਲੜਾਈ-ਝਗੜੇ ਦੀ ਸਥਿਤੀ ਪੈਦਾ ਹੋ ਗਈ ਹੈ। ਇਨ੍ਹਾਂ ਹਾਲਾਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਭਾਰਤੀ ਰੇਲਵੇ ਨੇ ਕਈ ਰਾਜਾਂ ਵਿੱਚ ਵਿਸੇਸ ਰੇਲ ਗੱਡੀਆਂ ਚਲਾਉਣ ਦਾ ਐਲਾਨ ਕੀਤਾ ਹੈ। ਇਹ ਵਿਸੇਸ ਰੇਲ ਗੱਡੀਆਂ ਯਾਤਰੀਆਂ ਨੂੰ ਰਾਹਤ ਦੇਣ ਲਈ ਚਲਾਈਆਂ ਜਾਣਗੀਆਂ, ਤਾਂ ਜੋ ਉਹ ਬਿਨਾਂ ਕਿਸੇ ਪਰੇਸਾਨੀ ਦੇ ਆਪਣੇ ਤਿਉਹਾਰ ਮਨਾਉਣ ਲਈ ਘਰ ਜਾ ਸਕਣ। ਇੱਕ ਰਿਪੋਰਟ ਅਨੁਸਾਰ ਭਾਰਤੀ ਰੇਲਵੇ ਨੇ ਕੁੱਲ 65 ਸਪੈਸਲ ਟਰੇਨਾਂ ਦਾ ਫੈਸਲਾ ਕੀਤਾ ਹੈ, ਜੋ ਵੱਖ-ਵੱਖ ਰਾਜਾਂ ਵਿੱਚ ਚੱਲਣਗੀਆਂ। ਇਨ੍ਹਾਂ ਵਿੱਚੋਂ 40 ਟਰੇਨਾਂ ਦਾ ਸਮਾਂ ਪਹਿਲਾਂ ਹੀ ਆਨਲਾਈਨ ਜਾਰੀ ਕੀਤਾ ਜਾ ਚੁੱਕਾ ਹੈ। ਇਨ੍ਹਾਂ ਟਰੇਨਾਂ 'ਚ ਕੁੱਲ 1.5 ਲੱਖ ਬਰਥ ਮੁਹੱਈਆ ਕਰਵਾਈਆਂ ਜਾਣਗੀਆਂ, ਤਾਂ ਜੋ ਯਾਤਰੀਆਂ ਨੂੰ ਬਿਨਾਂ ਵੇਟਿੰਗ ਟਿਕਟ ਸਫਰ ਕਰਨ ਦਾ ਮੌਕਾ ਮਿਲ ਸਕੇ।

## ਡੇਢ ਘੰਟੇ ਦੀ ਭਾਰੀ ਬਰਸਾਤ ਕਾਰਨ ਕਿਸਾਨਾਂ ਦੀ ਖੜ੍ਹੀ ਫਸਲ ਗਲੀਚੇ ਵਾਂਗ ਵਿਛੀ

ਬਟਾਲਾ 2 ਅਕਤੂਬਰ। ਸ਼ੁੱਕਰਵਾਰ ਪਏ ਡੇਢ ਘੰਟੇ ਦੇ ਭਾਰੀ ਮੀਂਹ ਕਾਰਨ ਪਿੰਡ ਨਾਥਪੁਰ ਅਤੇ ਆਸ ਪਾਸ ਦੇ ਪਿੰਡਾਂ ਦੇ ਵਿਚ ਝੋਨੇ ਦੀ ਫਸਲ ਨੂੰ ਤਬਾਹ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਪਿੰਡ ਨਾਥਪੁਰ ਤੋਂ ਬਲਕਾਰ ਸਿੰਘ ਨੇ ਦੱਸਿਆ ਕਿ ਇਸ ਬਰਸਾਤ ਦੇ ਕਾਰਨ ਉਸ ਦੀ 5 ਏਕੜ ਝੋਨੇ ਦੀ ਫਸਲ ਖਰਾਬ ਹੋ ਚੁੱਕੀ ਹੈ ਅਤੇ ਇਸੇ ਤਰ੍ਹਾਂ ਹੀ ਭੁਪਿੰਦਰ ਸਿੰਘ ਦੀ 4 ਏਕੜ ਅਤੇ ਸਿਕੰਦਰ ਸਿੰਘ ਦੀ 3 ਏਕੜ ਅਤੇ ਅਵਤਾਰ ਸਿੰਘ ਦੀ 2 ਏਕੜ ਫਸਲ ਬਰਸਾਤ ਦੇ ਕਾਰਨ ਤਬਾਹ ਹੋ ਗਈ ਹੈ। ਉਨ੍ਹਾਂ ਦੱਸਿਆ ਕਿ ਮੀਂਹ ਪੈਣ ਤੋਂ ਬਾਅਦ ਕਾਫੀ ਘੰਟਿਆਂ ਤੱਕ ਪੈਲੀਆਂ ਦੇ ਵਿਚ ਪਾਣੀ ਜਮ੍ਹਾ ਸੀ, ਜਿਸ ਕਾਰਨ ਝੋਨੇ ਦੀ ਫਸਲ ਜਿੱਥੇ ਖਰਾਬ ਹੋਈ ਹੈ, ਉੱਥੇ ਹੀ ਪਰਾਲੀ ਵੀ ਕਾਫੀ ਹੱਦ ਤੱਕ ਖਰਾਬ ਹੋ ਚੁੱਕੀ ਹੈ। ਇਸ ਤੋਂ ਇਲਾਵਾ ਫਸਲ ਦੇ



ਜਮੀਨ 'ਤੇ ਵਿਛ ਜਾਣ ਕਾਰਨ ਕਿਸਾਨਾਂ ਦਾ ਭਾਰੀ ਨੁਕਸਾਨ ਹੋਇਆ ਹੈ। ਉਨ੍ਹਾਂ ਦੱਸਿਆ ਕਿ ਪਹਿਲੀ ਬਰਸਾਤ ਨਾਲ ਕਿਸਾਨਾਂ ਦਾ ਭਾਰੀ ਨੁਕਸਾਨ ਹੋਇਆ ਹੈ। ਇਸ ਤੋਂ ਇਲਾਵਾ ਤੇਜ ਹਨੇਰੀ, ਝੱਖੜ ਤੇ ਮੀਂਹ ਨੇ ਜਿੱਥੇ ਝੋਨੇ ਦੀ ਫਸਲ ਨੂੰ ਪੈਲੀਆਂ 'ਚ ਚਾਦਰ ਵਾਂਗ ਵਿਛਾ ਦਿੱਤਾ, ਉਥੇ ਹੀ ਕਮਾਦ ਦੀ ਫਸਲ ਵੀ ਚਾਦਰ ਵਾਂਗ ਪੈਲੀਆਂ ਦੇ ਵਿਚ ਵਿਛਣ ਕਾਰਨ ਕਿਸਾਨਾਂ ਦਾ ਲੱਖਾਂ ਰੁਪਏ ਦਾ ਨੁਕਸਾਨ ਹੋਇਆ ਹੈ। ਇਕੱਤਰ ਕਿਸਾਨਾਂ ਨੇ ਸੰਬੰਧਿਤ ਪ੍ਰਸਾਸਨ ਅਤੇ ਪੰਜਾਬ ਸਰਕਾਰ ਕੋਲੋਂ ਖਰਾਬ ਹੋਈ ਝੋਨੇ ਦੀ ਫਸਲ ਲਈ ਮੁਆਵਜੇ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਜੇਕਰ ਸਮਾਂ ਰਹਿੰਦਿਆਂ ਇਕ ਦੋ ਹੋਰ ਬਰਸਾਤਾਂ ਅਜਿਹੀਆਂ ਹੋ ਗਈਆਂ ਤਾਂ ਕਿਸਾਨਾਂ ਦਾ ਲੱਖਾਂ ਰੁਪਏ ਦਾ ਹੋਰ ਭਾਰੀ ਨੁਕਸਾਨ ਹੋ ਸਕਦਾ ਹੈ।

## ਮੋਬਾਈਲ ਖੋਹ ਕੇ ਭੱਜ ਰਹੇ ਲੁਟੇਰੇ ਨੂੰ ਲੋਕਾਂ ਨੇ ਕੀਤਾ ਕਾਬੂ

ਲੁਧਿਆਣਾ 2 ਅਕਤੂਬਰ। ਫੋਕਲ ਪੁਆਇੰਟ ਇਲਾਕੇ 'ਚ ਲੁਟੇਰਿਆਂ ਨੇ ਅੱਤ ਮਚਾਈ ਹੋਈ ਹੈ। ਲੋਕਾਂ ਨੂੰ ਵੀ ਪੁਲਸ 'ਤੇ ਭਰੋਸਾ ਨਹੀਂ ਰਿਹਾ, ਇਸ ਲਈ ਉਹ ਲੁਟੇਰਿਆਂ ਨੂੰ ਮੌਕੇ 'ਤੇ ਸਜਾ ਦੇ ਰਹੇ ਹਨ। ਇਕ ਅਜਿਹੇ ਹੀ ਮਾਮਲੇ 'ਚ ਮੋਟਰਸਾਈਕਲ ਸਵਾਰ 3 ਲੁਟੇਰਿਆਂ ਨੇ ਫੈਕਟਰੀ ਦੇ ਵਰਕਰ ਤੋਂ ਮੋਬਾਈਲ ਖੋਹ ਲਿਆ, ਪਰ ਉਸ ਵੱਲੋਂ ਰੌਲਾ ਪਾਉਣ 'ਤੇ ਇਕੱਠੇ ਹੋਏ ਲੋਕਾਂ ਨੇ ਇਕ ਮੁਲਜ਼ਮ ਨੂੰ ਫੜ ਲਿਆ, ਜਦੋਂਕਿ 2 ਭੱਜ ਗਏ। ਲੋਕਾਂ ਨੇ ਮੁਲਜ਼ਮ ਦੀ ਖ਼ੂਬ ਛਿੱਤਰ-ਪਰੇਡ ਕਰ ਕੇ ਆਪਣੀ ਭੜਾਸ ਕੱਢੀ, ਤੇ ਇਸ ਤੋਂ ਬਾਅਦ ਮੁਲਜ਼ਮ ਦੇ ਮੋਟਰਸਾਈਕਲ ਨੂੰ ਅੱਗ ਲਾ ਦਿੱਤੀ, ਤਾਂ ਜੋ ਉਹ ਦੁਬਾਰਾ ਅਜਿਹਾ ਕੰਮ ਕਰਨ ਤੋਂ ਪਹਿਲਾਂ 10 ਵਾਰ ਸੋਚੇ। ਕਈ ਘੰਟੇ ਬਾਅਦ ਜਾ ਕੇ ਥਾਣਾ ਫੋਕਲ ਪੁਆਇੰਟ ਦੀ ਪੁਲਸ ਮੌਕੇ 'ਤੇ ਪੁੱਜੀ, ਜੋ ਮੁਲਜ਼ਮ ਨੂੰ ਫੜ ਕੇ ਆਪਣੇ ਨਾਲ ਲੈ ਗਈ। ਜਾਣਕਾਰੀ ਦਿੰਦੇ ਹੋਏ ਦਵਿੰਦਰ ਸਿੰਘ ਨੇ ਦੱਸਿਆ ਕਿ ਦੇਰ ਰਾਤ ਨੂੰ ਉਹ ਫੈਕਟਰੀ ਤੋਂ ਛੁੱਟੀ ਕਰ ਕੇ ਪੈਦਲ ਘਰ ਜਾ ਰਿਹਾ ਸੀ। ਇਸੇ ਦੌਰਾਨ ਬਾਈਕ ਸਵਾਰ 3 ਲੁਟੇਰਿਆਂ ਨੇ ਉਸ ਨੂੰ ਘੇਰ ਲਿਆ। ਮੁਲਜ਼ਮਾਂ ਨੇ ਤੇਜ਼ਧਾਰ ਹਥਿਆਰਾਂ ਦੇ ਜ਼ੋਰ 'ਤੇ ਮੋਬਾਈਲ ਖੋਹ ਲਿਆ ਪਰ ਉਸ ਨੇ ਉਨ੍ਹਾਂ ਦੇ ਮੋਟਰਸਾਈਕਲ ਨੂੰ ਫੜ ਲਿਆ ਅਤੇ ਰੌਲਾ ਪਾ ਦਿੱਤਾ। ਇਹ ਦੇਖ ਕੇ ਆਸ-ਪਾਸ ਦੇ ਵਰਕਰ ਇਕੱਠੇ ਹੋ ਗਏ। ਉਨ੍ਹਾਂ ਨੂੰ ਦੇਖ ਕੇ ਬਾਈਕ ਦੇ ਪਿੱਛੇ ਬੈਠੇ 2 ਲੁਟੇਰੇ ਤਾਂ ਫਰਾਰ ਹੋ ਗਏ ਪਰ ਬਾਈਕ ਚਲਾ ਰਹੇ ਮੁਲਜ਼ਮ ਨੂੰ ਉਨ੍ਹਾਂ ਨੇ ਫੜ ਲਿਆ। ਮੌਕੇ 'ਤੇ ਮੌਜੂਦ ਲੋਕਾਂ ਨੇ ਫੜੇ ਹੋਏ ਮੁਲਜ਼ਮ ਦੀ ਛਿੱਤਰ-ਪਰੇਡ ਕੀਤੀ ਅਤੇ ਸੂਚਨਾ ਪੁਲਸ ਨੂੰ ਦਿੱਤੀ।

# ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਵੱਲੋਂ ਲਏ ਗਏ ਅਹਿਮ ਫੈਸਲੇ

**ਏਜੰਸੀਆਂ**

ਅੰਮ੍ਰਿਤਸਰ 2 ਅਕਤੂਬਰ। ਅੱਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿਚ ਕਈ ਅਹਿਮ ਫੈਸਲੇ ਲਏ ਗਏ। ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ 350 ਸਾਲਾ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਪੁਰਬ ਅਤੇ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਤਾ ਗੱਦੀ ਦਿਵਸ ਆ ਰਿਹਾ ਹੈ ਜੋ 2025 'ਚ ਵੱਡੇ ਪੱਧਰ 'ਤੇ ਮਨਾਇਆ ਜਾਵੇਗਾ। ਇਸ ਦੌਰਾਨ ਪ੍ਰਧਾਨ ਧਾਮੀ ਨੇ ਕਿਹਾ ਮੇਘਾਲਿਆ ਸਰਕਾਰ ਵੱਲੋਂ ਸ਼ਿਲਾਂਗ 'ਚ ਪੰਜਾਬੀ ਕਲੋਨੀ ਹੈ, ਜਿਥੇ ਇਕ ਗੁਰੂਘਰ ਵੀ ਹੈ ਅਤੇ ਇਸ ਨੂੰ ਢਾਉਣ ਲਈ ਸਰਕਾਰ ਵੱਲੋਂ ਕਾਰਵਾਈ ਕੀਤੀ ਜਾ ਰਹੀ ਹੈ। ਇਸ ਮਾਮਲੇ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਉੱਥੇ ਦੇ ਸਕੱਤਰ ਅਤੇ ਗਵਰਨਰ ਨੂੰ ਮਿਲ ਕੇ ਆਏ ਹਨ। ਜਿਥੇ ਇਨ੍ਹਾਂ ਨੇ ਮੇਘਾਲਿਆ ਦਾ ਮੁੱਖ ਮੰਤਰੀ ਕੋਨਰਾਡ ਸੰਗਮਾ ਨੂੰ ਅਪੀਲ ਕਰਦਿਆਂ ਕਿਹਾ ਕਿ ਦੇਸ਼ ਦੇ ਆਜਾਦ ਹੋਣ ਤੋਂ ਪਹਿਲਾਂ ਦੇ ਪੰਜਾਬੀ ਇੱਥੇ ਵਸਦੇ ਹਨ ਤੇ ਜੋ ਫੈਸਲਾ ਲਿਆ ਗਿਆ ਹੈ ਉਸ 'ਤੇ ਰੋਕ ਲਾਈ ਜਾਵੇ। ਗੁਰੂ ਘਰ ਅਤੇ ਸਿੱਖਾਂ ਦੀ ਰਿਹਾਇਸ਼ ਨਾ ਢਾਹਿਆ ਜਾਵੇ ਤੇ ਸੁਰੱਖਿਆ ਯਕੀਨੀ ਬਣਾਈ ਜਾਵੇ। ਉਨ੍ਹਾਂ ਅੱਗੇ ਕਿਹਾ ਕਿ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮੀਤ ਸ਼ਾਹ ਨੂੰ ਵੀ ਬੇਨਤੀ ਕਰਦੀ ਹੈ ਕਿ



ਉਹ ਵੀ ਇਸ ਮਾਮਲੇ 'ਚ ਸ਼ਾਮਲ ਹੋਣ ਤਾਂ ਜੋ ਇਸ ਕਾਰਵਾਈ ਨੂੰ ਤਰੁੰਤ ਰੋਕਿਆ ਜਾਵੇ। ਇਸ ਦੌਰਾਨ ਉਨ੍ਹਾਂ ਨੇ ਪਾਕਿਸਤਾਨ 'ਚ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਗੁਰਦੁਆਰਾ ਸ੍ਰੀ ਨਨਕਾਨਾ ਸਾਹਿਬ ਬਾਰੇ ਬੋਲਦਿਆਂ ਕਿਹਾ ਕਿ ਸਿੱਖਾਂ ਦੀ ਇੱਛਾ ਹੈ ਕਿ ਉਹ ਹਰ ਸਾਲ ਉੱਥੇ ਜਾ ਕੇ ਗੁਰੂ ਪੁਰਬ ਮਨਾਉਣ ਪਰ ਇਸ ਵਾਸਤੇ ਵੀਜਾ ਲੈ ਕੇ ਜਾਣਾ ਪੈਂਦਾ ਹੈ। ਇਸ ਲਈ ਭਾਰਤ ਸਰਕਾਰ ਪਾਸਪੋਰਟ ਦੀ ਸ਼ਰਤ ਨੂੰ ਤੁਰੰਤ ਰੱਦ ਕਰੇ। ਪ੍ਰਧਾਨ ਧਾਮੀ ਨੇ ਕਿਹਾ ਕਿ ਜੋ ਐਮਰਜੈਂਸੀ ਟੁੱਟੀ ਹੈ, ਇਸ 'ਚ ਸਿੱਖਾਂ ਨੇ ਬਹੁਤ ਵੱਡਾ ਯੋਗਦਾਨ ਪਾਇਆ ਸੀ। ਉਨ੍ਹਾਂ ਕਿਹਾ ਇਸ ਫ਼ਿਲਮ 'ਚ ਜਰਨੈਲ ਸਿੰਘ ਭੰਡਰਾਵਾਲੇ ਨੂੰ ਅੱਤਵਾਦੀ ਦਿਖਾਉਣਾ ਸਹੀ ਨਹੀਂ ਹੈ। ਇਸ ਲਈ ਸੈਂਸਰ ਬੋਰਡ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਇਸ ਨੂੰ ਤੁਰੰਤ ਰੋਕਿਆ ਜਾਵੇ। ਉਨ੍ਹਾਂ ਕਿ ਸ਼੍ਰੋਮਣੀ ਕਮੇਟੀ ਇਸ ਫ਼ਿਲਮ ਨਖੇਦੀ ਹੀ ਨਹੀਂ ਸਗੋਂ ਕਿਸੇ ਵੀ ਸ਼ਰਤ ਦੇ ਚੱਲਣ ਨਹੀਂ ਦੇਵੇਗੀ। ਉਨ੍ਹਾਂ ਕਿਹਾ ਸੈਂਸਰ ਬੋਰਡ ਨੇ ਖਾਲੜਾ ਸਾਬ੍ਹ 'ਤੇ ਬਣਾਈ ਫਿਲਮ 'ਪੰਜਾਬ 95' 'ਤੇ ਕੱਟ ਲਗਾਉਣ ਲਈ ਕਿਹਾ ਹੈ ਪਰ ਐਮਰਜੈਂਸੀ ਫ਼ਿਲਮ ਨੂੰ ਹਰੀ ਝੰਡੀ ਦੇ ਦਿੱਤੀ ਗਈ ਹੈ। ਇਸ ਦੌਰਾਨ ਉਨ੍ਹਾਂ ਕਿਹਾ ਕਿ ਬੀਤੇ ਦਿਨੀਂ ਮੈਂ, ਜਥੇਦਾਰ ਤੇ ਭਾਈ ਭਗਵੰਤ ਸਿੰਘ ਸਿਆਲਕਾ ਨੇ ਰਾਜੋਆਣਾ ਨਾਲ ਮੁਲਾਕਾਤ ਕੀਤੀ। ਉਨ੍ਹਾਂ ਕਿਹਾ ਰਾਜੋਆਣਾ ਦੀ ਭੈਣ ਬੀਮਾਰ ਹੋਣ ਦੇ ਬਾਵਜੂਦ ਵੀ ਅਦਾਲਤਾਂ ਦੇ ਚੱਕਰ ਕੱਢ ਰਹੀ ਹੈ ਅਤੇ ਸੁਪਰੀਮ ਕੋਰਟ ਦਾ ਫੈਸਲਾ ਸਰਕਾਰ ਨੇ ਲਾਗੂ ਨਹੀਂ ਕੀਤਾ ਇਸ ਲਈ ਇਕ ਹੋਰ ਪਟੀਸ਼ਨ ਪਾਈ ਹੈ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਬੰਦੀ ਸਿੰਘਾਂ ਦੀ ਰਿਹਾਈ ਲਈ ਵੀ ਪੂਰਨ ਯਤਨ ਕੀਤੇ ਜਾ ਰਹੇ ਹਨ।

# ਕੰਪਲੈਕਸ ਬਣਾਉਣ ਲਈ ਗਲਤ ਤਰੀਕੇ ਨਾਲ ਨਕਸ਼ਾ ਪਾਸ ਕਰਨ ਵਾਲੇ ਨਿਗਮ ਅਧਿਕਾਰੀਆਂ 'ਤੇ ਡਿੱਗੇਗੀ ਗਾਜ

**ਏਜੰਸੀਆਂ**

ਲੁਧਿਆਣਾ 2 ਅਕਤੂਬਰ। ਇਕ ਪਾਸੇ ਜਿਥੇ ਮਾਡਲ ਟਾਊਨ 'ਚ ਕਮਰਸ਼ੀਅਲ ਰੋਡ ਡਿਕਲੇਰੇਸ਼ਨ ਦੇ ਲਈ ਨੋਟੀਫਿਕੇਸ਼ਨ ਜਾਰੀ ਹੋਣ ਤੋਂ ਪਹਿਲਾਂ ਹੀ ਬਣਾਏ ਗਏ ਕੰਪਲੈਕਸ ਨੂੰ ਨਗਰ ਨਿਗਮ ਵੱਲੋਂ ਸੀਲ ਕਰ ਦਿੱਤਾ ਗਿਆ ਹੈ, ਉਥੇ ਇਨ੍ਹਾਂ ਇਮਾਰਤਾਂ ਨੂੰ ਬਣਾਉਣ ਲਈ ਗਲਤ ਤਰੀਕੇ ਨਾਲ ਨਕਸ਼ਾ ਪਾਸ ਕਰਨ ਵਾਲੇ ਜ਼ੋਨ-ਡੀ ਦੇ ਅਧਿਕਾਰੀਆਂ 'ਤੇ ਵੀ ਗਾਜ ਡਿੱਗੇਗੀ, ਜਿਸ ਦੇ ਤਹਿਤ ਅਦਾਲਤ ਵੱਲੋਂ ਚੀਫ ਸੈਕਟਰੀ ਤੋਂ ਰਿਪੋਰਟ ਮੰਗੀ ਗਈ ਹੈ। ਇਸ ਮਾਮਲੇ 'ਚ ਆਸ-ਪਾਸ ਦੇ ਲੋਕਾਂ ਵੱਲੋਂ ਰਿਹਾਇਸ਼ੀ ਇਲਾਕੇ 'ਚ ਨਾਜਾਇਜ਼ ਤੌਰ 'ਤੇ ਕਮਰਸ਼ੀਅਲ ਇਮਾਰਤਾਂ ਬਣਾਉਣ ਦਾ ਮੁੱਦਾ ਉਠਾਇਆ ਗਿਆ ਹੈ। ਜਿਸ ਦੇ ਮੁਤਾਬਕ ਮਾਡਲ ਟਾਊਨ 'ਚ ਗੁਲਾਟੀ ਚੌਕ ਤੋਂ ਲੈ ਕੇ ਗੁੱਜਰਖਾਂ ਕਾਲਜ ਦੇ ਅੱਗਿਓਂ ਹੁੰਦੇ ਹੋਏ ਦੁਗਰੀ ਰੋਡ ਤੱਕ ਜਾਣ ਵਾਲੀ ਸੜਕ ਨੂੰ ਕਮਰਸ਼ੀਅਲ ਡਿਕਲੇਅਰ ਕਰਨ ਲਈ ਸਰਕਾਰ ਵੱਲੋਂ ਨੋਟੀਫਿਕੇਸ਼ਨ ਜਾਰੀ ਨਹੀਂ ਕੀਤਾ ਗਿਆ। ਜਿਸ ਦੇ ਬਾਵਜੂਦ ਨਗਰ ਨਿਗਮ ਅਧਿਕਾਰੀਆਂ ਵੱਲੋਂ ਗਲਤ ਤਰੀਕੇ ਨਾਲ ਨਕਸ਼ਾ ਪਾਸ ਕਰ ਕੇ ਕਮਰਸ਼ੀਅਲ ਇਮਾਰਤਾਂ ਬਣਾਉਣ ਦੀ ਮਨਜ਼ੂਰੀ ਦੇ ਦਿੱਤੀ ਗਈ ਅਤੇ ਫਿਰ ਕੰਪਲੀਸ਼ਨ ਸਰਟੀਫਿਕੇਟ ਵੀ ਜਾਰੀ ਕਰ ਦਿੱਤਾ ਗਿਆ। ਹਾਲਾਂਕਿ ਨਗਰ ਨਿਗਮ ਅਧਿਕਾਰੀਆਂ ਵੱਲੋਂ ਕਮਰਸ਼ੀਅਲ ਰੋਡ ਡਿਕਲੇਰੇਸ਼ਨ ਲਈ ਜਨਰਲ ਹਾਊਸ ਦੀ ਮੀਟਿੰਗ 'ਚ ਪ੍ਰਸਤਾਵ ਪਾਸ ਕਰਨ ਤੋਂ ਬਾਅਦ ਵੱਖਰੇ ਤੌਰ 'ਤੇ ਨੋਟੀਫਿਕੇਸ਼ਨ ਜਾਰੀ ਕਰਨ ਦੀ ਲੋੜ ਨਾ ਹੋਣ ਦਾ ਦਾਅਵਾ ਕੀਤਾ ਗਿਆ ਹੈ ਪਰ ਕੋਰਟ ਇਸ ਦਲੀਲ ਨਾਲ ਸਹਿਮਤ ਨਹੀਂ ਹੋਈ ਅਤੇ ਸਾਈਟ 'ਤੇ ਚੱਲ ਰਹੇ ਉਸਾਰੀ ਕਾਰਜ ਬੰਦ ਕਰਵਾਉਣ ਦੇ ਨਿਰਦੇਸ਼ ਦਿੱਤੇ ਗਏ ਹਨ, ਜਿਸ ਦੇ ਆਧਾਰ 'ਤੇ ਨਗਰ ਨਿਗਮ ਵੱਲੋਂ 3 ਇਮਾਰਤਾਂ ਨੂੰ ਸੀਲ ਕਰਨ ਦੀ ਰਿਪੋਰਟ ਪੇਸ਼ ਕੀਤੀ ਗਈ ਹੈ। ਹੁਣ ਇਸ ਮਾਮਲੇ 'ਚ ਅਦਾਲਤ ਵੱਲੋਂ ਚੀਫ ਸੈਕਟਰੀ ਨੂੰ ਐਫੀਡੇਵਿਟ ਦਾਖਲ ਕਰਨ ਲਈ ਕਿਹਾ ਗਿਆ ਹੈ, ਜਿਸ ਤੋਂ ਬਾਅਦ ਤੋਂ ਨਗਰ ਨਿਗਮ ਦੇ ਗਲਿਆਰਿਆਂ 'ਚ ਹਲਚਲ ਮਚ ਗਈ ਹੈ ਅਤੇ ਮਾਡਲ ਟਾਊਨ 'ਚ ਕੰਪਲੈਕਸ ਬਣਾਉਣ ਲਈ ਗਲਤ ਤਰੀਕੇ ਨਾਲ ਨਕਸ਼ਾ ਪਾਸ ਕਰਨ ਵਾਲੇ ਨਿਗਮ ਅਧਿਕਾਰੀਆਂ 'ਤੇ ਗਾਜ ਡਿੱਗਣ ਦੀ ਚਰਚਾ ਸੁਣਨ ਨੂੰ ਮਿਲ ਰਹੀ ਹੈ। ਇਸ ਮਾਮਲੇ 'ਚ ਨਗਰ ਨਿਗਮ ਅਧਿਕਾਰੀਆਂ 'ਤੇ ਗਾਜ ਡਿੱਗਣ ਦੇ ਸੰਕੇਤ ਇਸ ਗੱਲ ਤੋਂ ਵੀ ਮਿਲ ਰਹੇ ਹਨ ਕਿ ਸਰਕਾਰ ਵੱਲੋਂ ਵੀ ਨਕਸ਼ਾ ਪਾਸ ਕਰਨ ਤੋਂ ਲੈ ਕੇ ਇਮਾਰਤ ਬਣਾਉਣ ਦੌਰਾਨ ਜ਼ੋਨ-ਡੀ 'ਚ ਕੰਮ ਕਰਨ ਵਾਲੇ ਮੁਲਾਜ਼ਮਾਂ ਦੀ ਲਿਸਟ ਮੰਗੀ ਗਈ ਹੈ।




ਇਸ ਸਬੰਧੀ ਸਰਕੁਲਰ ਲੋਕਲ ਬਾਡੀ ਵਿਭਾਗ ਦੇ ਡਾਇਰੈਕਟਰ ਵੱਲੋਂ ਜਾਰੀ ਕੀਤਾ ਗਿਆ ਹੈ ਅਤੇ ਕਮਿਸ਼ਨਰ ਤੋਂ ਕੋਤਾਹੀ ਵਰਤਣ ਵਾਲੇ ਇਮਾਰਤੀ ਸ਼ਾਖਾ ਦੇ ਅਧਿਕਾਰੀਆਂ ਖਿਲਾਫ ਕਾਰਵਾਈ ਕਰਨ ਦੀ ਸਿਫਾਰਸ਼ ਭੇਜਣ ਲਈ ਕਿਹਾ ਗਿਆ ਹੈ। ਮਾਡਲ ਟਾਊਨ 'ਚ ਸਿਰਫ ਗੁਲਾਟੀ ਚੌਕ ਤੋਂ ਦੁੱਗਰੀ ਰੋਡ ਤੱਕ ਜਾਣ ਵਾਲੀ ਸੜਕ 'ਤੇ ਹੀ ਨਹੀਂ ਹੈ ਅਤੇ ਹੋਰ ਵੀ ਵੱਡੀ ਗਿਣਤੀ 'ਚ ਇਮਾਰਤਾਂ ਦਾ ਨਿਰਮਾਣ ਸਰਕਾਰ ਵੱਲੋਂ ਕਮਰਸ਼ੀਅਲ ਡਿਕਲੇਰੇਸ਼ਨ ਦਾ ਨੋਟੀਫਿਕੇਸ਼ਨ ਜਾਰੀ ਕਰਨ ਤੋਂ ਬਿਨਾਂ ਹੀ ਹੋ ਰਿਹਾ ਹੈ। ਇਨ੍ਹਾਂ ਵਿਚ ਚਾਰ ਖੰਭਾ ਰੋਡ, ਲਾਇਲਪੁਰ ਸਵੀਟ ਤੋਂ ਲੈ ਕੇ ਗੁਰੂ ਤੇਗ ਬਹਾਦਰ ਹਸਪਤਾਲ, ਬੀ. ਸੀ. ਐੱਮ. ਸਕੂਲ ਰੋਡ, ਇਸ਼ਮੀਤ ਚੌਕ ਤੋਂ ਕ੍ਰਿਸ਼ਨਾ ਮੰਦਰ, ਟਿਊਸ਼ਨ ਮਾਰਕੀਟ ਦੇ ਅੱਗਿਓਂ ਹੁੰਦੇ ਹੋਏ ਗੁਰਦੁਆਰਾ ਸਾਹਿਬ ਤੱਕ, ਬਾਬਾ ਦੀਪ ਸਿੰਘ ਗੁਰਦੁਆਰਾ ਤੋਂ ਬਿਜਲੀ ਆਫਿਸ ਤੱਕ, ਚਿਲਡਰਨ ਪਾਰਕ ਰੋਡ, ਬਸੰਤ ਆਰਟ ਤੋਂ ਪੋਸਟ ਆਫਿਸ ਤੋਂ ਹੁੰਦੇ ਹੋਏ ਦੁੱਗਰੀ ਰੋਡ 'ਤੇ ਸਥਿਤ ਇਮਾਰਤਾਂ ਸ਼ਾਮਲ ਹਨ। ਇਨ੍ਹਾਂ ਇਮਾਰਤਾਂ ਦੇ ਨਿਰਮਾਣ ਲਈ ਨਾ ਤਾਂ ਨਕਸ਼ਾ ਪਾਸ ਹੋ ਸਕਦਾ ਹੈ ਅਤੇ ਨਾ ਹੀ ਫੀਸ ਜਮ੍ਹਾ ਕਰ ਕੇ ਰੈਗੂਲਰ ਕੀਤਾ ਜਾ ਸਕਦਾ ਹੈ, ਜਿਸ ਦੇ ਮੱਦੇਨਜ਼ਰ ਕਈ ਵਾਰ ਇਮਾਰਤਾਂ ਤੋੜਨ ਜਾਂ ਸੀਲਿੰਗ ਦੀ ਕਾਰਵਾਈ ਕੀਤੀ ਗਈ ਹੈ ਪਰ ਕੁਝ ਦੇਰ ਬਾਅਦ ਫਿਰ ਉਨ੍ਹਾਂ ਇਮਾਰਤਾਂ 'ਚ ਸ਼ੋਅਰੂਮ ਖੁੱਲ੍ਹ ਗਏ ਹਨ। ਇਨ੍ਹਾਂ 'ਚ ਬਾਂਸਲ ਸਵੀਟ, ਲੈਂਸਕਾਰਟ, ਬਰਗਰ ਬਾਈਟ, ਕਾਰ ਡਿਟੇਲਿੰਗ ਸਟੂਡੀਓ, ਕੁਲਚਾ ਕਲਚਰ, ਜੈਸਮੀਨ ਬੁਟੀਕ, ਸੇਠੀ ਸਟੱਡੀ ਸਰਕਲ ਸਮੇਤ ਕਈ ਫੂਡ ਜੁਆਇੰਟ, ਸ਼ੋਅਰੂਮ ਅਤੇ ਹਸਪਾਤਲ ਸ਼ਾਮਲ ਹਨ।ਇਸੇ ਤਰ੍ਹਾਂ ਜਿਸ ਗੁੱਜਰਖਾਂ ਕਾਲਜ ਰੋਡ 'ਤੇ ਨੋਟੀਫਿਕੇਸ਼ਨ ਜਾਰੀ ਨਾ ਹੋਣ ਕਾਰਨ 3 ਇਮਾਰਤਾਂ ਨੂੰ ਸੀਲ ਕੀਤਾ ਗਿਆ ਹੈ

## ਦੋ ਨੌਜਵਾਨ ਹੈਰੋਇਨ, ਇਕ ਇਲੈਕਟ੍ਰੋਨਿਕ ਕੰਡਾ ਤੇ 27000 ਰੁਪਏ ਭਾਰਤੀ ਕਰੰਸੀ ਸਮੇਤ ਗ੍ਰਿਫਤਾਰ

ਗੁਰਦਾਸਪੁਰ 2 ਅਕਤੂਬਰ। ਥਾਣਾ ਸਦਰ ਪੁਲਸ ਗੁਰਦਾਸਪੁਰ ਨੇ ਦੋ ਨੌਜਵਾਨਾਂ ਨੂੰ 60 ਗ੍ਰਾਮ ਹੈਰੋਇਨ, ਇਕ ਇਲੈਕਟ੍ਰੋਨਿਕ ਕੰਡਾ, 27000 ਰੁਪਏ ਭਾਰਤੀ ਕਰੰਸੀ ਸਮੇਤ ਗ੍ਰਿਫਤਾਰ ਕਰਕੇ ਮਾਮਲਾ ਦਰਜ ਕੀਤਾ ਹੈ। ਇਸ ਸਬੰਧੀ ਏ.ਐੱਸ.ਆਈ ਜੀਵਨ ਸਿੰਘ ਨੇ ਦੱਸਿਆ ਕਿ ਉਸ ਨੇ ਪੁਲਸ ਪਾਰਟੀ ਦੇ ਨਾਲ ਨਾਕਾਬੰਦੀ ਕੀਤੀ ਹੋਈ ਸੀ ਅਤੇ ਵਾਹਨਾਂ ਦੀ ਚੈਕਿੰਗ ਕੀਤੀ ਜਾ ਰਹੀ ਸੀ। ਇਸ ਦੌਰਾਨ ਪੁੱਲੀ ਮੰਗਲ ਹੁਸੈਣ ਤੋਂ ਦੋਸ਼ੀਆਂ ਸਾਜਨ ਮਸੀਹ ਪੁੱਤਰ ਪ੍ਰਵੀਨ ਮਸੀਹ ਵਾਸੀ ਭੋਪਰ ਸੈਦਾ, ਅਤੇ ਜਸਵੰਤ ਸਿੰਘ ਉਰਫ ਜੱਸਾ ਪੁੱਤਰ ਕੇਵਲ ਸਿੰਘ ਵਾਸੀ ਲੋਲੇਨੰਗਲ ਜੋ ਕਲਾਨੌਰ ਸਾਇਡ ਵਲੋਂ ਬਿਨਾਂ ਨੰਬਰ ਮੋਟਰਸਾਈਕਲ ਤੇ ਆ ਰਹੇ ਸਨ।

## ਸਰਕਾਰੀ ਨੌਕਰੀ ਦਵਾਉਣ ਬਦਲੇ 3 ਲੱਖ ਦੀ ਮਾਰੀ ਠੱਗੀ

ਤਰਨਤਾਰਨ 2 ਅਕਤੂਬਰ। ਥਾਣਾ ਸਿਟੀ ਪੱਟੀ ਦੀ ਪੁਲਸ ਨੇ ਸਰਕਾਰੀ ਨੌਕਰੀ ਦਵਾਉਣ ਬਦਲੇ 3 ਲੱਖ 10 ਹਜ਼ਾਰ ਦੀ ਠੱਗੀ ਮਾਰਨ ਦੇ ਮਾਮਲੇ ਵਿਚ ਇਕ ਵਿਅਕਤੀ ਨੂੰ ਨਾਮਜ਼ਦ ਕਰ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ। ਅਮਰੀਕ ਸਿੰਘ ਪੁੱਤਰ ਹਰਬੰਸ ਸਿੰਘ ਵਾਸੀ ਕੋਟ ਬੁੱਢਾ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ ਵਿਚ ਦੱਸਿਆ ਕਿ ਮਨਜੀਤ ਸਿੰਘ ਪੁੱਤਰ ਕਸ਼ਮੀਰ ਸਿੰਘ ਵਾਸੀ ਅੰਮ੍ਰਿਤਸਰ ਨੇ ਉਸਦੇ ਮੁੰਡੇ ਨੂੰ ਸਰਕਾਰੀ ਨੌਕਰੀ ਦਵਾਉਣ ਬਦਲੇ 3 ਲੱਖ 10 ਹਜ਼ਾਰ ਦੀ ਠੱਗੀ ਮਾਰੀ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਸਿਟੀ ਪੱਟੀ ਦੇ ਏ.ਐੱਸ.ਆਈ ਗੁਰਮੀਤ ਸਿੰਘ ਨੇ ਦੱਸਿਆ ਕਿ ਡੀ.ਐੱਸ.ਪੀ ਕਵਲਜੀਤ ਸਿੰਘ ਵੱਲੋਂ ਕੀਤੀ ਗਈ ਜਾਂਚ ਉਪਰੰਤ ਮਨਜੀਤ ਸਿੰਘ ਪੁੱਤਰ ਕਸ਼ਮੀਰ ਸਿੰਘ ਦੇ ਖਿਲਾਫ ਮਾਮਲਾ ਦਰਜ ਕਰਦੇ ਹੋਏ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।